Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 761, 03 to 09 Aug., 2023, Ph: 916-320-9444, E-mail: punjabmailusa@yahoo.com, Web: punjabmailusa.com

## ਹੁਣ ਅਮਰੀਕੀ ਨਾਗਰਿਕਾਂ ਨੂੰ ਯੂਰਪ ਜਾਣ ਲਈ ਲੈਣੀ ਪਵੇਗੀ ਪੂਰਵ-ਪ੍ਰਵਾਨਗੀ

**ਵਾਸ਼ਿੰਗਟਨ, (ਪੰਜਾਬ ਮੇਲ)-** 30 ਯੂਰਪੀਅਨ ਦੇਸ਼ਾਂ 'ਚ ਦਾਖਲ ਹੋਣ ਤੋਂ ਪਹਿਲਾਂ ਹੁਣ ਅਮਰੀਕੀ ਨਾਗਰਿਕਾਂ ਨੂੰ ਪੂਰਵ-ਪ੍ਰਵਾਨਗੀ ਦੀ ਲੋੜ ਹੋਵੇਗੀ। 2024 ਤੋਂ ਯੂ.ਐੱਸ. ਪਾਸਪੋਰਟ ਧਾਰਕਾਂ ਨੂੰ ਯੂਰਪ ਦੀ ਯਾਤਰਾ ਕਰਨ ਤੋਂ ਪਹਿਲਾਂ ਯੂਰਪੀਅਨ ਟਰੈਵਲ ਇਨਫਾਰਮੇਸ਼ਨ ਐਂਡ ਆਥੋਰਾਈਜ਼ੇਸ਼ਨ ਸਿਸਟਮ (ਈ.ਟੀ.ਆਈ.ਐੱਸ.ਏ.) ਦੁਆਰਾ ਅਧਿਕਾਰ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ।

■ **ਪਹਿਲਾਂ ਯੂ.ਐੱਸ. ਨਾਗਰਿਕ ਬਿਨਾਂ ਵੀਜ਼ਾ ਜਾਂਦੇ ਸਨ ਯੂਰਪ**




ਹੁਣ ਤੱਕ ਯੂ.ਐੱਸ. ਨਾਗਰਿਕ ਵੀਜ਼ਾ ਮੁਕਤ ਯੂਰਪ ਜਾਂਦੇ ਸਨ। ਯਾਨੀ ਕਿ ਉਨ੍ਹਾਂ ਨੂੰ ਯੂਰਪ ਜਾਣ ਲਈ ਵੀਜ਼ਾ ਦੀ ਲੋੜ ਨਹੀਂ ਹੁੰਦੀ ਸੀ। ਯੂ.ਐੱਸ. ਇਲੈਕਟ੍ਰਾਨਿਕ ਸਿਸਟਮ ਫਾਰ ਟ੍ਰੈਵਲ ਅਥਾਰਾਈਜ਼ੇਸ਼ਨ (ESTA) ਪ੍ਰਕਿਰਿਆ ਵਾਂਗ ਹੀ, ETIAS ਦਾ ਉਦੇਸ਼ ਸੁਰੱਖਿਆ ਨੂੰ ਵਧਾਉਣਾ ਅਤੇ ਯਾਤਰੀਆਂ ਲਈ ਸੁਚਾਰੂ ਪ੍ਰਵੇਸ਼ ਦੀ ਸਹੂਲਤ ਦੇਣਾ ਹੈ।

ETIAS ਇੱਕ ਯਾਤਰੀ ਦੇ ਪਾਸਪੋਰਟ ਨਾਲ ਜੁੜਿਆ ਇੱਕ ਇਲੈਕਟ੍ਰਾਨਿਕ ਯਾਤਰਾ ਅਧਿਕਾਰ ਹੈ। ਇਹ ਕਿਸੇ ਵੀ 180 ਦਿਨਾਂ ਦੀ ਮਿਆਦ ਦੇ ਅੰਦਰ 90 ਦਿਨਾਂ ਤੱਕ ਯੂਰਪੀਅਨ ਦੇਸ਼ਾਂ ਵਿਚ ਥੋੜ੍ਹੇ ਸਮੇਂ ਲਈ ਦਾਖਲਾ ਪ੍ਰਦਾਨ ਕਰਦਾ ਹੈ। ਹਾਲਾਂਕਿ, ਇੱਕ ETIAS ਆਟੋਮੈਟਿਕ ਐਂਟਰੀ ਦੀ ਗਾਰੰਟੀ ਨਹੀਂ ਦਿੰਦਾ ਹੈ। ਯੂਰਪ ਪਹੁੰਚਣ 'ਤੇ ਇੱਕ ਬਾਰਡਰ ਗਾਰਡ

■ ਬਾਕੀ ਖਬਰ ਸਫਾ 14 'ਤੇ

## ਪ੍ਰਵਾਸੀਆਂ ਦਾ ਕਤਲਗਾਹ ਬਣ ਗਿਆ ਹੈ ਮੈਕਸੀਕੋ

**ਮੈਕਸੀਕੋ, (ਪੰਜਾਬ ਮੇਲ)-** ਮੈਕਸੀਕੋ ਤੋਂ ਅਮਰੀਕਾ 'ਚ ਗੈਰ ਕਾਨੂੰਨੀ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਜਿੱਥੇ ਅਮਰੀਕਾ ਸਰਕਾਰ ਨੇ ਸਖਤੀ ਕੀਤੀ ਹੈ, ਉਥੇ ਮੈਕਸੀਕੋ ਵਿਚ ਉਨ੍ਹਾਂ ਨੂੰ ਲੁੱਟ-ਖਸੁੱਟ ਕੀਤੀ ਜਾ ਰਹੀ ਹੈ, ਇਸ ਦੇ ਨਾਲ-ਨਾਲ ਉਥੇ ਉਨ੍ਹਾਂ ਦੇ ਕਤਲ ਹੋਣ ਦੀਆਂ ਵੀ ਸੂਚਨਾਵਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਪਿਛਲੇ ਸਮੇਂ ਦੌਰਾਨ 8 ਪ੍ਰਵਾਸੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਹ ਲਾਸ਼ਾਂ ਦੱਖਣੀ ਜੁਆਰੇਜ਼ ਤੋਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪ੍ਰਵਾਸੀਆਂ ਦੀਆਂ ਗਲ਼ਾ ਘੁੱਟ ਕੇ ਹੱਤਿਆਵਾਂ ਕੀਤੀਆਂ ਗਈਆਂ ਹਨ।

■ ਬਾਕੀ ਖਬਰ ਸਫਾ 15 'ਤੇ

## ਅਮਰੀਕੀ ਸੰਸਦ ਮੈਂਬਰਾਂ ਵੱਲੋਂ ਗ੍ਰੀਨ ਕਾਰਡ ਲਈ ਭਾਰਤੀ ਬਿਨੈਕਾਰਾਂ ਨੂੰ ਪਹਿਲ ਦੇਣ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਜੋਅ ਬਾਇਡਨ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਗ੍ਰੀਨ ਕਾਰਡ ਲਈ ਭਾਰਤੀ ਬਿਨੈਕਾਰਾਂ ਨੂੰ ਪਹਿਲ ਦੇਣ ਲਈ ਕਦਮ ਚੁੱਕੇ, ਤਾਂ ਜੋ ਇਨ੍ਹਾਂ ਬਿਨੈਕਾਰਾਂ ਲਈ ਉਡੀਕ ਸਮਾਂ ਘਟਾਇਆ ਜਾ ਸਕੇ। ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਅਤੇ ਲੈਰੀ ਬੁਕਸ਼ਨ ਦੀ ਅਗਵਾਈ ਵਾਲੇ 56 ਸੰਸਦ ਮੈਂਬਰਾਂ ਦੇ ਇੱਕ ਦੋ-ਪੱਖੀ ਸਮੂਹ ਨੇ ਇਸ ਸਬੰਧ ਵਿਚ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੂੰ ਇੱਕ ਪੱਤਰ ਭੇਜਿਆ ਹੈ। ਪੱਤਰ ਵਿਚ ਅਮਰੀਕੀ ਸੰਸਦ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਬਿਊਰੋ ਆਫ ਕੌਂਸਲਰ ਅਫੇਅਰਜ਼ ਦੁਆਰਾ ਪ੍ਰਕਾਸ਼ਿਤ ਰੁਜ਼ਗਾਰ-ਆਧਾਰਿਤ ਵੀਜ਼ਾ ਬੁਲੇਟਿਨ ਵਿਚ ਰੁਜ਼ਗਾਰ-ਆਧਾਰਿਤ ਵੀਜ਼ਾ ਅਰਜ਼ੀਆਂ ਫਾਈਲ ਕਰਨ ਦੀਆਂ




ਸਾਰੀਆਂ ਤਾਰੀਖਾਂ ਨੂੰ "ਮੌਜੂਦ" ਵਜੋਂ ਚਿੰਨ੍ਹਿਤ ਕਰਨ ਦੀ ਵੀ ਅਪੀਲ ਕੀਤੀ।

ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਅਮਰੀਕਾ 'ਚ ਸਥਾਈ ਨਿਵਾਸ ਦੇ ਅਧਿਕਾਰ ਵਜੋਂ ਮਾਨਤਾ ਪ੍ਰਾਪਤ ਹੈ। ਫਿਲਹਾਲ ਗ੍ਰੀਨ ਕਾਰਡਾਂ ਦੀ ਵੰਡ ਨੂੰ ਲੈ ਕੇ ਹਰੇਕ ਦੇਸ਼ ਲਈ 7 ਫੀਸਦੀ ਦੀ ਸੀਮਾ ਤੈਅ ਕੀਤੀ ਗਈ ਹੈ। ਇਸ ਨਾਲ ਭਾਰਤ ਵਰਗੇ ਦੇਸ਼ਾਂ ਲਈ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ, ਜਿੱਥੇ ਜ਼ਿਆਦਾ ਬਿਨੈਕਾਰ ਹਨ। ਹਾਲਾਤ ਇਹ ਬਣ ਗਏ ਹਨ ਕਿ ਬੈਕਲਾਗ ਲਈ ਲੰਮਾ ਸਮਾਂ ਉਡੀਕ ਕਰਨੀ ਪੈਂਦੀ ਹੈ।

## ਅਮਰੀਕਾ ਤੋਂ ਕੋਕੀਨ ਲੰਘਾਉਣ ਦੇ ਦੋਸ਼ ਹੇਠ ਭਾਰਤੀ ਟਰੱਕ ਡਰਾਈਵਰ ਗ੍ਰਿਫ਼ਤਾਰ


**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਭਾਰਤੀ ਮੂਲ ਦੇ ਡਰਾਈਵਰ ਨੂੰ ਬੀਤੇ ਦਿਨੀਂ ਐਮਰਸਨ, ਮੈਨੀਟੋਬਾ ਬਾਰਡਰ ਤੋਂ ਆਪਣੇ ਕਮਰਸ਼ੀਅਲ ਟਰੱਕ ਰਾਹੀਂ 63 ਕਿਲੋ ਦੀ ਕਰੀਬ ਸ਼ੱਕੀ ਕੋਕੀਨ ਲੰਘਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਇੱਕ ਵਪਾਰਕ ਟਰੱਕ ਦੀ ਜਾਂਚ ਦੌਰਾਨ ਐਮਰਸਨ ਮੈਨੀਟੋਬਾ ਸਰਹੱਦ ਤੋਂ ਕੋਕੀਨ ਹੋਣ ਦਾ ਸ਼ੱਕ ਹੋਇਆ ਸੀ। ਉਨ੍ਹਾਂ ਵੱਲੋਂ ਜਾਂਚ ਕਰਨ 'ਤੇ ਟਰੱਕ ਵਿਚੋਂ 63 ਕਿਲੋ ਕੋਕੀਨ ਬਰਾਮਦ ਕੀਤੀ ਗਈ।



ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਅਨੁਸਾਰ ਦੱਖਣੀ ਮੈਨੀਟੋਬਾ ਵਿਚ ਐਮਰਸਨ ਬਾਰਡਰ ਦੀ ਐਂਟਰੀ ਜੋ ਪੇਮਬੀਨਾ, ਉੱਤਰੀ ਡਕੋਟਾ ਰਾਜ ਜੋ ਅਮਰੀਕਾ ਦੇ ਨਾਲ ਲੱਗਦਾ ਹੈ, ਬਾਰਡਰ ਸਰਵਿਸਿਜ਼ ਏਜੰਸੀ ਨੇ ਟਰੱਕ ਡਰਾਈਵਰ ਵਰਿੰਦਰ ਕੌਸ਼ਿਕ (31) ਵਾਸੀ ਵਿਨੀਪੈਗ, ਮੈਨੀਟੋਬਾ ਨੂੰ ਨਸ਼ੀਲੇ ਪਦਾਰਥ ਦੀ ਦਰਾਮਦ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਹੈ। ਏਜੰਸੀ ਨੇ ਕਿਹਾ ਕਿ ਇਹ ਨਸ਼ੀਲੇ ਪਦਾਰਥਾਂ ਦੀ ਅੰਦਾਜ਼ਨ ਕੀਮਤ 6 ਮਿਲੀਅਨ ਡਾਲਰ ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਕਿਸੇ ਵੀ ਮੈਨੀਟੋਬਾ ਬੰਦਰਗਾਹ ਤੋਂ ਇਹ ਸਭ ਤੋਂ ਵੱਡੀ ਨਸ਼ੀਲੇ ਪਦਾਰਥ ਦੀ ਬਰਾਮਦਗੀ ਹੈ।

## 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਪਲਟਾਉਣ ਦੀ ਕੋਸ਼ਿਸ਼ ਲਈ ਟਰੰਪ ਦੋਸ਼ੀ ਕਰਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੂੰ 2020 'ਚ ਹੋਈਆਂ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਲਈ ਯੂ.ਐੱਸ. ਕੈਪੀਟਲ ਉੱਤੇ ਆਪਣੇ ਸਮਰਥਕਾਂ ਰਾਹੀਂ ਹਿੰਸਾ ਕਰਵਾਉਣ ਦੇ ਮਾਮਲੇ ਵਿਚ ਮੰਗਲਵਾਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਜਸਟਿਸ ਡਿਪਾਰਟਮੈਂਟ ਵੱਲੋਂ ਰਾਸ਼ਟਰਪਤੀ ਦੀਆਂ ਸ਼ਕਤੀਆਂ ਨੂੰ ਸ਼ਾਂਤਮਈ ਢੰਗ ਨਾਲ ਤਬਦੀਲ ਕਰਨ ਦੇ ਰਾਹ ਵਿਚ ਅੜਿੱਕਾ ਡਾਹੁਣ ਤੇ ਅਮਰੀਕਾ ਦੀ ਜਮਹੂਰੀਅਤ ਨੂੰ ਖਤਰਾ ਪੈਦਾ ਕਰਨ ਲਈ ਇਸ ਤਰ੍ਹਾਂ ਦੇ ਮੁਜਰਮਾਨਾਂ ਢੰਗ ਦਾ ਸਹਾਰਾ ਲੈਣ ਵਾਸਤੇ ਟਰੰਪ ਨੂੰ ਦੋਸ਼ੀ ਐਲਾਨਿਆ ਗਿਆ ਹੈ।



ਟਰੰਪ ਖਿਲਾਫ ਇਹ ਤੀਜਾ ਮੁਜਰਮਾਨਾਂ ਮਾਮਲਾ ਸੀ, ਜਿਸ ਦੀ ਫੈਡਰਲ ਜਾਂਚ ਤੇ ਜਨਤਕ ਸੁਣਵਾਈ ਪਹਿਲਾਂ ਹੀ ਚੱਲ ਰਹੀ ਸੀ। ਜ਼ਿਕਰਯੋਗ ਹੈ ਕਿ ਚੋਣਾਂ ਦੇ ਨਤੀਜਿਆਂ ਬਾਰੇ ਟਰੰਪ ਵੱਲੋਂ ਝੂਠ ਬੋਲਿਆ ਗਿਆ ਤੇ ਉਸ ਸਮੇਂ ਵੀ ਉਨ੍ਹਾਂ ਕੁੱਝ ਨਹੀਂ ਆਖਿਆ, ਜਦੋਂ ਉਨ੍ਹਾਂ ਦੇ ਸਮਰਥਕ ਕੈਪੀਟਲ ਵੱਲ ਪੂਰੀ ਤੈਸ਼ ਵਿਚ ਆ ਕੇ ਵਧਣ ਲੱਗੇ।

■ ਬਾਕੀ ਖਬਰ ਸਫਾ 14 'ਤੇ

## ਅਮਰੀਕਾ ਐੱਚ-1ਬੀ ਅਰਜ਼ੀਕਰਤਾਵਾਂ ਨੂੰ ਇਕ ਹੋਰ ਮੌਕਾ ਦੇਵੇਗੀ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਕਿ ਸਾਲਾਨਾ ਕੈਪ ਨੂੰ ਪੂਰਾ ਕਰਨ ਲਈ ਦੂਜੀ ਲਾਟਰੀ ਰਾਹੀਂ ਪਹਿਲੇ ਅਰਜ਼ੀਕਰਤਾਵਾਂ ਨੂੰ ਇਕ ਵਾਰ ਫਿਰ ਦੋਬਾਰਾ ਮੌਕਾ ਦਿੱਤਾ ਜਾਵੇਗਾ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.) ਨੇ ਐਲਾਨ ਕੀਤਾ ਕਿ ਉਹ ਵਿੱਤੀ ਸਾਲ 2024 ਲਈ ਸਾਲਾਨਾ ਸੀਮਾ ਨੂੰ ਪੂਰਾ ਕਰਨ ਲਈ ਐੱਚ-1ਬੀ ਅਸਥਾਈ ਵਰਕ ਵੀਜ਼ਾ ਲਈ ਦੂਜੀ ਰੈਂਡਮ ਲਾਟਰੀ ਆਯੋਜਿਤ ਕਰੇਗੀ। ਇੱਕ ਸ਼ੁਰੂਆਤੀ ਲਾਟਰੀ ਇਸ ਸਾਲ ਦੇ ਮਾਰਚ ਵਿਚ ਆਯੋਜਿਤ ਕੀਤੀ ਗਈ ਸੀ, ਪਰ ਏਜੰਸੀ ਨੇ ਕਿਹਾ ਕਿ ਉਸਨੇ ਹਾਲ ਹੀ ਵਿਚ ਪਾਇਆ ਹੈ ਕਿ ਉਸਨੂੰ ਅਗਲੇ ਸਾਲ ਦੀ ਕੈਪ ਤੱਕ ਪਹੁੰਚਣ ਲਈ ਐੱਚ-1ਬੀ ਬਿਨੈਕਾਰਾਂ ਦੀ ਚੋਣ ਕਰਨ ਦੀ ਹੋਰ ਵਧੇਰੇ ਲੋੜ ਹੋਵੇਗੀ। ਇਹ ਨਹੀਂ ਦੱਸਿਆ ਗਿਆ ਕਿ ਲਾਟਰੀ ਕਦੋਂ ਹੋਵੇਗੀ।




■ ਬਾਕੀ ਖਬਰ ਸਫਾ 15 'ਤੇ

## ਦੁਬਈ 'ਚ ਰਚੀ ਗਈ ਸੀ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ : ਗੈਂਗਸਟਰ ਸਚਿਨ ਬਿਸ਼ਨੋਈ ਵੱਲੋਂ ਖੁਲਾਸਾ

**ਨਵੀਂ ਦਿੱਲੀ/ਜਲੰਧਰ, (ਪੰਜਾਬ ਮੇਲ)-** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਵੱਡਾ ਖੁਲਾਸਾ ਹੋਇਆ ਹੈ। ਦਿੱਲੀ ਪੁਲਿਸ ਦੀ ਪੁੱਛਗਿੱਛ ਵਿਚ ਗੈਂਗਸਟਰ ਸਚਿਨ ਬਿਸ਼ਨੋਈ ਨੇ ਖ਼ੁਲਾਸਾ ਕੀਤਾ ਕਿ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਦੁਬਈ ਵਿਚ ਰਚੀ ਗਈ ਸੀ। ਇੱਥੋਂ ਹੀ ਉਹ ਲਾਰੈਂਸ ਅਤੇ ਗੋਲਡੀ ਬਰਾੜ ਦੇ ਸੰਪਰਕ ਵਿਚ ਸੀ। ਮੂਸੇਵਾਲਾ ਦਾ ਕਤਲ ਲਾਰੈਂਸ ਦੇ ਕਹਿਣ 'ਤੇ ਹੀ ਹੋਇਆ ਸੀ। ਸਚਿਨ ਨੇ ਹੀ ਸ਼ੂਟਰਾਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ ਅਤੇ ਫਰਜ਼ੀ ਪਾਸਪੋਰਟ ਦੀ ਵਰਤੋਂ ਕਰਕੇ ਅਪ੍ਰੈਲ 'ਚ ਦੁਬਈ ਭੱਜ ਗਿਆ ਸੀ। ਸੂਤਰਾਂ ਮੁਤਾਬਕ ਪੁਲਿਸ

■ **ਕਿਹਾ : ਮੂਸੇਵਾਲਾ ਦਾ ਕਤਲ ਲਾਰੈਂਸ ਦੇ ਕਹਿਣ 'ਤੇ ਹੀ ਹੋਇਆ ਸੀ**



ਵੱਲੋਂ ਪੁੱਛਗਿੱਛ ਦੌਰਾਨ ਸਚਿਨ ਨੇ ਇਹ ਗੱਲ ਵੀ ਦੱਸੀ ਕਿ ਲਾਰੈਂਸ ਬਿਸ਼ਨੋਈ ਨੇ ਗੋਲਡੀ ਨਾਲ ਰਲ ਕੇ ਮੂਸੇਵਾਲਾ ਕਤਲ ਨੂੰ ਅੰਜ਼ਾਮ ਦੇਣ ਲਈ ਕਿਹਾ ਸੀ। ਸਚਿਨ ਦੇ ਦੱਸਿਆ ਕਿ ਦੁਬਈ ਵਿਚ ਹੀ ਉਸ ਦੀ

■ ਬਾਕੀ ਖਬਰ ਸਫਾ 15 'ਤੇ

## ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਲਈ 14 ਉਮੀਦਵਾਰ ਚੋਣ ਮੈਦਾਨ 'ਚ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਅਗਲੇ ਸਾਲ ਯਾਨੀ 2024 'ਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਲਈ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਡੋਨਾਲਡ ਟਰੰਪ ਵਿਚਾਲੇ ਪਹਿਲਾਂ ਤੋਂ ਹੀ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਟਰੰਪ ਸਮੇਤ 14 ਉਮੀਦਵਾਰ ਰਾਸ਼ਟਰ ਪ੍ਰਮੁੱਖ ਬਣਨ ਦੀ ਦੌੜ ਵਿਚ ਸ਼ਾਮਲ ਹਨ। ਹਾਲਾਂਕਿ ਇਸ ਦੌਰਾਨ ਇਸ ਅਹੁਦੇ ਲਈ ਕੁਝ ਭਾਰਤੀ-ਅਮਰੀਕੀ ਨੇਤਾਵਾਂ ਦੇ ਨਾਂ ਵੀ ਸਾਹਮਣੇ ਆ ਰਹੇ ਹਨ, ਜੋ ਅਮਰੀਕਾ ਨੂੰ ਬਿਹਤਰ ਬਣਾਉਣ ਲਈ ਟਰੰਪ ਨੂੰ ਹਰਾਉਣ ਦੀ ਕੋਸ਼ਿਸ਼ ਕਰਨਗੇ। ਦੱਸ ਦੇਈਏ ਕਿ ਵਿਵੇਕ ਰਾਮਾਸਵਾਮੀ, ਨਿੱਕੀ ਹੇਲੀ ਅਤੇ ਹਰਸ਼ਵਰਧਨ ਸਿੰਘ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਚੋਣ ਲੜਨਗੇ। ਹਾਲਾਂਕਿ ਸਾਰੀਆਂ ਕਾਨੂੰਨੀ ਚੁਣੌਤੀਆਂ ਦੇ ਬਾਵਜੂਦ ਟਰੰਪ 2024 ਲਈ ਰਿਪਬਲਿਕਨ ਪਾਰਟੀ ਦੇ ਨਾਮਜ਼ਦਗੀ ਦੀ ਦੌੜ ਵਿਚ ਸਭ ਤੋਂ ਅੱਗੇ ਹਨ। ਰਿਪਬਲਿਕਨ ਆਪਣੀ ਪਾਰਟੀ ਦੇ ਅਗਲੇ ਰਾਸ਼ਟਰਪਤੀ ਉਮੀਦਵਾਰ ਦੀ ਰਸਮੀ ਤੌਰ 'ਤੇ ਚੋਣ ਕਰਨ




■ ਬਾਕੀ ਖਬਰ ਸਫਾ 15 'ਤੇ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਹੋਈ























ਸੈਕਰਾਮੈਂਟੋ, (ਪੰਜਾਬ ਮੇਲ)- ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਇਕ ਅਹਿਮ ਮੀਟਿੰਗ ਤੰਦੂਰੀ ਗਰਿੱਲ ਐਂਡ ਸਵੀਟ ਸ਼ਾਪ ਸੈਕਰਾਮੈਂਟੋ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਸਭਾ ਦੇ ਮੈਂਬਰਾਂ ਅਤੇ ਆਏ ਮਹਿਮਾਨਾਂ ਵੱਲੋਂ ਮਰਹੂਮ ਪੰਜਾਬੀ ਲੋਕ ਗਾਇਕ ਜਨਾਬ ਸੁਰਿੰਦਰ ਛਿੰਦਾ ਨੂੰ ਸ਼ਰਧਾਂਜਲੀ ਭੇਂਟ ਕਰਕੇ ਕੀਤੀ ਗਈ। ਦੋ ਮਿੰਟ ਦਾ ਮੋਨ ਧਾਰ ਕੇ ਸੁਰਿੰਦਰ ਛਿੰਦਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਦੇ ਨਾਲ ਹੀ ਉੱਘੇ ਸਾਹਿਤਕਾਰ ਹਰਭਜਨ ਸਿੰਘ ਹੁੰਦਲ ਦੇ ਅਕਾਲ ਚਲਾਣੇ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਖਚਾਖਚ ਭਰੇ ਹਾਲ ਵਿਚ ਦੂਰੋਂ-ਨੇੜਿਓਂ ਆਣ ਕੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ।



ਸਭਾ ਦੇ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਬੋਲਦਿਆਂ ਦਿਲ ਨਿੱਜਰ ਨੇ ਸਭਾ ਦੀਆਂ ਆਉਣ ਵਾਲੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਪਰੰਤ ਯੂ.ਕੇ. ਤੋਂ ਆਏ ਮਹਿਮਾਨ ਪ੍ਰੋਫੈਸਰ ਹਰਜੀਤ ਸਿੰਘ ਅਸ਼ਕ ਅਤੇ ਉਨ੍ਹਾਂ ਦੀ ਧਰਮਪਤਨੀ ਜਗਮਿੰਦਰ ਕੌਰ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪੰਜਾਬੀ ਮਾਂ-ਬੋਲੀ 'ਚ ਯੋਗਦਾਨ ਪਾਉਣ ਲਈ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸ਼ਲਾਘਾ ਕੀਤੀ। ਕਵੀ ਸੰਮੇਲਨ ਵਿਚ ਹੋਰਨਾਂ ਤੋਂ ਇਲਾਵਾ ਪਰਗਟ ਸਿੰਘ ਹੁੰਦਲ, ਜੋਤੀ ਸਿੰਘ, ਗੁਰਜਤਿੰਦਰ ਸਿੰਘ ਰੰਧਾਵਾ, ਦਿਲ ਨਿੱਜਰ, ਗੁਰਦੀਪ ਕੌਰ, ਡਾ. ਕੋਮਲਪ੍ਰੀਤ ਕੌਰ ਭਿੰਡਰ, ਹਰਭਜਨ ਸਿੰਘ ਢਿੱਲੋਂ, ਭਾਗ ਸਿੰਘ ਸਾਰੋਂ, ਜਸਪਿੰਦਰ ਪਾਲ ਸਿੰਘ ਵਿਰਕ, ਫਕੀਰ ਸਿੰਘ ਮੱਲ੍ਹੀ, ਪ੍ਰੋਫੈਸਰ ਹਰਜੀਤ ਸਿੰਘ ਅਸ਼ਕ, ਬਿਕਰ ਸਿੰਘ ਮਾਨ, ਪ੍ਰਿੰਸੀਪਲ ਜਗਮਿੰਦਰ ਕੌਰ ਤੇ ਮਲਿਕ ਇਮਤਿਆਜ਼ ਨੇ ਆਪੋ-ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ, ਜੋ ਸਲਾਹੁਣਯੋਗ ਸੀ। ਇਸ ਮੌਕੇ ਸਭਾ ਵੱਲੋਂ ਪ੍ਰੋ. ਹਰਜੀਤ ਸਿੰਘ ਅਸ਼ਕ, ਪ੍ਰਿੰਸੀਪਲ ਜਗਮਿੰਦਰ ਕੌਰ ਅਤੇ ਡਾ. ਕੋਮਲਪ੍ਰੀਤ ਕੌਰ ਭਿੰਡਰ ਦਾ ਦੋਸ਼ਾਲਾ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸਭਾ ਵੱਲੋਂ ਚਾਹ, ਪਾਣੀ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ। ਕੁੱਲ ਮਿਲਾ ਕੇ ਇਹ ਮੀਟਿੰਗ ਆਪਣੀ ਵੱਖਰੀ ਪੈੜਾਂ ਛੱਡ ਗਈ।


UNITED SPORTS CLUB CALIFORNIA, AMERICA
GAKHAL GROUP
ਤੀਰਥ ਗਾਖਲ ਰੰਗ ਕਬੱਡੀ ਦੇ
DEDICATED TO
Late. Nashib Singh Gakhal
Late. Major Singh Bains
Late. Puran Singh
16th WORLD KABADDI CUP 17 SEPTEMBER 2023, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Amolak Singh Gakhal
Chief Patron, United Sports Club
Sponsor of 1st Prize
Diamond Trucking Stockton's
Gulvinder Gakhal, Nekj Atwal & Pinki Atwal
Sponsor of 2nd Prize
Sponsor of 3rd Prize
Jaswinder Boparai, Dalbir Boparai
Malkit Boparai, Gurdev Boparai
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Diamond Sponsor
Jagjit Singh Rakkar Ocean Transport
Kuljit Singh Nijjar White Hawk
Diamond Sponsor
Major Singh Natt
Jeeta Natt
Asian Food Center, Canada
Diamond Sponsor
Jaswant Dass Gill, Canada
Diamond Sponsor
Kashmir Singh Dhoot
OPENING
ਟੂਰਨਾਮੈਂਟ ਅਰੰਭਤਾ ਦੀ ਅਰਦਾਸ ਕਰਨਗੇ
ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ
ਭਾਈ ਇੰਦਰਜੀਤ ਸਿੰਘ ਜੀ ਖਾਲਸਾ
Inder Dosanjh
Dr. Navjot Dahiya
Many Grewal
Garry Singh
Surjit Singh Tut
Sewa Singh Randhawa
Jaspreet Singh Attorney
Dulla Surkhpur
Dr. Harcharn Gill
* DIAMOND SPONSORS
* KINGS SPORTS CLUB
* SHAEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
Surinder Singh Atwal
Tarlochan Singh Lachhar
Johan Singh Gill
Mike Boparai
Paul Sihota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Ball
Surinder Singh Atwal
Dulla Surkhpur
ਵਿਸ਼ੇਸ਼ ਸਨਮਾਨ
Kulwant Lasher
Johan Gill
Baljit Sandhu
Tirath Gakhal
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Harjinder Ladhar Advisor
Dalwinder Padda Advisor
Arundeep Singh Advisor
Baljinder Singh Advisor
Kirandeep Singh (Advisor)
Dhanna Coach Advisor
Gurnam Singh Wraich Advisor
ਸਵ. ਹਰਮਨ ਗਾਖਲ
ਦੇ ਪਰਿਵਾਰ ਦਾ ਯੂਨਾਈਟਡ ਸਪੋਰਟਸ ਕਲੱਬ, ਗਾਖਲ ਗਰੁੱਪ ਯੂ.ਐੱਸ.ਏ ਅਤੇ ਸਮੂਹ ਸੰਗਤ ਵਲੋਂ ਆਰਥਿਕ ਸਹਿਯੋਗ ਕੀਤਾ ਜਾਵੇਗਾ
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America/Charda Punjab Sports Club,
3. Baba Sang Ji Kabaddi Club
4. Shaheed Baba Deep Singh/Fateh Sports Club
GUEST OF HONOUR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Sukhdev Singh Bainwal
Pritam Singh Grewal
Bhupinder Singh Parmar
Amarjit Sangha
Pamma deol
Jaswant Singh Hothi
Joga Kang
Vicky Samipuria
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Amritpal Singh Nijjar
Jass Sohal
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Nirmal Singh Sahota
Lucky Sahota
Jaskaran Singh Dhaliwal
SP Singh
Amrik Chand Lakha CPA
Santokh Singh Judge
Ateetpal Singh
Arundeep Singh
Jagdeep Singh
Ruby Harkhowal
Tari Dubb
Jaswant Singh Sarai
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
All Kabaddi Lovers are openly Invited
Raja Sweets & Catering
ipv
LIVE KABADDI
jus punjabi
Spectator Have to reach at James Logan High School, International Law of Kabaddi will apply, United Sports Club has reserve the right for last decisions.

# ਹੜ੍ਹ ਪ੍ਰਭਾਵਿਤ ਲੋਕਾਂ ਲਈ ਡਾ. ਐੱਸ.ਪੀ. ਸਿੰਘ ਓਬਰਾਏ ਦੇ ਸੇਵਾ ਕਾਰਜ ਨਿਰੰਤਰ ਜਾਰੀ

- ਪਸ਼ੂਆਂ ਲਈ 250 ਕੁਇੰਟਲ ਮੱਕੀ ਦਾ ਅਚਾਰ, 300 ਮੱਛਰਦਾਨੀਆਂ, 500 ਓਡੋਮੋਸ ਦੇਣ ਤੋਂ ਇਲਾਵਾ ਪਸ਼ੂਆਂ ਦਾ ਮੈਡੀਕਲ ਕੈਂਪ ਲਾਇਆ
- ਇਲਾਕਾ ਨਿਵਾਸੀਆਂ ਨੇ ਕੀਤਾ ਡਾਕਟਰ ਓਬਰਾਏ ਦਾ ਧੰਨਵਾਦ


ਪਸ਼ੂਆਂ ਲਈ ਮੱਕੀ ਦਾ ਆਚਾਰ ਵੰਡਣ ਸਮੇਂ ਟਰੱਸਟ ਅਹੁੱਦੇਦਾਰ ਅਤੇ ਪਿੰਡ ਦੇ ਲੋਕ।

**ਤਰਨਤਾਰਨ/ਪੱਟੀ, (ਪੰਜਾਬ ਮੇਲ)**- ਪੰਜਾਬ ਦਾ ਬਹੁਤ ਵੱਡਾ ਹਿੱਸਾ ਇਸ ਸਮੇਂ ਪਾਣੀ ਦੀ ਮਾਰ ਹੇਠ ਹੈ। ਹਰੀਕੇ ਹੈੱਡ ਤੋਂ ਭਾਰੀ ਮਾਤਰਾ ਵਿਚ ਹਥਾੜ੍ਹ ਖੇਤਰ ਵਿਚ ਪਾਣੀ ਛੱਡੇ ਜਾਣ ਕਾਰਨ ਦਰਜਨਾਂ ਪਿੰਡਾਂ ਵਿਚ ਪਾਣੀ ਵਿਚ ਡੁੱਬੇ ਹੋਏ ਹਨ। ਇਸ ਔਖੀ ਘੜੀ ਵੇਲੇ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਉਂਦਿਆਂ ਦੁਨੀਆਂ ਭਰ 'ਚ ਰੱਬ ਦੇ ਫ਼ਰਿਸ਼ਤੇ ਵਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਆਪਣੇ ਸੇਵਾ ਕਾਰਜ ਨਿਰੰਤਰ ਜਾਰੀ ਰੱਖਦਿਆਂ ਹੁਣ 250 ਕੁਇੰਟਲ ਪਸ਼ੂਆਂ ਦਾ ਚਾਰਾ, 300 ਮੱਛਰਦਾਨੀਆਂ ਅਤੇ 500 ਓਡੋਮੋਸ ਸਮੇਤ ਵੱਡੀ ਮਾਤਰਾ ਵਿਚ ਪਸ਼ੂਆਂ ਦੀਆਂ ਦਵਾਈਆਂ ਦਿੱਤੀਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਫਿਰੋਜ਼ਪੁਰ ਅਤੇ ਤਰਨਤਾਰਨ ਜ਼ਿਲ੍ਹੇ ਦੀ ਸੰਨ੍ਹ ਵਿਚ ਆਉਂਦੇ ਪਿੰਡ ਕਾਲੇਕੇ ਹਥਾੜ, ਜੱਲੋਕੇ ਅਤੇ ਪਿੰਡ ਹੜ੍ਹਾਂ ਮਾਰ ਹੇਠ ਆਏ ਹੋਏ ਹਨ। ਝੋਨੇ ਦੀ ਫ਼ਸਲ ਤਬਾਹ ਹੋਣ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਵੀ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਟਰੱਸਟ ਦੀ ਤਰਨਤਾਰਨ ਟੀਮ ਵੱਲੋਂ ਕੀਤੇ ਸਰਵੇ ਅਤੇ ਇਲਾਕੇ ਤੋਂ ਪਸ਼ੂ ਖੁਰਾਕ ਦੀ ਆਈ ਮੰਗ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਆਪਣੀ ਉਕਤ ਟੀਮ ਰਾਹੀਂ ਪਸ਼ੂਆਂ ਲਈ ਮੱਕੀ ਦਾ ਆਚਾਰ, ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ ਅਤੇ ਬਾਕੀ ਹੋਰ ਰਾਹਤ ਦਾ ਲੋੜੀਂਦਾ ਸਮਾਨ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਗਿਆ ਹੈ।


ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਮੌਕੇ ਜਾਣਕਾਰੀ ਦਿੰਦਿਆਂ ਟਰੱਸਟ ਦੀ ਤਰਨ ਤਾਰਨ ਇਕਾਈ ਦੇ ਖਜ਼ਾਨਚੀ ਡਾਕਟਰ ਇੰਦਰਪ੍ਰੀਤ ਸਿੰਘ ਧਾਮੀ ਨੇ ਦੱਸਿਆ ਕਿ ਡਾਕਟਰ ਓਬਰਾਏ ਦੀ ਸਰਪ੍ਰਸਤੀ ਹੇਠ ਟਰੱਸਟ ਵੱਲੋਂ ਉਪਰੋਕਤ ਸਾਰਾ ਸਮਾਨ ਵੰਡ ਦਿੱਤਾ ਗਿਆ ਹੈ ਅਤੇ ਡਾ. ਓਬਰਾਏ ਨੇ ਇਹ ਵਿਸ਼ਵਾਸ ਵੀ ਦਿਵਾਇਆ ਹੈ, ਜਿਸ ਸਮਾਨ ਦੀ ਹੋਰ ਜ਼ਰੂਰਤ ਹੋਵੇਗੀ, ਉਹ ਵੀ ਉਨ੍ਹਾਂ ਦੁਆਰਾ ਭੇਜਿਆ ਜਾਵੇਗਾ।

ਇਸ ਦੌਰਾਨ ਪਿੰਡ ਕਾਲੇਕੇ ਹਥਾੜ ਦੇ ਸਰਪੰਚ ਮਨਦੀਪ ਸਿੰਘ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵਿਸ਼ੇਸ਼ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ 10 ਦਿਨ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ ਕਿ ਸਾਡੇ ਪਿੰਡ ਪਾਣੀ ਦੀ ਮਾਰ ਹੇਠ ਆਏ ਹੋਏ ਹਨ। ਸਾਡੀਆਂ ਸਾਰੀਆਂ ਫਸਲਾਂ ਮਰ ਗਈਆਂ ਹਨ, ਹਰਾ ਚਾਰਾ ਪਾਣੀ ਦੀ ਮਾਰ ਹੇਠ ਆਉਣ ਕਾਰਨ ਸਾਡੇ ਪਸ਼ੂਆਂ ਦਾ ਬਹੁਤ ਔਖਾ ਸੀ, ਜਿਸ ਨੂੰ ਵੇਖਦਿਆਂ ਡਾ. ਓਬਰਾਏ ਵੱਲੋਂ ਸਾਨੂੰ ਪਸ਼ੂਆਂ ਲਈ ਮੱਕੀ ਦਾ ਆਚਾਰ, ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ, ਓਡੋਮੋਸ ਆਦਿ ਸਮਾਨ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਪਹਿਲੀ ਸੰਸਥਾ ਹੈ, ਜਿਸ ਨੇ ਆ ਕੇ ਸਾਡੀ ਬਾਂਹ ਫੜੀ ਹੈ। ਅਸੀਂ ਸਮੂਹ ਇਲਾਕਾ ਨਿਵਾਸੀਆਂ ਡਾ. ਓਬਰਾਏ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ, ਵਾਈਸ ਪ੍ਰਧਾਨ ਵਿਸ਼ਾਲ ਸੂਦ ਗੁਰਪ੍ਰੀਤ ਸਿੰਘ ਜੋਤੀਸਾਹ, ਪ੍ਰਿੰਸੀਪਲ ਜਗਮੋਹਨ ਸਿੰਘ ਭੱਲਾ, ਸਤਨਾਮ ਸਿੰਘ ਅਤੇ ਗੁਰਲਾਲ ਸਿੰਘ ਹਾਜ਼ਰ ਸਨ।

# ਉੱਘੇ ਸਮਾਜ ਸੇਵਕ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਜਲੰਧਰ ਜ਼ਿਲ੍ਹੇ 'ਚ ਰਾਹਤ ਕਾਰਜ ਜਾਰੀ


ਟਰੱਸਟ ਵੱਲੋਂ ਆਈ ਰਾਹਤ ਸਮੱਗਰੀ ਨਾਲ ਸਮਾਜ ਸੇਵਕ ਗੁਰਨਾਮ ਸਿੰਘ, ਮਾਸਟਰ ਰਾਕੇਸ਼ ਕੁਮਾਰ ਅਤੇ ਹੋਰ।

- ਹੁਣ ਹੜ੍ਹ ਪੀੜਤਾਂ ਲਈ ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ ਤੇ ਹੋਰ ਲੋੜੀਂਦਾ ਸਮਾਨ ਭੇਜਿਆ

**ਜਲੰਧਰ, (ਪੰਜਾਬ ਮੇਲ)**- ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਕੁਝ ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ, ਜਿਸ ਕਾਰਨ ਵੱਡੇ ਪੱਧਰ 'ਤੇ ਫ਼ਸਲਾਂ ਬਰਬਾਦ ਹੋਣ ਦੇ ਨਾਲ-ਨਾਲ ਆਮ ਜੀਵਨ ਵੀ ਅਸਤ ਵਿਅਸਤ ਹੋਇਆ ਪਿਆ ਹੈ। ਇਸ ਮੁਸ਼ਕਿਲ ਘੜੀ ਦੌਰਾਨ ਲੋੜਵੰਦਾਂ ਦੇ ਮਸੀਹੇ ਵਜੋਂ ਜਾਣੇ ਜਾਂਦੇ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਜਲੰਧਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਵੱਡੇ ਪੱਧਰ 'ਤੇ ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ ਤੇ ਹੋਰ ਲੋੜੀਂਦਾ ਸਮਾਨ ਭੇਜਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਕਿਹਾ ਕਿ ਪੰਜਾਬ ਇਸ ਸਮੇਂ ਹੜ੍ਹਾਂ ਕਾਰਨ ਮੁਸ਼ਕਿਲ ਦੌਰ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਦਾ ਵੱਡਾ ਹਿੱਸਾ ਇਸ ਸਮੇਂ ਪਾਣੀ ਦੀ ਮਾਰ ਹੇਠ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਸ ਮੁਸ਼ਕਿਲ ਸਮੇਂ ਪੰਜਾਬ ਦੇ ਲੋਕਾਂ ਨਾਲ ਖੜ੍ਹਾ ਹੈ। ਇਨ੍ਹਾਂ ਹਲਾਤਾਂ ਨੂੰ ਬਿਹਤਰ ਬਣਾਉਣ ਲਈ ਜਿਸ ਤਰ੍ਹਾਂ ਦੀ ਸਹਾਇਤਾ ਦੀ ਜ਼ਰੂਰਤ ਹੋਵੇਗੀ, ਟਰੱਸਟ ਉਹ ਜ਼ਰੂਰਤਾਂ ਪੂਰੀਆਂ ਕਰਨ ਵਿਚ ਪ੍ਰਸ਼ਾਸਨ ਤੇ ਲੋਕਾਂ ਨੂੰ ਹਰ ਪੱਖ ਤੋਂ ਸਹਿਯੋਗ ਦੇਵੇਗਾ। ਉਨ੍ਹਾਂ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੇ ਸਤਲੁਜ ਕੰਢੇ ਵਾਲੇ ਪ੍ਰਭਾਵਿਤ ਖੇਤਰਾਂ ਤੋਂ ਟਰੱਸਟ ਦੀ ਜਲੰਧਰ ਇਕਾਈ ਦੇ ਮੈਂਬਰਾਂ ਵੱਲੋਂ ਜ਼ਮੀਨੀ ਪੱਧਰ 'ਤੇ ਲੋੜੀਂਦੇ ਸਮਾਨ ਦੀ ਭੇਜੀ ਗਈ ਲਿਸਟ ਅਨੁਸਾਰ ਲੋੜੀਂਦੀਆਂ ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ, ਓਡੋਮੋਸ, ਸੈਨਟਰੀ ਪੈਡ ਆਦਿ ਜ਼ਰੂਰੀ ਵਸਤਾਂ ਲੋੜਵੰਦਾਂ ਤੱਕ ਪੁੱਜਦਾ ਕਰ ਦਿੱਤੀਆਂ ਗਈਆਂ ਹਨ।

ਇਸ ਮੌਕੇ ਗੱਲਬਾਤ ਕਰਦਿਆਂ ਸਮਾਜ ਸੇਵਕ ਗੁਰਨਾਮ ਸਿੰਘ ਅਤੇ ਮਾਸਟਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਡਾਕਟਰ ਓਬਰਾਏ ਵੱਲੋਂ ਭਾਰੀ ਮਾਤਰਾ ਵਿਚ ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ, ਓਡੋਮੋਸ ਅਤੇ ਔਰਤਾਂ ਦੀ ਵਰਤੋਂ ਲਈ ਜੋ ਸੈਨਟਰੀ ਪੈਡ ਆਦਿ ਭੇਜੇ ਗਏ ਸਨ, ਉਹ ਅੱਜ ਸਤਲੁਜ ਦੇ ਕੰਢੇ ਵੱਸੇ ਬੂੜੇਵਾਲ, ਬਾਗੀਆਂ ਖੁਰਦ, ਹਜ਼ਾਤੇਵਾਲ, ਸ਼ੇਰੇ ਵਾਲਾ, ਕੰਨੀਆਂ ਖੁਰਦ ਕੰਨੀਆਂ ਆਦਿ ਪਿੰਡਾਂ ਵਿਚ ਘਰ-ਘਰ ਜਾ ਕੇ ਤਕਸੀਮ ਕਰ ਦਿੱਤੇ ਗਏ ਹਨ। ਉਨ੍ਹਾਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਵੱਲੋਂ ਜਿੰਨੀ ਮਾਤਰਾ ਵਿਚ ਸਹਾਇਤਾ ਦੀ ਮੰਗ ਕੀਤੀ ਗਈ ਸੀ, ਉਸ ਤੋਂ ਕਿਤੇ ਵੱਡੇ ਪੱਧਰ 'ਤੇ ਟਰੱਸਟ ਵੱਲੋਂ ਰਾਹਤ ਸਮੱਗਰੀ ਸਾਨੂੰ ਭੇਜੀ ਗਈ ਹੈ।

ਇਸ ਮੌਕੇ ਦੀਪਕ ਸੂਦ ਆਗੂ ਆਮ ਆਦਮੀ ਪਾਰਟੀ, ਕਾਮਰੇਡ ਮਿਹਰ ਸਿੰਘ ਖੁਰਲਾਪੁਰ, ਕਾਮਰੇਡ ਗੁਰਚਰਨ ਸਿੰਘ ਵੀ ਹਾਜ਼ਰ ਸਨ।



# ਜਲੰਧਰ 'ਚ ਫਰਜ਼ੀ ਐੱਨ.ਆਰ.ਆਈ. ਮੈਰਿਜ ਸਰਵਿਸ ਦਾ ਪਰਦਾਫਾਸ਼

**ਜਲੰਧਰ, (ਪੰਜਾਬ ਮੇਲ)-** ਕਮਿਸ਼ਨਰੇਟ ਪੁਲਿਸ ਨੇ ਫਰਜ਼ੀ ਐੱਨ.ਆਰ.ਆਈ. ਸਰਵਿਸ ਦਾ ਦਫਤਰ ਖੋਲ੍ਹ ਕੇ ਐੱਨ.ਆਰ.ਆਈਜ਼ ਨੂੰ ਵਿਆਹ ਦਾ ਝਾਂਸਾ ਦੇ ਕੇ ਰਜਿਸਟ੍ਰੇਸ਼ਨ ਫੀਸ ਲੈ ਕੇ ਠੱਗੀ ਮਾਰਨ ਵਾਲੇ 2 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਫਰਜ਼ੀਵਾੜਾ ਐੱਮ.ਐੱਸ.ਸੀ.ਆਈ.ਟੀ. ਅਤੇ ਐੱਮ.ਏ. ਇਕਨਾਮਿਕਸ ਦੇ ਸਟੂਡੈਂਟਸ ਕਰ ਰਹੇ ਸਨ, ਜਿਹੜੇ ਦਫਤਰ ਵੀ ਪਾਰਟਨਰਸ਼ਿਪ ਵਿਚ ਚਲਾ ਰਹੇ ਸਨ। ਪੁਲਿਸ ਦੀ ਮੰਨੀਏ ਤਾਂ ਮੁਲਜ਼ਮ 3 ਸਾਲਾਂ ਵਿਚ ਐੱਨ.ਆਰ.ਆਈਜ਼ ਤੋਂ ਇਕ ਕਰੋੜ ਰੁਪਏ ਤੋਂ ਵੀ ਜ਼ਿਆਦਾ ਪੈਸੇ ਠੱਗ ਚੁੱਕੇ ਹਨ। ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਦਰਜੀਤ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਬੱਸ ਸਟੈਂਡ ਚੌਕੀ ਅਧੀਨ ਛਿਨਮਸਤਿਕਾ ਬਿਲਡਿੰਗ ਦੀ ਚੌਥੀ ਮੰਜ਼ਿਲ 'ਤੇ ਖੁੱਲ੍ਹੇ ਐੱਨ.ਆਰ.ਆਈ. ਮੈਰਿਜ ਸਰਵਿਸ ਵਿਚ ਵੱਡੇ ਪੱਧਰ 'ਤੇ ਐੱਨ.ਆਰ.ਆਈਜ਼ ਨਾਲ ਫਰਾਡ ਕੀਤਾ ਜਾ ਰਿਹਾ ਹੈ।




ਸੀ.ਪੀ. ਨੇ ਦੱਸਿਆ ਕਿ ਦਫਤਰ ਦੇ ਮਾਲਕ ਰੋਹਿਤ ਪੁੱਤਰ ਰੰਜਨ ਨਿਵਾਸੀ ਉਪਕਾਰ ਨਗਰ ਅਤੇ ਆਨੰਦ ਸ਼ੁਕਲਾ ਪੁੱਤਰ ਰਾਮ ਭਵਨ ਨਿਵਾਸੀ ਨਿਊ ਅਮਰੀਕ ਨਗਰ ਨੇ ਐੱਨ.ਆਰ.ਆਈ. ਮੈਰਿਜ ਸਰਵਿਸ ਦੇ ਨਾਂ ਦਾ ਐਪ ਵੀ ਬਣਾਇਆ ਸੀ, ਜਿਸ ਵਿਚ ਉਨ੍ਹਾਂ ਵਰਚੁਅਲ ਨੰਬਰ ਪਾਏ ਹੋਏ ਹਨ, ਜਦੋਂਕਿ ਹੋਰ ਰਜਿਸਟ੍ਰੇਸ਼ਨ ਮੈਟਰੀਮੋਨੀਅਲ ਵੈੱਬਸਾਈਟਸ ਤੋਂ ਨੌਜਵਾਨਾਂ ਦੀ ਪ੍ਰੋਫਾਈਲ ਕਾਪੀ ਕਰਕੇ ਉਸਨੂੰ ਮੋਡੀਫਾਈ ਕਰਕੇ ਉਹ ਆਪਣੇ ਐਪ ਵਿਚ ਪਾ ਦਿੰਦੇ ਸਨ। ਮੁਲਜ਼ਮ ਅਖਬਾਰਾਂ ਵਿਚ ਮੈਟਰੀਮੋਨੀਅਲ ਇਸ਼ਤਿਹਾਰਾਂ ਵਿਚੋਂ ਐੱਨ.ਆਰ.ਆਈਜ਼ ਦੇ ਮੋਬਾਇਲ ਨੰਬਰ ਲੈ ਕੇ ਉਹ (ਐੱਨ.ਆਰ.ਆਈ.) ਜਿਸ ਵੀ ਕੰਟਰੀ ਵਿਚ ਹੁੰਦੇ ਸਨ, ਉਥੋਂ ਦੇ ਲੋਕਲ ਨੰਬਰ ਤੋਂ ਜਲੰਧਰ ਵਿਚ ਬੈਠ ਕੇ ਕਾਲ ਕਰ ਦਿੰਦੇ ਸਨ ਅਤੇ ਆਪਣੇ ਐਪ ਵਿਚ ਮੋਡੀਫਾਈ ਕਰਕੇ ਪਾਈ ਗਈ ਪ੍ਰੋਫਾਈਲ ਦਿਖਾ ਕੇ ਐੱਨ.ਆਰ. ਆਈਜ਼ ਦੀ ਪ੍ਰੋਫਾਈਲ ਬਣਾ ਕੇ ਡਾਲਰਾਂ ਵਿਚ ਰਜਿਸਟ੍ਰੇਸ਼ਨ ਫੀਸ ਟਰਾਂਸਫਰ ਕਰਵਾ ਲੈਂਦੇ ਸਨ।

ਪੈਸੇ ਆਉਣ ਤੋਂ ਬਾਅਦ ਮੁਲਜ਼ਮ ਜਾਂ ਤਾਂ ਆਪਣਾ ਨੰਬਰ ਬਦਲ ਲੈਂਦੇ ਸਨ ਜਾਂ ਫਿਰ ਐੱਨ.ਆਰ.ਆਈ. ਦੇ ਫੋਨ ਚੁੱਕਣੇ ਬੰਦ ਕਰ ਦਿੰਦੇ ਸਨ। ਇਸ ਸਾਰੇ ਧੰਦੇ ਲਈ ਮੁਲਜ਼ਮ ਆਪਣੇ ਦਫਤਰ ਵਿਚ ਵਰਚੁਅਲ ਮੋਬਾਇਲ ਨੰਬਰਾਂ ਦੇ ਨਾਲ-ਨਾਲ ਲੈਪਟਾਪ, ਕੰਪਿਊਟਰ ਅਤੇ ਲੈਂਡਲਾਈਨ ਫੋਨ ਦੀ ਵੀ ਵਰਤੋਂ ਕਰਦੇ ਸਨ। ਸੀ.ਆਈ.ਏ. ਸਟਾਫ ਦੀ ਟੀਮ ਨੇ ਉਨ੍ਹਾਂ ਦੇ ਦਫਤਰ ਵਿਚ ਰੇਡ ਕਰ ਕੇ ਰੋਹਿਤ ਅਤੇ ਆਨੰਦ ਨੂੰ ਗ੍ਰਿਫ਼ਤਾਰ ਕਰ ਕੇ ਦਫਤਰ ਵਿਚੋਂ 7 ਕੰਪਿਊਟਰ, ਮੋਬਾਇਲ, 3 ਲੈਪਟਾਪ, ਟੈਲੀਫੋਨ ਅਤੇ 16,500 ਰੁਪਏ ਬਰਾਮਦ ਕੀਤੇ ਹਨ। ਮੁਲਜ਼ਮਾਂ ਨੇ ਦਫਤਰ ਵਿਚ ਸਟਾਫ ਵੀ ਰੱਖਿਆ ਹੋਇਆ ਸੀ। ਸੀ.ਪੀ. ਚਾਹਲ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਵਿਚ ਹੋਰਨਾਂ ਲੋਕਾਂ ਦੇ ਨਾਂ ਵੀ ਸਾਹਮਣੇ ਆਏ ਹਨ, ਜਿਨ੍ਹਾਂ ਦੀ ਭਾਲ ਵਿਚ ਉਹ ਰੇਡ ਕਰ ਰਹੇ ਹਨ। ਮੁਲਜ਼ਮ ਰਿਮਾਂਡ 'ਤੇ ਹਨ, ਜਿਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ੴ ਸਤਿਗੁਰ ਪ੍ਰਸਾਦਿ ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ। ਘਲੇ ਆਵੇ ਨਾਨਕਾ ਸਦੇ ਉਠੀ ਜਾਹਿ ॥

# ਸੁਖਦੇਵ ਸਿੰਘ ਹੁੰਦਲ ਨੂੰ ਸਦਮਾ: ਪਤਨੀ ਸਵਰਗਵਾਸ



ਸਵ. ਮਹਿੰਦਰ ਕੌਰ ਹੁੰਦਲ

**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸ਼ਖਸੀਅਤ ਸ. ਸੁਖਦੇਵ ਸਿੰਘ ਹੁੰਦਲ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਮਹਿੰਦਰ ਕੌਰ ਹੁੰਦਲ ਬੀਤੀ 28 ਜੁਲਾਈ ਨੂੰ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਪਰਲੋਕ ਸਿਧਾਰ ਗਏ। ਉਹ 81 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਭਗੌਰਾ, ਜ਼ਿਲ੍ਹਾ ਨਵਾਂਸ਼ਹਿਰ ਸੀ ਅਤੇ ਉਹ ਪਿਛਲੇ ਲੰਮੇ ਸਮੇਂ ਤੋਂ ਰੀਨੋ (ਨਵਾਡਾ) ਅਤੇ ਫਿਰ ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ ਰਹਿ ਰਹੇ ਸਨ। ਉਹ ਆਪਣੇ ਪਿੱਛੇ 2 ਬੇਟੇ ਅਤੇ ਭਰੇ-ਪੂਰੇ ਪਰਿਵਾਰ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ।

ਉਨ੍ਹਾਂ ਦਾ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 7 ਅਗਸਤ, ਦਿਨ ਸੋਮਵਾਰ ਨੂੰ ਸਵੇਰੇ 10 ਵਜੇ Sacramento Memorial Lawn 6100 Stockton Blvd, Sacramento, CA 95824 ਵਿਖੇ ਹੋਵੇਗਾ।

ਉਪਰੰਤ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ 7733 Elk Grove Florin Rd. Sacramento, CA 95829 ਵਿਖੇ ਅੰਤਿਮ ਅਰਦਾਸ ਹੋਵੇਗੀ।

ਹੋਰ ਜਾਣਕਾਰੀ ਲਈ ਫੋਨ ਕਰੋ

ਸੁਖਦੇਵ ਸਿੰਘ ਹੁੰਦਲ: 775-750-1315



# ਐੱਨ.ਆਈ.ਏ. ਵੱਲੋਂ ਖਾਲਸਾ ਏਡ ਦੀ ਭਾਰਤ ਇਕਾਈ ਦੇ ਮੁਖੀ ਦੇ ਟਿਕਾਣਿਆਂ 'ਤੇ ਛਾਪੇ

**■ ਮੋਬਾਈਲ ਫੋਨ ਤੇ ਕਈ ਦਸਤਾਵੇਜ਼ ਕੀਤੇ ਜ਼ਬਤ**



ਪਟਿਆਲਾ 'ਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਖਾਲਸਾ ਏਡ ਭਾਰਤ ਦੇ ਮੁਖੀ ਅਮਰਪ੍ਰੀਤ ਸਿੰਘ।

**ਪਟਿਆਲਾ, (ਪੰਜਾਬ ਮੇਲ)-** ਕੇਂਦਰੀ ਜਾਂਚ ਏਜੰਸੀ ਐੱਨ.ਆਈ.ਏ. ਵੱਲੋਂ ਖਾਲਸਾ ਏਡ ਦੀ ਭਾਰਤ ਇਕਾਈ ਦੇ ਮੁਖੀ ਅਮਰਪ੍ਰੀਤ ਸਿੰਘ ਦੇ ਪਟਿਆਲਾ ਸਥਿਤ ਤਵੱਕਲੀ ਮੋੜ ਸਥਿਤ ਘਰ ਅਤੇ ਇਥੋਂ ਦੀ ਰਿਸ਼ੀ ਕਲੋਨੀ ਵਿਚਲੇ ਦਫ਼ਤਰ ਅਤੇ ਗੁਦਾਮ ਵਿਚ ਛਾਪਾ ਮਾਰਿਆ ਗਿਆ। ਉਨ੍ਹਾਂ ਦੇ ਘਰ ਪੁੱਜੀ ਵੀਹ ਮੈਂਬਰੀ ਟੀਮ ਨੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਮੋਬਾਈਲ ਫੋਨ ਜ਼ਬਤ ਕੀਤਾ। ਇਸ ਮਗਰੋਂ ਕਈ ਘੰਟਿਆਂ ਤੱਕ ਚੱਲੀ ਤਲਾਸ਼ੀ ਮੁਹਿੰਮ ਦੌਰਾਨ ਘਰੋਂ ਤੇ ਦਫ਼ਤਰੋਂ ਕਈ ਦਸਤਾਵੇਜ਼ ਜ਼ਬਤ ਕਰ ਕੇ ਟੀਮ ਨਾਲ ਲੈ ਗਈ। ਇਨ੍ਹਾਂ 'ਚ ਬੈਂਕ ਸਟੇਟਮੈਂਟਸ ਵੀ ਸ਼ਾਮਲ ਸਨ। ਅਧਿਕਾਰੀਆਂ ਨੇ ਅਮਰਪ੍ਰੀਤ ਸਿੰਘ ਨੂੰ ਕੁਝ ਦਸਤਾਵੇਜ਼ ਲੈ ਕੇ 3 ਅਗਸਤ ਨੂੰ ਏਜੰਸੀ ਦੇ ਦਿੱਲੀ ਸਥਿਤ ਦਫ਼ਤਰ 'ਚ ਪਹੁੰਚਣ ਦੀ ਹਦਾਇਤ ਵੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਆਪਣੀਆਂ ਸਮਾਜ ਸੇਵੀ ਸਰਗਰਮੀਆਂ ਨੂੰ ਲੈ ਕੇ 'ਖਾਲਸਾ ਏਡ' ਵਿਸ਼ਵ ਪੱਧਰ 'ਤੇ ਨਿਵੇਕਲੀ ਪਹਿਚਾਣ ਰੱਖਦੀ ਹੈ। ਪੰਜਾਬ ਤੇ ਹਰਿਆਣਾ 'ਚ ਆਏ ਤਾਜ਼ਾ ਹੜ੍ਹਾਂ ਦੌਰਾਨ ਵੀ ਖਾਲਸਾ ਏਡ ਵੱਲੋਂ ਅਮਰਪ੍ਰੀਤ ਸਿੰਘ ਦੀ ਅਗਵਾਈ ਹੇਠ ਸੇਵਾ ਜਾਰੀ ਹੈ।

ਇਸੇ ਦੌਰਾਨ ਖਾਲਸਾ ਏਡ ਦੀ ਭਾਰਤ ਇਕਾਈ ਦੇ ਮੁਖੀ ਅਮਰਪ੍ਰੀਤ ਸਿੰਘ ਨੇ ਸ਼ਾਮ ਵੇਲੇ ਪ੍ਰੈੱਸ ਕਾਨਫਰੰਸ ਕਰਕੇ ਏਜੰਸੀ ਵੱਲੋਂ ਉਨ੍ਹਾਂ ਦਾ ਫੋਨ ਤੇ ਕਈ ਦਸਤਾਵੇਜ਼ ਜ਼ਬਤ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ 3 ਅਗਸਤ ਨੂੰ ਦਿੱਲੀ ਸਥਿਤ ਦਫ਼ਤਰ 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਨੇ ਐੱਨ.ਆਈ.ਏ. ਦੀ ਇਸ ਕਾਰਵਾਈ ਨੂੰ ਖਾਲਸਾ ਏਡ ਵੱਲੋਂ ਕੀਤੀ ਜਾ ਰਹੀ ਸੇਵਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਅਮਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਤੋਂ ਚੰਗਾ ਛਾਪੇ ਤੋਂ ਪਹਿਲਾਂ ਹੀ ਸੰਮਨ ਭੇਜ ਕੇ ਬੁਲਾ ਲਿਆ ਜਾਂਦਾ। ਉਨ੍ਹਾਂ ਕਿਹਾ ਕਿ ਛਾਪੇ ਮਾਰ ਕੇ ਉਨ੍ਹਾਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਐਲਾਨ ਕੀਤਾ ਕਿ ਖਾਲਸਾ ਏਡ ਵੱਲੋਂ ਪੰਜਾਬ ਅਤੇ ਹਰਿਆਣਾ ਵਿਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਲਈ ਚਲਾਏ ਜਾ ਰਹੇ ਕਰੀਬ 20 ਪ੍ਰਾਜੈਕਟ ਜਾਰੀ ਰਹਿਣਗੇ ਅਤੇ ਇਹ ਸੇਵਾ ਅਜਿਹੇ ਛਾਪਿਆਂ ਤੋਂ ਡਰ ਕੇ ਰੁਕਣ ਵਾਲੀ ਨਹੀਂ ਹੈ। ਪ੍ਰੈੱਸ ਕਾਨਫਰੰਸ ਦੌਰਾਨ ਮੈਨੇਜਰ ਗੁਰਪ੍ਰੀਤ ਸਿੰਘ ਵੀ ਮੌਜੂਦ ਸਨ।

# ਮੁੱਖ ਮੰਤਰੀ ਮਾਨ ਦਾ ਇੱਕ ਹੋਰ ਮੰਤਰੀ ਰਾਡਾਰ 'ਤੇ!

**■ ਸੁਖਪਾਲ ਖਹਿਰਾ ਨੇ ਲੋਕਪਾਲ ਕੋਲ ਸ਼ਿਕਾਇਤ ਦਰਜ ਕਰਵਾਈ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਪੰਜਾਬ ਦੇ ਲੋਕਪਾਲ ਕੋਲ ਸੂਬੇ ਦੇ ਇੱਕ ਮੰਤਰੀ ਦੀਆਂ ਕਥਿਤ ਬੇਨਿਯਮੀਆਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਕਾਂਗਰਸੀ ਵਿਧਾਇਕ ਨੇ ਦੱਸਿਆ ਕਿ ਮੰਤਰੀ ਦੀਆਂ ਕਥਿਤ ਬੇਨਿਯਮੀਆਂ ਤੇ ਗੈਰਕਾਨੂੰਨੀ ਗਤੀਵਿਧੀਆਂ ਸਬੰਧੀ ਸਬੂਤਾਂ ਸਮੇਤ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲੋਕਪਾਲ ਐਕਟ, 1996 ਦੀ ਧਾਰਾ 19 ਨੇ ਸ਼ਿਕਾਇਤ ਦਾ ਖੁਲਾਸਾ ਕਰਨ 'ਤੇ ਰੋਕ ਲਗਾਈ ਹੈ, ਇਸ ਲਈ ਉਹ ਲੋਕਪਾਲ ਦੇ ਫ਼ੈਸਲੇ ਦੀ ਉਡੀਕ ਕਰਨਗੇ।

ਖਹਿਰਾ ਨੇ ਕਿਹਾ ਕਿ ਇਹ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਰਖ ਦੀ ਘੜੀ ਹੈ ਕਿਉਂਕਿ ਉੱਚ ਸਥਾਨਾਂ 'ਤੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਆਜ਼ਾਦ ਲੋਕਪਾਲ ਬਣਾਉਣ ਦੀ ਮੰਗ ਨੂੰ ਲੈ ਕੇ ਆਮ ਆਦਮੀ ਪਾਰਟੀ ਦਾ ਗਠਨ ਹੋਇਆ ਸੀ। ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਹ ਦੱਸਣ ਦੀ ਹਿੰਮਤ ਕਰਨ ਕਿ ਪੰਜਾਬ ਵਿਜੀਲੈਂਸ ਬਿਊਰੋ ਤੇ ਪੰਜਾਬ ਪੁਲਿਸ ਵੱਲੋਂ ਸਿਰਫ ਵਿਰੋਧੀ ਪਾਰਟੀਆਂ ਦੇ ਸਿਆਸੀ ਆਗੂਆਂ ਨੂੰ ਹੀ ਮਿੱਥ ਕੇ ਗ੍ਰਿਫ਼ਤਾਰ ਕਿਉਂ ਕੀਤਾ ਜਾ ਰਿਹਾ ਹੈ?

ਉਨ੍ਹਾਂ ਕਿਹਾ ਕਿ 'ਆਪ' ਆਗੂਆਂ ਤੇ ਵਰਕਰਾਂ ਜਿਨ੍ਹਾਂ ਖ਼ਿਲਾਫ਼ ਅਨੈਤਿਕਤਾ, ਦੁਰਵਿਹਾਰ ਅਤੇ ਭ੍ਰਿਸ਼ਟਾਚਾਰ ਦੇ ਸਬੂਤ ਹਨ ਜਿਵੇਂ ਕਿ ਮੰਤਰੀ ਲਾਲ ਚੰਦ ਕਟਾਰੂਚੱਕ, ਵਿਧਾਇਕ ਸਰਬਜੀਤ ਕੌਰ ਮਾਣੂੰਕੇ, ਸਾਬਕਾ ਮੰਤਰੀ ਫੌਜਾ ਸਿੰਘ ਸਰਾਰੀ, ਵਿਧਾਇਕ ਜਗਦੀਪ ਕੰਬੋਜ, ਅਬੋਹਰ ਦੇ ਹਲਕਾ ਇੰਚਾਰਜ ਦੀਪ ਕੰਬੋਜ, ਸਾਬਕਾ ਮੰਤਰੀ ਡਾ. ਵਿਜੈ ਸਿੰਗਲਾ ਤੇ ਐਡਵੋਕੇਟ ਜਨਰਲ ਵਿਨੋਦ ਘਈ ਆਦਿ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਹੋਈ?

ਖਹਿਰਾ ਨੇ ਕਿਹਾ ਕਿ ਹੁਣ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਵਿਚੋਂ ਵਿਰੋਧੀ ਧਿਰ ਨੂੰ ਮੁਕੰਮਲ ਤੌਰ 'ਤੇ ਸਾਫ ਕਰਨ ਦੇ ਮਕਸਦ ਨਾਲ ਭਗਵੰਤ ਮਾਨ ਸਿਆਸੀ ਵਿਰੋਧੀਆਂ ਖ਼ਿਲਾਫ਼ ਸਿਆਸੀ ਬਦਲਾਖੋਰੀ ਦੀ ਕਾਰਵਾਈ ਕਰ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਉਕਤ ਮੰਤਰੀ ਨੂੰ ਜਾਂਚ ਚੱਲਣ ਤੱਕ ਮੰਤਰੀ ਮੰਡਲ 'ਚੋਂ ਬਰਖਾਸਤ ਕੀਤਾ ਜਾਵੇ। ਨਹੀਂ ਤਾਂ ਇਹ ਮੰਤਰੀ ਕਟਾਰੂਚੱਕ ਵਾਂਗ ਆਪਣਾ ਪ੍ਰਭਾਵ ਵਰਤ ਕੇ ਆਪਣੇ ਖ਼ਿਲਾਫ਼ ਰਿਪੋਰਟ ਦੇਣ ਵਾਲੇ ਅਫ਼ਸਰਾਂ ਨੂੰ ਨੁਕਸਾਨ ਪਹੁੰਚਾਵੇਗਾ।

## ਆਦਮਪੁਰ ਹਵਾਈ ਅੱਡੇ ਤੋਂ ਤਿੰਨ ਸਾਲ ਬਾਅਦ ਮੁੜ ਸ਼ੁਰੂ ਹੋਣਗੀਆਂ ਉਡਾਣਾਂ

**ਜਲੰਧਰ, (ਪੰਜਾਬ ਮੇਲ)-** ਆਦਮਪੁਰ ਘਰੇਲੂ ਹਵਾਈ ਅੱਡੇ ਤੋਂ ਲਗਪਗ ਤਿੰਨ ਸਾਲ ਬਾਅਦ ਬੰਗਲੂਰੂ, ਗੋਆ, ਕੋਲਕਾਤਾ, ਨਾਂਦੇੜ ਅਤੇ ਹਿੰਡਨ ਲਈ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਜਾ ਰਹੀਆਂ ਹਨ। ਕੁਝ ਦਿਨ ਪਹਿਲਾਂ ਖੋਲ੍ਹੇ ਗਏ ਟੈਂਡਰਾਂ ਵਿਚ ਸਪਾਈਸਜੈੱਟ ਅਤੇ ਸਟਾਰ ਏਅਰ ਏਅਰਲਾਈਨਜ਼ ਕੰਪਨੀਆਂ ਨੂੰ ਆਦਮਪੁਰ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਠੇਕੇ ਮਿਲੇ ਹਨ। ਇਸ ਸਬੰਧੀ ਆਦਮਪੁਰ ਹਵਾਈ ਅੱਡੇ 'ਤੇ ਸਾਰੇ ਇੰਤਜ਼ਾਮ ਕੀਤੇ ਜਾ ਰਹੇ ਹਨ। ਆਉਂਦੇ ਚਾਰ ਮਹੀਨਿਆਂ 'ਚ ਇੱਥੋਂ ਉਡਾਣਾਂ ਸ਼ੁਰੂ ਹੋ ਸਕਦੀਆਂ ਹਨ। ਆਦਮਪੁਰ ਵਿਚ 110 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਟਰਮੀਨਲ ਤਿਆਰ ਕੀਤਾ ਗਿਆ ਹੈ। ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਰਿੰਕੂ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਆਦਮਪੁਰ ਘਰੇਲੂ ਹਵਾਈ ਅੱਡਾ ਮੁੜ ਚਾਲੂ ਕਰਨ ਲਈ ਸਾਰੀਆਂ ਅਧਿਕਾਰਿਤ ਰਸਮਾਂ ਪੂਰੀਆਂ ਹੋ ਚੁੱਕੀਆਂ ਹਨ। ਇਹ ਦੁਆਬੇ ਦੇ ਵਸਨੀਕਾਂ ਲਈ ਵੱਡੀ ਰਾਹਤ ਹੋਵੇਗੀ।

## ਅਮਰੀਕੀ ਪੁਲਿਸ 'ਚ ਸਿੱਖ ਨੌਜਵਾਨ ਨੂੰ ਦਾੜ੍ਹੀ ਵਧਾਉਣ ਤੋਂ ਰੋਕਣ 'ਤੇ ਜਥੇਦਾਰ ਨੇ ਸਖਤ ਨੋਟਿਸ ਲਿਆ



**ਅੰਮ੍ਰਿਤਸਰ, (ਪੰਜਾਬ ਮੇਲ)-** ਅਮਰੀਕਾ ਦੇ ਨਿਊਯਾਰਕ ਦੀ ਪੁਲਸ 'ਚ ਸਿੱਖ ਜਵਾਨ ਨੂੰ ਦਾੜ੍ਹੀ ਵਧਾਉਣ ਤੋਂ ਰੋਕਣ ਦੀ ਘਟਨਾ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਅਮਰੀਕਾ ਦੀ ਸਰਬਪੱਖੀ ਉੱਨਤੀ 'ਚ ਸਿੱਖਾਂ ਦੇ ਯੋਗਦਾਨ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਰਾਜਨੀਤੀ ਤੋਂ ਲੈ ਕੇ ਸੁਰੱਖਿਆ, ਤਕਨੀਕੀ ਅਤੇ ਵਿਗਿਆਨ ਦੇ ਖੇਤਰ ਤੱਕ ਸਿੱਖਾਂ ਨੇ ਆਪਣੀ ਲਿਆਕਤ, ਮਿਹਨਤ ਅਤੇ ਈਮਾਨਦਾਰੀ ਨਾਲ ਵੱਡੀਆਂ ਮੱਲਾਂ ਮਾਰੀਆਂ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਵਰਗੇ ਮੁਲਕ 'ਚ ਸਿੱਖਾਂ ਦੀਆਂ ਧਾਰਮਿਕ ਮਾਨਤਾਵਾਂ ਅਤੇ ਰਹੁ-ਰੀਤਾਂ ਹੁਣ ਜਾਣ-ਪਛਾਣ ਦਾ ਮੁਥਾਜ ਨਹੀਂ ਰਹੀਆਂ। ਸਿੰਘ ਸਾਹਿਬ ਨੇ ਕਿਹਾ ਕਿ ਬਹੁਤ ਦੇਰ ਪਹਿਲਾਂ ਹੀ ਅਮਰੀਕਾ ਦੀ ਫ਼ੌਜ ਅਤੇ ਸਿਵਲ ਸੇਵਾਵਾਂ ਵਿਚ ਆਪਣੇ ਸਿੱਖੀ ਸਰੂਪ ਦੇ ਨਾਲ ਸੇਵਾਵਾਂ ਕਰਨ ਦੀ ਕਾਨੂੰਨੀ ਲੜਾਈ ਸਿੱਖ ਜਿੱਤ ਚੁੱਕੇ ਹਨ, ਜਿਸ ਤੋਂ ਬਾਅਦ ਸਿੱਖਾਂ ਨੂੰ ਧਾਰਮਿਕ ਆਜ਼ਾਦੀ ਦੇ ਨਾਲ ਹਰ ਖੇਤਰ ਵਿਚ ਵਿਚਰਨ ਦੀ ਖੁੱਲ੍ਹ ਦਿੱਤੀ ਜਾ ਚੁੱਕੀ ਹੈ ਪਰ ਹੁਣ ਨਿਊਯਾਰਕ ਪੁਲਿਸ ਵੱਲੋਂ ਇਕ ਸਿੱਖ ਜਵਾਨ ਨੂੰ ਦਾੜ੍ਹੀ ਰੱਖਣ ਤੋਂ ਰੋਕਣਾ ਹੈਰਾਨੀਜਨਕ ਹੈ। ਗਿਆਨੀ ਰਘਬੀਰ ਸਿੰਘ ਨੇ ਅੱਗੇ ਕਿਹਾ ਕਿ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਵੀ ਅਮਰੀਕਾ ਦੀ ਨਿਊਯਾਰਕ ਪੁਲਿਸ ਕੋਲ ਆਪਣੇ ਕੂਟਨੀਤਕ ਚੈਨਲਾਂ ਰਾਹੀਂ ਸਿੱਖਾਂ ਦੀਆਂ ਭਾਵਨਾਵਾਂ ਪਹੁੰਚਾਉਣੀਆਂ ਚਾਹੀਦੀਆਂ ਹਨ ਤਾਂ ਜੋ ਨਿਊਯਾਰਕ ਪੁਲਿਸ ਆਪਣੇ ਫੈਸਲੇ 'ਚ ਦਰੁੱਸਤੀ ਕਰਕੇ ਸਿੱਖ ਜਵਾਨ ਨੂੰ ਸਿੱਖੀ ਸਰੂਪ 'ਚ ਰਹਿ ਕੇ ਸੇਵਾਵਾਂ ਨਿਭਾਉਣ ਦੀ ਖੁੱਲ੍ਹ ਦੇ ਸਕੇ।




# ਐੱਚ-1ਬੀ ਵੀਜ਼ਾ ਲਈ ਲਾਟਰੀ-ਚੋਣ ਦਾ ਦੂਜਾ ਦੌਰ ਛੇਤੀ ਹੋਵੇਗਾ ਸ਼ੁਰੂ




■ ਭਾਰਤੀ ਪੇਸ਼ੇਵਰਾਂ ਨੂੰ ਹੋਵੇਗਾ ਫ਼ਾਇਦਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਵਿੱਤੀ ਸਾਲ 2024 ਲਈ ਐੱਚ-1ਬੀ ਵੀਜ਼ਾ ਲਈ ਰੈਂਡਮ ਲਾਟਰੀ ਚੋਣ ਦਾ ਦੂਜਾ ਦੌਰ ਛੇਤੀ ਹੀ ਸ਼ੁਰੂ ਹੋ ਜਾਵੇਗਾ ਕਿਉਂਕਿ ਇਹ ਤੈਅ ਕੀਤਾ ਗਿਆ ਸੀ ਕਿ ਲੋੜੀਂਦੀ ਗਿਣਤੀ ਤੱਕ ਪਹੁੰਚਣ ਲਈ "ਵਾਧੂ ਰਜਿਸਟ੍ਰੇਸ਼ਨਾਂ" ਦੀ ਚੋਣ ਕਰਨ ਦੀ ਲੋੜ ਹੈ। ਯੂ.ਐੱਸ. ਫੈਡਰਲ ਇਮੀਗ੍ਰੇਸ਼ਨ ਏਜੰਸੀ ਨੇ ਇਕ ਅਜਿਹੇ ਫ਼ੈਸਲੇ ਦਾ ਐਲਾਨ ਕੀਤਾ ਹੈ, ਜਿਸ ਦਾ ਭਾਰਤੀ ਪੇਸ਼ੇਵਰਾਂ ਨੂੰ ਫ਼ਾਇਦਾ ਹੋ ਸਕਦਾ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਵੀਰਵਾਰ ਨੂੰ ਕਿਹਾ ਕਿ ਉਹ ਰੈਂਡਮ ਚੋਣ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ ਪਹਿਲਾਂ ਜਮ੍ਹਾ ਕੀਤੀਆਂ ਗਈਆਂ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ ਵਿਚੋਂ ਵਾਧੂ ਰਜਿਸਟ੍ਰੇਸ਼ਨਾਂ ਦੀ ਚੋਣ ਕਰੇਗੀ।

ਯੂ.ਐੱਸ.ਸੀ.ਆਈ.ਐੱਸ. ਨੇ ਇੱਕ ਬਿਆਨ ਵਿਚ ਕਿਹਾ ਕਿ "ਅਸੀਂ ਹਾਲ ਹੀ ਵਿਚ ਨਿਸ਼ਚਿਤ ਕੀਤਾ ਹੈ ਕਿ ਸਾਨੂੰ ਵਿੱਤੀ ਸਾਲ 2024 ਦੀ ਲੋੜੀਂਦੀ ਗਿਣਤੀ ਤੱਕ ਪਹੁੰਚਣ ਲਈ ਵਾਧੂ ਰਜਿਸਟ੍ਰੇਸ਼ਨਾਂ ਦੀ ਚੋਣ ਕਰਨ ਦੀ ਲੋੜ ਹੋਵੇਗੀ। ਜਲਦੀ ਹੀ ਅਸੀਂ ਇੱਕ ਰੈਂਡਮ ਚੋਣ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ ਪਹਿਲਾਂ ਤੋਂ ਜਮ੍ਹਾਂ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ ਵਿਚੋਂ ਵਾਧੂ ਰਜਿਸਟ੍ਰੇਸ਼ਨਾਂ ਦੀ ਚੋਣ ਕਰਾਂਗੇ।" ਬਿਆਨ ਵਿਚ ਕਿਹਾ ਗਿਆ ਕਿ ਜਦੋਂ ਅਸੀਂ ਇਸ ਦੂਜੀ ਚੋਣ ਪ੍ਰਕਿਰਿਆ ਨੂੰ ਪੂਰਾ ਕਰ ਲਵਾਂਗੇ ਤਾਂ ਇਸ ਦੌਰ ਤੋਂ ਚੁਣੇ ਹੋਏ ਰਜਿਸਟ੍ਰੇਸ਼ਨਾਂ ਵਾਲੇ ਸਾਰੇ ਸੰਭਾਵੀ ਪਟੀਸ਼ਨਰਾਂ ਨੂੰ ਸੂਚਿਤ ਕਰ ਦੇਵਾਂਗੇ। ਇਸ ਵਿਚ ਕਿਹਾ ਗਿਆ ਕਿ ਜਿਹੜੇ ਲੋਕ ਚੁਣੇ ਹੋਏ ਰਜਿਸਟ੍ਰੇਸ਼ਨਾਂ ਵਾਲੇ ਹਨ, ਉਨ੍ਹਾਂ ਦੇ ਖਾਤੇ ਨੂੰ ਇੱਕ ਚੋਣ ਨੋਟਿਸ ਸ਼ਾਮਲ ਕਰਨ ਲਈ ਅਪਡੇਟ ਕੀਤਾ ਜਾਵੇਗਾ, ਜਿਸ ਵਿਚ ਇਹ ਵੇਰਵੇ ਸ਼ਾਮਲ ਹੋਣਗੇ ਕਿ ਕਦੋਂ ਅਤੇ ਕਿੱਥੇ ਫਾਈਲ ਕਰਨੀ ਹੈ। ਗੌਰਤਲਬ ਹੈ ਕਿ ਕਾਂਗਰਸ ਦੁਆਰਾ ਲਾਜ਼ਮੀ ਯੂ.ਐੱਸ.ਸੀ.ਆਈ.ਐੱਸ. ਇੱਕ ਸਾਲ ਵਿਚ ਵੱਧ ਤੋਂ ਵੱਧ 65,000 ਐੱਚ-1ਬੀ ਵੀਜ਼ਾ ਜਾਰੀ ਕਰ ਸਕਦਾ ਹੈ। ਇਹ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ 20,000 ਹੋਰ ਐੱਚ-1ਬੀ ਵੀਜ਼ਾ ਵੀ ਜਾਰੀ ਕਰ ਸਕਦਾ ਹੈ, ਜਿਨ੍ਹਾਂ ਨੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (STEM) ਵਿਸ਼ਿਆਂ ਵਿਚ ਇੱਕ ਅਮਰੀਕੀ ਯੂਨੀਵਰਸਿਟੀ ਤੋਂ ਉੱਚ ਪੜ੍ਹਾਈ ਪੂਰੀ ਕੀਤੀ ਹੈ।

# ਸਿੱਖ ਪੁਲਿਸ ਅਫ਼ਸਰ ਵੱਲੋਂ ਦਾੜ੍ਹੀ ਵਧਾਉਣ ਦੀ ਇਜਾਜ਼ਤ ਮੰਗਣ 'ਤੇ ਨਿਊਯਾਰਕ ਪੁਲਿਸ ਵੱਲੋਂ ਇਨਕਾਰ

**ਨਿਊਯਾਰਕ, (ਪੰਜਾਬ ਮੇਲ)**- ਨਿਊਯਾਰਕ ਸਟੇਟ ਪੁਲਸ ਨੂੰ ਆਪਣੇ ਇਕ ਸਿੱਖ ਅਫ਼ਸਰ ਨੂੰ ਦਾੜ੍ਹੀ ਵਧਾਉਣ ਤੋਂ ਇਨਕਾਰ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਿਊਯਾਰਕ ਦੇ ਜੇਮਸਟਾਊਨ ਵਿਚ ਰਹਿਣ ਵਾਲੇ ਚਰਨਜੋਤ ਸਿੰਘ ਨੇ ਮਾਰਚ 2022 'ਚ ਆਪਣੇ ਵਿਆਹ ਲਈ ਸਿਰਫ਼ ਡੇਢ ਇੰਚ ਦਾੜ੍ਹੀ ਵਧਾਉਣ ਦੀ ਇਜਾਜ਼ਤ ਮੰਗੀ ਸੀ ਪਰ ਅਧਿਕਾਰੀਆਂ ਨੇ ਪ੍ਰਵਾਨਗੀ ਦੇਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ।

ਇੱਥੇ ਦੱਸ ਦੇਈਏ ਕਿ ਨਿਊਯਾਰਕ 'ਚ 2019 ਵਿਚ ਜਵਾਨਾਂ ਨੂੰ ਕਾਨੂੰਨੀ ਤੌਰ 'ਤੇ ਉਨ੍ਹਾਂ ਦੀਆਂ ਧਾਰਮਿਕ ਵਚਨਬੱਧਤਾਵਾਂ ਦਾ ਪਾਲਣ ਕਰਨ ਦੀ ਇਜਾਜ਼ਤ ਦਿੱਤੇ ਜਾਣ ਦੇ ਬਾਵਜੂਦ ਇਹ ਘਟਨਾ ਵਾਪਰੀ। ਉਸਦੀ ਯੂਨੀਅਨ, ਨਿਊਯਾਰਕ ਸਟੇਟ ਟਰੂਪਰਜ਼ ਪੁਲਿਸ ਬੇਨੇਵੋਲੈਂਟ ਐਸੋਸੀਏਸ਼ਨ ਦੇ ਅਨੁਸਾਰ, ਟਿਵਾਣਾ ਦੀ ਬੇਨਤੀ ਨੂੰ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਰੱਦ ਕੀਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਦਾੜ੍ਹੀ ਵਧਾਉਣ ਨਾਲ ਗੈਸ ਮਾਸਕ ਦੀ ਵਰਤੋਂ ਕਰਦੇ ਸਮੇਂ ਉਸ ਨੂੰ ਸਮੱਸਿਆ ਹੋ ਸਕਦੀ ਹੈ। ਉਥੇ ਹੀ ਟਿਵਾਣਾ ਨੇ ਅਧਿਕਾਰੀਆਂ ਦੇ ਇਨਕਾਰ ਨੂੰ ਆਪਣੇ ਨਾਲ ਧੱਕੇਸ਼ਾਹੀ ਸਮਝ ਲਿਆ।

ਯੂਨੀਅਨ ਦੇ ਪ੍ਰਧਾਨ ਚਾਰਲੀ ਮਰਫ਼ੀ ਨੇ ਕਿਹਾ ਕਿ ਹਰ ਇਕ ਸਿੱਖ ਦਸਤਾਰ ਸਜਾਉਂਦਾ ਹੈ ਅਤੇ ਅਸੀਂ ਸਾਰੇ ਧਰਮਾਂ ਦਾ ਆਦਰ ਕਰਦੇ ਹਾਂ। ਉਨ੍ਹਾਂ ਦਾਅਵਾ ਕੀਤਾ ਕਿ ਨਿਊਯਾਰਕ ਪੁਲਿਸ ਦੇ ਅਧਿਕਾਰੀ ਕਦੇ ਵੀ ਆਪਣੇ ਜਵਾਨਾਂ ਤੇ ਹੋਰ ਮੁਲਾਜ਼ਮਾਂ ਨਾਲ ਧਰਮ ਦੇ ਆਧਾਰ 'ਤੇ ਕੋਈ ਧੱਕੇਸ਼ਾਹੀ ਜਾਂ ਵਧੀਕੀ ਨਹੀਂ ਕਰਦੇ।

# ਅਮਰੀਕਾ 'ਚ ਦੀਵਾਲੀ ਨੂੰ ਸੰਘੀ ਛੁੱਟੀ ਵਜੋਂ ਮਾਨਤਾ ਦਿਵਾਉਣ ਲਈ ਪ੍ਰਤੀਨਿਧੀ ਸਦਨ 'ਚ ਬਿੱਲ ਪੇਸ਼ ਕੀਤਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਕਾਂਗਰਸ ਵੂਮੈਨ ਗ੍ਰੇਸ ਮੇਂਗ ਨੇ ਕਿਹਾ ਹੈ ਕਿ ਹਿੰਦੂ, ਸਿੱਖ, ਬੋਧੀ ਅਤੇ ਜੈਨ ਸਮੇਤ ਵੱਖ-ਵੱਖ ਧਰਮਾਂ ਦੇ ਲੱਖਾਂ ਅਮਰੀਕੀਆਂ ਵੱਲੋਂ ਮਨਾਈ ਜਾਂਦੀ ਦੀਵਾਲੀ ਨੂੰ ਸੰਘੀ ਛੁੱਟੀ ਐਲਾਨ ਦਿੱਤਾ ਜਾਣਾ ਚਾਹੀਦਾ ਹੈ। ਵਕੀਲ ਤੋਂ ਸਿਆਸਤਦਾਨ ਬਣੀ ਮੇਂਗ ਨਿਊਯਾਰਕ ਦੇ 6ਵੇਂ ਕਾਂਗਰੇਸ਼ਨਲ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੀ ਹੈ। ਉਸਨੇ ਦੇਸ਼ ਵਿਚ ਦੀਵਾਲੀ ਨੂੰ ਸੰਘੀ ਛੁੱਟੀ ਵਜੋਂ ਘੋਸ਼ਿਤ ਕਰਨ ਲਈ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਦੀਵਾਲੀ ਦਿਵਸ ਐਕਟ ਪੇਸ਼ ਕੀਤਾ। ਮੇਂਗ ਨੇ ਵੀਰਵਾਰ ਨੂੰ ਦੱਸਿਆ ਕਿ "ਇਹ ਸਿਰਫ਼ ਇੱਕ ਦਿਨ ਦੀ ਛੁੱਟੀ ਬਾਰੇ ਨਹੀਂ ਹੈ। ਅਜਿਹਾ ਇਸ ਲਈ ਜ਼ਰੂਰੀ ਹੈ, ਤਾਂ ਕਿ ਦੀਵਾਲੀ ਮਨਾਉਣ ਵਾਲਿਆਂ ਤੋਂ ਇਲਾਵਾ ਹੋਰ ਲੋਕ ਵੀ ਇਸ ਤਿਉਹਾਰ ਤੇ ਸੱਭਿਆਚਾਰ ਅਤੇ ਦੀਵਾਲੀ ਮਨਾਉਣ ਵਾਲੇ ਲੋਕਾਂ ਦੇ ਯੋਗਦਾਨ ਨੂੰ ਸਮਝ ਸਕਣ।" ਉਨ੍ਹਾਂ ਨੇ ਕਿਹਾ ਕਿ ਇਕ ਏਸ਼ੀਆਈ ਅਮਰੀਕੀ ਹੋਣ ਦੇ ਨਾਤੇ ਮੇਰੇ ਲਈ ਮਹੱਤਵਪੂਰਨ ਇਹ ਹੈ ਕਿ ਦੀਵਾਲੀ ਦੇ ਦਿਨ ਛੁੱਟੀ ਐਲਾਨੀ ਜਾਵੇ ਕਿਉਂਕਿ ਨਿਊਯਾਰਕ ਵਿਚ ਹਜ਼ਾਰਾਂ ਅਤੇ ਦੁਨੀਆਂ ਭਰ ਵਿਚ ਅਰਬਾਂ ਲੋਕ ਇਸ ਦਿਨ ਨੂੰ ਤਿਉਹਾਰ ਵਜੋਂ ਮਨਾਉਂਦੇ ਹਨ। ਮਈ ਵਿਚ ਪੇਸ਼ ਕੀਤੇ ਗਏ ਕਾਨੂੰਨ ਨੂੰ ਉਨ੍ਹਾਂ ਦੇ ਕਾਂਗਰਸੀ ਸਹਿਯੋਗੀਆਂ ਤੋਂ ਸਕਰਾਤਮਕ ਪ੍ਰਤੀਕਿਰਿਆ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ "ਅਸੀਂ ਅਸਲ ਵਿਚ ਇਸ ਬਾਰੇ ਕੁਝ ਵੀ ਨਕਾਰਾਤਮਕ ਨਹੀਂ ਸੁਣਿਆ ਹੈ। ਇਹ ਬਹੁਤ ਸਕਾਰਾਤਮਕ ਸੰਕੇਤ ਹੈ।"

# ਸਾਬਕਾ ਅਸੈਂਬਲੀਮੈਨ ਕੈਨਸਸ ਚੂ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਪਧਾਰੇ



**ਸੈਨਹੋਜ਼ੇ, (ਪੰਜਾਬ ਮੇਲ)**- ਕੈਲੀਫੋਰਨੀਆ ਦੇ ਸਾਬਕਾ ਅਸੈਂਬਲੀਮੈਨ ਅਤੇ ਅੱਠ ਸਾਲ ਸੈਨਹੋਜ਼ੇ ਦੇ ਸਿਟੀ ਕੌਂਸਲ ਮੈਨ ਰਹਿ ਚੁੱਕੇ ਕੈਨਸਸ ਚੂ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਆਏ। ਉਨ੍ਹਾਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਕੈਨਸਸ ਚੂ ਪਿਛਲੇ ਲੰਬੇ ਸਮੇਂ ਤੋਂ ਸਿੱਖ ਕਮਿਊਨਿਟੀ ਦੇ ਹਰ ਇਸ਼ੂ ਉੱਪਰ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਹਫ਼ਤਾਵਾਰੀ ਦੀਵਾਨ ਤੋਂ ਬਾਅਦ ਚੂ ਨੇ ਸਿੱਖ ਭਾਈਚਾਰੇ ਦੇ ਕੁੱਝ ਪਤਵੰਤੇ ਸੱਜਣਾਂ ਨਾਲ ਆਉਣ ਵਾਲੇ ਸਮੇਂ ਵਿਚ ਵੀ ਇੱਕ ਦੂਸਰੇ ਨਾਲ ਮਿਲ ਕੇ ਕੰਮ ਕਰਨ ਬਾਰੇ ਬਹੁਤ ਹੀ ਸਾਰਥਿਕ ਵਿਚਾਰਾਂ ਕੀਤੀਆਂ। ਇਸ ਮੌਕੇ ਡਾ. ਪ੍ਰਿਤਪਾਲ ਸਿੰਘ, ਡਾ. ਕੁਲਵੰਤ ਸਿੰਘ ਗਿੱਲ, ਇੰਦਰਜੀਤ ਸਿੰਘ ਸਿੱਧੂ, ਤਜਿੰਦਰ ਸਿੰਘ ਧਾਮੀ ਅਤੇ ਭਾਈ ਜਸਵੰਤ ਸਿੰਘ ਹੋਠੀ ਹਾਜ਼ਰ ਸਨ। ਉਨ੍ਹਾਂ ਵੱਲੋਂ ਸਾਰਿਆਂ ਦਾ ਧੰਨਵਾਦ ਵੀ ਕੀਤਾ ਗਿਆ।

# ਟਰੰਪ ਇਕ ਹੋਰ ਗੰਭੀਰ ਮਾਮਲੇ 'ਚ ਉਲਝਿਆ



**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵ੍ਹਾਈਟ ਹਾਊਸ ਵਿਚ ਆਪਣੇ ਸਮੇਂ ਤੋਂ ਗੁਪਤ ਦਸਤਾਵੇਜ਼ਾਂ ਦੀ ਦੁਰਵਰਤੋਂ ਕਰਨ ਦੇ ਦੋਸ਼ 'ਚ ਨਵੇਂ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਵਿਸ਼ੇਸ਼ ਵਕੀਲ ਜੈਕ ਸਮਿਥ ਦੁਆਰਾ ਲਿਆਂਦੇ ਗਏ ਵਾਧੂ ਦੋਸ਼ਾਂ ਵਿਚ ਰਾਸ਼ਟਰੀ ਰੱਖਿਆ ਜਾਣਕਾਰੀ ਨੂੰ ਜਾਣਬੁੱਝ ਕੇ ਰੱਖਣ ਦੀ ਇੱਕ ਗਿਣਤੀ ਅਤੇ 2022 ਦੀਆਂ ਗਰਮੀਆਂ ਵਿਚ ਟਰੰਪ ਦੇ ਮਾਰ-ਏ-ਲਾਗੋ ਨਿਵਾਸ 'ਤੇ ਨਿਗਰਾਨੀ ਵੀਡੀਓ ਫੁਟੇਜ ਨੂੰ ਮਿਟਾਉਣ ਦੀਆਂ ਕਥਿਤ ਕੋਸ਼ਿਸ਼ਾਂ ਨਾਲ ਸਬੰਧਤ ਦੋ ਰੁਕਾਵਟਾਂ ਦੀ ਗਿਣਤੀ ਸ਼ਾਮਲ ਹੈ। ਇੱਕ ਅਦਾਲਤ ਵਿਚ ਫਾਈਲਿੰਗ, ਟਰੰਪ ਦੇ ਕਰਮਚਾਰੀਆਂ ਨੇ ਫਲੋਰੀਡਾ ਰਿਜ਼ੋਰਟ ਵਿਚ ਸੁਰੱਖਿਆ ਫੁਟੇਜ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਅਤੇ ਇੱਕ ਨੇ ਕਿਹਾ ਕਿ "ਬੌਸ" ਇੱਕ ਸਰਵਰ ਨੂੰ ਮਿਟਾਉਣਾ ਚਾਹੁੰਦਾ ਸੀ। ਵੱਖਰੇ ਤੌਰ 'ਤੇ, ਟਰੰਪ ਇਕ ਹੋਰ ਗੰਭੀਰ ਮਾਮਲੇ ਵਿਚ ਉਲਝਿਆ ਹੋਇਆ ਹੈ, ਜਿਸ ਵਿਚ 2020 ਦੀਆਂ ਚੋਣਾਂ ਵਿਚ ਉਸ ਦੀ ਕਥਿਤ ਦਖਲਅੰਦਾਜ਼ੀ ਸ਼ਾਮਲ ਹੈ, ਪਰ ਸੰਭਾਵਿਤ ਦੋਸ਼ ਦਾ ਸਮਾਂ ਅਜੇ ਵੀ ਅਸਪਸ਼ਟ ਹੈ। ਉਸ ਨੇ ਆਪਣੇ ਵਿਰੁੱਧ ਸਾਰੇ ਦੋਸ਼ਾਂ ਲਈ ਦੋਸ਼ੀ ਨਹੀਂ ਮੰਨਿਆ ਹੈ।


Global Allianz

ਕਾਨੂੰਨੀ ਸਲਾਹਾਂ

LAW FIRM LLP



Atul Kapoor
C.E.O

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਲੀਫੋਰਨੀਆ ਸਮੇਤ ਹੋਰ ਰਾਜਾਂ 'ਚ ਮਨੀਪੁਰ ਨਸਲੀ ਹਿੰਸਾ ਵਿਰੁੱਧ ਪ੍ਰਦਰਸ਼ਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਭਾਰਤ ਦੇ ਮਨੀਪੁਰ ਰਾਜ ਵਿਚ ਹੋ ਰਹੀ ਨਸਲੀ ਹਿੰਸਾ ਵਿਰੁੱਧ ਅਮਰੀਕਾ ਦੇ ਕੈਲੀਫੋਰਨੀਆ ਸਮੇਤ ਹੋਰ ਰਾਜਾਂ 'ਚ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ। ਪ੍ਰਦਰਸ਼ਨਕਾਰੀਆਂ ਨੇ ਨਸਲੀ ਹਿੰਸਾ ਵਿਰੁੱਧ ਪੋਸਟਰ ਚੁੱਕੇ ਹੋਏ ਸਨ ਤੇ ਉਨ੍ਹਾਂ ਨੇ ਨਸਲੀ ਹਿੰਸਾ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕੀਤੀ। ਨਸਲੀ ਹਿੰਸਾ ਜਿਸ ਵਿਚ ਹੁਣ ਤੱਕ ਸੈਂਕੜੇ ਮੌਤਾਂ ਹੋ ਚੁੱਕੀਆਂ ਹਨ ਤੇ ਕਈ ਲੋਕਾਂ ਦੇ ਘਰ-ਬਾਰ ਸਾੜੇ ਦਿੱਤੇ ਗਏ ਹਨ, ਅਨੇਕਾਂ ਵਾਹਣ ਅੱਗ ਦੀ ਭੇਟ ਚੜ ਚੁੱਕੇ ਹਨ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਵਿਰੁੱਧ ਕੈਲੀਫੋਰਨੀਆ ਤੋਂ ਇਲਾਵਾ ਨਿਊ ਜਰਸੀ ਤੇ ਮੈਸਾਚੂਸੈਟਸ ਵਿਚ ਵੀ ਜ਼ੋਰਦਾਰ ਪ੍ਰਦਰਸ਼ਨ ਹੋਏ। ਪਿਛਲੇ ਹਫਤੇ ਮਨੀਪੁਰ 'ਚ 2 ਕਬਾਇਲੀ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ 'ਚ ਲੋਕਾਂ ਵਿਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ ਤੇ ਉਹ ਸੜਕਾਂ 'ਤੇ ਉਤਰ ਆਏ ਹਨ। ਕੈਲੀਫੋਰਨੀਆ 'ਚ ਭਾਰਤੀ ਮੂਲ ਦੇ ਅਮਰੀਕੀ ਤੇ ਹੋਰ ਲੋਕ ਓਕਲੈਂਡ ਸਿਟੀ ਹਾਲ ਵਿਚ ਇਕੱਠੇ ਹੋਏ ਤੇ ਮਨੀਪੁਰ ਹਿੰਸਾ ਵਿਰੁੱਧ ਆਪਣਾ ਵਿਰੋਧ ਪ੍ਰਗਟਾਇਆ। ਇਹ ਪ੍ਰਦਰਸ਼ਨ ਹੋਰ ਜਥੇਬੰਦੀਆਂ ਤੋਂ ਇਲਾਵਾ ਨਾਰਥ ਅਮਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਤੇ ਅੰਬੇਦਕਰ ਕਿੰਗ ਸਟੱਡੀ ਸਰਕਲ ਵੱਲੋਂ ਅਯੋਜਿਤ ਕੀਤਾ ਗਿਆ ਸੀ। ਨਾਰਥ ਅਮਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ ਦੇ ਆਗੂ ਨਿਆਂਗ ਹੈਂਗਜ਼ੋ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਦੰਗਾਕਾਰੀਆਂ ਨੇ ਸਾਡੇ ਘਰਾਂ, ਸਾਡੀਆਂ ਜਾਇਦਾਦਾਂ ਨੂੰ ਤਬਾਹ ਕਰ ਦਿੱਤਾ ਹੈ। ਘਰਾਂ ਵਿਚੋਂ ਕੱਢਕੇ ਸਾਨੂੰ ਮਾਰਿਆ ਜਾ ਰਿਹਾ ਹੈ, ਸਾਡੀਆਂ ਧੀਆਂ-ਭੈਣਾਂ ਨਾਲ ਜਬਰ-ਜਨਾਹ ਹੋ ਰਹੇ ਹਨ। ਦੰਗਾਕਾਰੀਆਂ ਨੇ ਸਾਡੀ ਹਰ ਚੀਜ਼ ਮਿੱਟੀ ਵਿਚ ਮਿਲਾ ਦਿੱਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਵਿਸ਼ਵ ਕਦੋਂ ਤੱਕ ਮੂਕ ਦਰਸ਼ਕ ਬਣਕੇ ਇਹ ਸਭ ਕੁਝ ਵੇਖਦਾ ਰਹੇਗਾ। ਉਨ੍ਹਾਂ ਮੰਗ ਕੀਤੀ ਕਿ ਸਦਨ ਵਿਚ ਇਸ ਸਬੰਧੀ ਚਰਚਾ ਹੋਣੀ ਚਾਹੀਦੀ ਹੈ, ਜਿਸ ਤਰ੍ਹਾਂ ਯੂਰਪੀ ਯੂਨੀਅਨ ਵਿਚ ਹੋਈ ਹੈ। ਯੂਰਪੀ ਯੂਨੀਅਨ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਇਕ ਮਤਾ ਪ੍ਰਵਾਨ ਕਰਕੇ ਭਾਰਤ ਨੂੰ ਕਿਹਾ ਹੈ ਕਿ ਉਹ ਮਨੀਪੁਰ ਵਿਚ ਹਿੰਸਾ ਰੋਕਣ ਲਈ ਸਾਰੇ ਲੋੜੀਂਦੇ ਕਦਮ ਚੁੱਕਣ ਤੇ ਘੱਟ ਗਿਣਤੀਆਂ ਖਾਸ ਕਰਕੇ ਇਸਾਈ ਭਾਈਚਾਰੇ ਦੀ ਰੱਖਿਆ ਕਰਨ। ਹਾਲਾਂਕਿ ਭਾਰਤ ਨੇ ਇਸ ਮਤੇ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖਲਅੰਦਾਜੀ ਕਰਾਰ ਦਿੱਤਾ ਹੈ।



ਮਨੀਪੁਰ ਹਿੰਸਾ ਵਿਰੁੱਧ ਅਮਰੀਕਾ 'ਚ ਹੋਏ ਪ੍ਰਦਰਸ਼ਨ ਦਾ ਇਕ ਦ੍ਰਿਸ਼।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : **www.punjabmailusa.com**

# ਅਮਰੀਕਾ 'ਚ ਆਪਣੇ 6 ਸਾਲ ਦੇ ਪੁੱਤਰ ਦੀ ਮੌਤ ਮਾਮਲੇ 'ਚ ਮਾਂ ਨੂੰ ਉਮਰ ਭਰ ਲਈ ਜੇਲ੍ਹ

**■ ਛੋਟੇ ਜਿਹੇ ਕਮਰੇ 'ਚ ਬੰਦ ਰੱਖਣ ਤੇ ਖਾਣਾ ਨਾ ਦੇਣ ਕਾਰਨ ਹੋਈ ਸੀ ਮੌਤ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਅਮਰੀਕਾ ਦੇ ਐਰੀਜ਼ੋਨਾ ਰਾਜ ਦੀ ਇਕ 29 ਸਾਲਾ ਔਰਤ ਨੂੰ ਆਪਣੇ 6 ਸਾਲ ਦੇ ਪੁੱਤਰ ਦੀ ਮੌਤ ਦੇ ਮਾਮਲੇ 'ਚ ਬਿਨਾਂ ਪੇਰੋਲ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਫਲੈਗਸਟਾਫ, ਐਰੀਜ਼ੋਨਾ ਵਾਸੀ ਐਲੀਜ਼ਾਬੈਥ ਆਰਕੀਬੇਕੂ ਨੂੰ ਉਸ ਦੇ ਪੁੱਤਰ ਡੇਸ਼ੌਨ ਮਾਰਟਿਨੇਜ਼ ਦੀ ਮਾਰਚ 2020 ਵਿਚ ਹੋਈ ਮੌਤ ਦੇ ਮਾਮਲੇ 'ਚ ਪਹਿਲਾ ਦਰਜਾ ਹੱਤਿਆ ਤੇ ਬੱਚੇ ਨਾਲ ਬੇਰਹਿਮੀ ਵਾਲਾ ਸਲੂਕ ਕਰਨ ਦੇ ਦੋਸ਼ਾਂ ਤਹਿਤ ਬੀਤੇ ਵੀਰਵਾਰ ਦੋਸ਼ੀ ਠਹਿਰਾਇਆ ਗਿਆ। ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਪ੍ਰਾਪਤ ਵੇਰਵੇ ਅਨੁਸਾਰ ਪੁਲਿਸ ਨੂੰ ਸੂਚਿਤ ਕਰਨ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਡੇਸ਼ੌਨ ਬੇਜਾਨ ਸੀ। ਉਹ ਕੋਈ ਹੁੰਗਾਰਾ ਨਹੀਂ ਸੀ ਭਰ ਰਿਹਾ। ਉਸ ਨੂੰ ਇਕ ਬਹੁਤ ਹੀ ਛੋਟੇ ਜਿਹੇ ਕਮਰੇ ਵਿਚ ਬੰਦ ਕੀਤਾ ਹੋਇਆ ਸੀ ਤੇ ਉਸ ਦਾ ਭਾਰ ਕੇਵਲ 18 ਪੌਂਡ ਸੀ, ਜੋ ਇਕ 1 ਸਾਲ ਦੇ ਬੱਚੇ ਦਾ ਔਸਤ ਭਾਰ ਹੈ। ਉਸ ਦੇ 7 ਸਾਲ ਦੇ ਵੱਡੇ ਭਰਾ ਨਾਲ ਵੀ ਅਜਿਹਾ ਹੀ ਸਲੂਕ ਕੀਤਾ ਜਾਂਦਾ ਸੀ ਪਰੰਤੂ ਕਿਸਮਤ ਨਾਲ ਉਹ ਬਚ ਗਿਆ। ਪੁਲਿਸ ਦਾ ਵਿਸ਼ਵਾਸ ਹੈ ਕਿ ਬੱਚਿਆਂ ਨੂੰ ਦਿਨ ਵਿਚ 16 ਘੰਟੇ ਬੰਦ ਰੱਖਿਆ ਜਾਂਦਾ ਸੀ ਤੇ ਜਿਸ ਦੌਰਾਨ ਉਨ੍ਹਾਂ ਨੂੰ ਖਾਣਾ ਨਹੀਂ ਸੀ ਦਿੱਤਾ ਜਾਂਦਾ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਸ਼ੁਰੂ ਵਿਚ ਬੱਚਿਆਂ ਨੂੰ ਫਰਿਜ਼ ਵਿਚੋਂ ਖਾਣ-ਪੀਣ ਦੀਆਂ ਚੀਜ਼ਾਂ ਚੋਰੀ ਕਰਨ ਕਾਰਨ ਸਜ਼ਾ ਦੇ ਤੌਰ 'ਤੇ ਛੋਟੇ ਕਮਰੇ ਵਿਚ ਬੰਦ ਕੀਤਾ ਜਾਂਦਾ ਸੀ। ਦੋਨੋਂ ਭਰਾ ਜਦੋਂ ਉਨ੍ਹਾਂ ਦੀ ਮਾਂ ਤੇ ਪਿਤਾ 27 ਸਾਲਾ ਐਂਥਨੀ ਜੋਸ ਆਰਕੀਬੇਕੂ ਮਾਰਟਿਨਜ ਸੌਂ ਜਾਂਦੇ ਸਨ, ਤਾਂ ਰਸੋਈ ਵਿਚ ਵੜ ਜਾਂਦੇ ਸਨ। ਬੱਚਿਆਂ ਦੀ ਦਾਦੀ ਐਨ ਮੈਰੀ ਮਾਰਟਿਨਜ਼ ਵੀ ਜਦੋਂ ਬੱਚਿਆਂ ਨੂੰ ਫਰਿਜ਼ ਵਿਚੋਂ ਖਾਣ-ਪੀਣ ਦੀਆਂ ਚੀਜ਼ਾਂ ਚੋਰੀ ਕਰਦਿਆਂ ਫੜ ਲੈਂਦੀ ਸੀ, ਤਾਂ ਉਹ ਵੀ ਉਨ੍ਹਾਂ ਨੂੰ ਸਜ਼ਾ ਦਿੰਦੀ ਸੀ। ਪੋਸਟਮਾਰਟਮ ਦੀ ਰਿਪੋਰਟ ਅਨੁਸਾਰ ਡੇਸ਼ੌਨ ਦੀ ਮੌਤ ਭੁੱਖਮਰੀ ਕਾਰਨ ਹੋਈ ਹੈ ਤੇ ਇਹ ਕੁਦਰਤੀ ਮੌਤ ਨਹੀਂ ਹੈ, ਬਲਕਿ ਹੱਤਿਆ ਹੈ। ਜਦੋਂ ਪੁਲਿਸ ਨੇ ਉਸ ਨੂੰ ਕਮਰੇ ਵਿਚੋਂ ਕੱਢਿਆ ਸੀ, ਤਾਂ ਉਹ ਪਿੰਜਰ ਹੀ ਨਜ਼ਰ ਆਉਂਦਾ ਸੀ। ਸੁਣਵਾਈ ਦੌਰਾਨ ਉਸ ਦੀ ਮਾਂ ਆਰਕੀਬੇਕੂ ਨੇ ਮੰਨਿਆ ਕਿ ਆਪਣੇ ਪੁੱਤਰ ਦੀ ਮੌਤ ਲਈ ਉਹ ਖੁਦ ਹੀ ਜ਼ਿੰਮੇਵਾਰ ਹੈ।


ਅਦਾਲਤ 'ਚ ਸੁਣਵਾਈ ਦੌਰਾਨ ਨਜ਼ਰ ਆ ਰਹੀ ਐਲੀਜ਼ਾਬੈਥ ਆਰਕੀਬੇਕੂ।

# ਅਮਰੀਕਾ 'ਚ ਨਿਹੱਥੇ ਕਾਲੇ ਟਰੱਕ ਡਰਾਈਵਰ 'ਤੇ ਕੁੱਤਾ ਛੱਡਣ ਵਾਲਾ ਪੁਲਿਸ ਅਫਸਰ ਬਰਖਾਸਤ

**ਸੈਕਰਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸਰਕਲਵਿਲੇ, ਓਹਾਇਓ ਪੁਲਿਸ ਅਫਸਰ ਜਿਸ ਵੱਲੋਂ ਇਕ ਨਿਹੱਥੇ ਕਾਲੇ ਵਿਅਕਤੀ 'ਤੇ ਪੁਲਿਸ ਵਿਭਾਗ ਦਾ ਕੁੱਤਾ ਛੱਡਣ ਦੀ ਵੀਡੀਓ ਸਾਹਮਣੇ ਆਈ ਸੀ, ਨੂੰ ਬਰਖਾਸਤ ਕਰ ਦੇਣ ਦੀ ਖਬਰ ਹੈ। ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਰਕਲਵਿਲੇ ਪੁਲਿਸ ਅਫਸਰ ਰੀਆਨ ਸਪੀਕਮੈਨ ਦੀ ਕਾਰਵਾਈ ਪੁਲਿਸ ਦੇ ਮਾਪਦੰਡਾਂ 'ਤੇ ਆਸਾਂ ਉਪਰ ਖਰੀ ਨਹੀਂ ਉਤਰਦੀ। ਇਸ ਲਈ ਉਸ ਨੂੰ ਤੁਰੰਤ ਵਿਭਾਗ ਤੋਂ ਬਰਖਾਸਤ ਕੀਤਾ ਜਾਂਦਾ ਹੈ। ਵੀਡੀਓ 'ਚ ਪਿਛਲੇ ਦਿਨੀਂ ਵਾਪਰੀ ਇਸ ਘਟਨਾ ਵਿਚ ਪੁਲਿਸ ਤੇ ਲਾਅ ਇਨਫੋਰਸਮੈਂਟ ਨਾਲ ਸਬੰਧਿਤ ਹੋਰ ਏਜੰਸੀਆਂ ਦੀਆਂ ਕਾਰਾਂ ਇਕ ਕਮਰਸ਼ੀਅਲ ਸੈਮੀ ਟਰੱਕ ਨੂੰ ਰੋਕਣ ਲਈ ਉਸ ਦਾ ਪਿੱਛਾ ਕਰਦੀਆਂ ਨਜ਼ਰ ਆ ਰਹੀਆਂ ਹਨ। ਇਕ ਜਗ੍ਹਾ 'ਤੇ ਟਰੱਕ ਰੁੱਕ ਜਾਂਦਾ ਹੈ ਤੇ ਉਸ ਵਿਚੋਂ ਜਾਡਾਰੀਅਸ ਰੋਸ ਨਾਮੀ ਕਾਲਾ ਡਰਾਈਵਰ ਨਿਕਲਦਾ ਹੈ, ਜਿਸ ਨੇ ਹੱਥ ਖੜ੍ਹੇ ਕੀਤੇ ਹੋਏ ਹਨ ਤੇ ਉਹ ਆਤਮ ਸਮਰਪਣ ਲਈ ਤਿਆਰ ਵਿਖਾਈ ਦਿੰਦਾ ਹੈ ਪਰੰਤੂ ਇਸ ਦਰਮਿਆਨ ਉਸ ਉਪਰ ਕੁੱਤਾ ਛੱਡ ਦਿੱਤਾ ਜਾਂਦਾ ਹੈ। ਕੁੱਤਾ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੰਦਾ ਹੈ। ਪੁਲਿਸ ਅਨੁਸਾਰ ਜਾਂਚ ਲਈ ਨਾ ਰੁਕਣ ਕਾਰਨ ਸੈਮੀ ਟਰੱਕ ਦਾ ਪਿੱਛਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮੇਅਰ ਡਾਨ ਮੈਕਲਰਾਏ ਨੇ ਕਿਹਾ ਸੀ ਕਿ ਸਪੀਕਮੈਨ ਨੂੰ ਤਨਖਾਹ ਸਮੇਤ ਪ੍ਰਸ਼ਾਸਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।



ਪੰਜਾਬ ਮੇਲ USA



EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਅਮਰੀਕੀ ਅਰਥਵਿਵਸਥਾ ਦਾ ਉਮੀਦ ਨਾਲੋਂ ਬਿਹਤਰ ਪ੍ਰਦਰਸ਼ਨ

ਵਾਸ਼ਿੰਗਟਨ, (ਪੰਜਾਬ ਮੇਲ) - ਅਮਰੀਕਾ 'ਚ ਨੀਤੀਗਤ ਵਿਆਜ ਦਰ ਵਿਚ ਵਾਧੇ ਦੇ ਬਾਵਜੂਦ ਅਪ੍ਰੈਲ-ਜੂਨ ਤਿਮਾਹੀ 'ਚ ਅਰਥਵਿਵਸਥਾ ਨੇ ਉਮੀਦ ਨਾਲੋਂ ਕਿਤੇ ਬਿਹਤਰ ਪ੍ਰਦਰਸ਼ਨ ਕਰਦੇ ਹੋਏ 2.4 ਫੀਸਦੀ ਦੀ ਦਰ ਨਾਲ ਵਾਧਾ ਕੀਤਾ ਹੈ।

ਅਮਰੀਕੀ ਵਪਾਰ ਵਿਭਾਗ ਨੇ ਵੀਰਵਾਰ ਨੂੰ ਅਪ੍ਰੈਲ-ਜੂਨ ਤਿਮਾਹੀ ਦੇ ਅੰਕੜੇ ਜਾਰੀ ਕਰਦੇ ਹੋਏ ਕਿਹਾ ਕਿ ਇਸ ਦੌਰਾਨ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਵਿਕਾਸ ਦਰ ਵਧ ਕੇ 2.4 ਫੀਸਦੀ ਹੋ ਗਈ, ਜਦਕਿ ਜਨਵਰੀ-ਮਾਰਚ ਤਿਮਾਹੀ ਵਿਚ ਇਹ ਦੋ ਫੀਸਦੀ ਰਹੀ ਸੀ।

ਅਮਰੀਕੀ ਅਰਥਵਿਵਸਥਾ ਦੀ ਵਿਕਾਸ ਦਰ ਵਿਚ ਤੇਜ਼ੀ ਆਉਣਾ ਇਸ ਲਿਹਾਜ ਨਾਲ ਅਹਿਮ ਹੈ ਕਿ ਇਸ ਦਾ ਕੇਂਦਰੀ ਬੈਂਕ ਫੈੱਡਰਲ ਰਿਜ਼ਰਵ ਪਿਛਲੇ ਸਾਲ ਤੋਂ ਹੀ ਮਹਿੰਗਾਈ ਨੂੰ ਹੇਠਾਂ ਲਿਆਉਣ ਲਈ ਲਗਾਤਾਰ ਵਿਆਜ ਦਰ ਵਿਚ ਵਾਧਾ ਕਰ ਰਿਹਾ ਹੈ। ਪਿਛਲੀਆਂ 12 ਬੈਠਕਾਂ 'ਚੋਂ 11 ਵਾਰ ਦਰ ਵਾਧਾ ਹੋਇਆ ਹੈ। ਬੁੱਧਵਾਰ ਨੂੰ ਹੀ ਫੈੱਡਰਲ ਰਿਜ਼ਰਵ ਨੇ ਵਿਆਜ ਦਰ ਨੂੰ ਵਧਾ ਕੇ 5.25-5.50 ਫੀਸਦੀ ਕਰ ਦਿੱਤਾ। ਇਸ ਦੇ ਨਾਲ ਹੀ ਉਸ ਨੇ ਅਗਲੀਆਂ ਬੈਠਕਾਂ ਵਿਚ ਵੀ ਵਿਕਾਸ ਦੀ ਸੰਭਾਨਾਵਾਂ ਨੂੰ ਖੁੱਲ੍ਹਾ ਰੱਖਿਆ ਹੈ। ਹਾਲਾਂਕਿ ਵਿਆਜ ਦਰ ਵਧਾਏ ਜਾਣ ਨਾਲ ਅਮਰੀਕੀ ਅਰਥਵਿਵਸਥਾ ਦੇ ਮੰਦੀ 'ਚ ਚਲੇ ਜਾਣ ਦੇ ਖਦਸ਼ੇ ਪ੍ਰਗਟਾਏ ਜਾਂਦੇ ਰਹੇ ਹਨ ਪਰ ਇਸ ਨੇ ਆਪਣਾ ਜੁਝਾਰੂਪਨ ਦਿਖਾਉਂਦੇ ਹੋਏ ਇਸ ਤੋਂ ਕਾਫੀ ਹੱਦ ਤੱਕ ਦੂਰ ਰਹਿਣ ਦੇ ਸੰਕੇਤ ਦਿੱਤੇ ਹਨ। ਕੌਮਾਂਤਰੀ ਮੁਦਰਾ ਫੰਡ ਨੇ ਇਸੇ ਹਫਤੇ ਜਾਰੀ ਆਪਣੇ ਅਨੁਮਾਨ ਵਿਚ ਕਿਹਾ ਕਿ ਇਸ ਸਾਲ ਅਮਰੀਕੀ ਅਰਥਵਿਵਸਥਾ ਦੀ ਕੁੱਲ ਵਿਕਾਸ ਦਰ 1.8 ਫੀਸਦੀ ਰਹਿ ਸਕਦੀ ਹੈ, ਜੋ ਸਾਲ 2022 ਵਿਚ 2 ਫੀਸਦੀ ਰਹੀ ਸੀ। ਹਾਲਾਂਕਿ ਮਾਨੇਟਰੀ ਫੰਡ ਨੇ ਅਪ੍ਰੈਲ 'ਚ ਵਿਕਾਸ ਦਰ 1.6 ਫੀਸਦੀ ਹੀ ਰਹਿਣ ਦੀ ਗੱਲ ਕਹੀ ਸੀ।

## ਬੇਰੁਜ਼ਗਾਰੀ ਲਾਭ ਹਾਸਲ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਅਰਜ਼ੀਆਂ 5 ਮਹੀਨਿਆਂ 'ਚ ਸਭ ਤੋਂ ਘੱਟ

ਅਮਰੀਕਾ 'ਚ ਬੇਰੁਜ਼ਗਾਰੀ ਭੱਤਾ ਅਤੇ ਉਸ ਨਾਲ ਜੁੜੇ ਹੋਰ ਲਾਭ ਹਾਸਲ ਕਰਨ ਲਈ ਅਰਜ਼ੀ ਦਾਖਲ ਕਰਨ ਵਾਲਿਆਂ ਦੀ ਗਿਣਤੀ ਵਿਚ ਪਿਛਲੇ ਹਫਤੇ ਗਿਰਾਵਟ ਦਰਜ ਕੀਤੀ ਗਈ। ਇਹ ਅੰਕੜਾ ਘਟਾ ਕੇ 5 ਮਹੀਨਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪੁੱਜ ਗਿਆ ਹੈ। ਕਿਰਤ ਮੰਤਰਾਲਾ ਦੀ ਜਾਰੀ ਰਿਪੋਰਟ ਮੁਤਾਬਕ 22 ਜੁਲਾਈ ਨੂੰ ਸਮਾਪਤ ਹਫਤੇ ਵਿਚ ਬੇਰੁਜ਼ਗਾਰੀ ਲਾਭ ਲਈ 2,21,000 ਅਰਜ਼ੀਆਂ ਮਿਲੀਆਂ, ਜਦਕਿ ਇਕ ਹਫਤਾ ਪਹਿਲਾਂ 2,28,000 ਅਰਜ਼ੀਆਂ ਮਿਲੀਆਂ ਸਨ। ਇਨ੍ਹਾਂ ਵਿਚ 7000 ਦੀ ਗਿਰਾਵਟ ਦਰਜ ਕੀਤੀ ਗਈ। ਇਹ ਫਰਵਰੀ ਤੋਂ ਬਾਅਦ ਸਭ ਤੋਂ ਘੱਟ ਹੈ। ਅਮਰੀਕਾ 'ਚ 15 ਜੁਲਾਈ ਨੂੰ ਸਮਾਪਤ ਹਫਤੇ 'ਚ 16.9 ਲੱਖ ਲੋਕ ਬੇਰੁਜ਼ਗਾਰੀ ਲਾਭ ਹਾਸਲ ਕਰ ਰਹੇ ਸਨ। ਇਹ ਉਸ ਦੇ ਪਿਛਲੇ ਹਫਤੇ ਦੀ ਤੁਲਨਾ 'ਚ ਕਰੀਬ 59,000 ਘੱਟ ਅਤੇ ਜਨਵਰੀ ਤੋਂ ਬਾਅਦ ਸਭ ਤੋਂ ਘੱਟ ਸੀ।

# ਪੈਂਟਾਗਨ ਦਾ ਖੁਲਾਸਾ; ਯੂਕਰੇਨ ਦੀ ਬਲੈਕ ਮਾਰਕੀਟ 'ਚ ਵੇਚੇ ਜਾ ਰਹੇ ਹਨ ਅਮਰੀਕੀ ਫੌਜੀ ਹਥਿਆਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਤੋਂ ਯੂਕ੍ਰੇਨ ਭੇਜੇ ਗਏ ਕਈ ਫੌਜੀ ਹਥਿਆਰ ਅਪਰਾਧੀਆਂ ਦੇ ਹੱਥ ਲੱਗ ਚੁੱਕੇ ਹਨ। ਇੰਨਾ ਹੀ ਨਹੀਂ, ਹੁਣ ਇਹ ਹਥਿਆਰ ਯੂਕ੍ਰੇਨ ਦੀ ਬਲੈਕ ਮਾਰਕੀਟ 'ਚ ਵੇਚੇ ਜਾ ਰਹੇ ਹਨ। ਇਸ ਦਾ ਖੁਲਾਸਾ ਸਭ ਤੋਂ ਪਹਿਲਾਂ ਇਸ ਸਾਲ ਦੇ ਸ਼ੁਰੂ ਵਿਚ ਅਮਰੀਕੀ ਖੋਜੀ ਪੱਤਰਕਾਰ ਸੀਮੋਰ ਹਰਸ਼ ਵੱਲੋਂ ਕੀਤਾ ਗਿਆ ਸੀ, ਜਿਸ ਨੇ ਦੱਸਿਆ ਸੀ ਕਿ ਪੱਛਮੀ ਦੇਸ਼ਾਂ ਨੂੰ ਪਤਾ ਹੈ ਕਿ ਉਸਨੇ ਯੂਕ੍ਰੇਨ ਨੂੰ ਜੋ ਹਥਿਆਰ ਸਪਲਾਈ ਕੀਤੇ ਸਨ, ਉਹ ਬਲੈਕ ਮਾਰਕੀਟ ਵਿਚ ਵੇਚੇ ਜਾ ਰਹੇ ਹਨ। ਹੁਣ ਅਮਰੀਕੀ ਰੱਖਿਆ ਮੰਤਰਾਲਾ ਪੈਂਟਾਗਨ ਨੇ ਵੀ ਬਲੈਕ ਮਾਰਕੀਟ 'ਚ ਅਮਰੀਕੀ ਹਥਿਆਰਾਂ ਦੀ ਵਿਕਰੀ ਦੀ ਪੁਸ਼ਟੀ ਕੀਤੀ ਹੈ। ਪੈਂਟਾਗਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਇਕ ਅਮਰੀਕੀ ਮਿਲਟਰੀ ਸਮਾਚਾਰ ਆਊਟਲੈੱਟ ਨੇ ਦਾਅਵਾ ਕੀਤਾ ਹੈ ਕਿ ਯੂਕ੍ਰੇਨੀ ਫੌਜਾਂ ਲਈ ਪੱਛਮੀ ਦੇਸ਼ਾਂ ਤੋਂ ਮਿਲੇ ਕੁਝ ਹਥਿਆਰ ਅਤੇ ਉਪਕਰਨਾਂ ਨੂੰ ਪਿਛਲੇ ਸਾਲ ਤਸਕਰਾਂ, ਅਪਰਾਧੀਆਂ ਅਤੇ ਵਾਲੰਟੀਅਰ ਫਾਈਟਰਾਂ ਨੇ ਚੋਰੀ ਕਰ ਲਿਆ ਸੀ। ਅਮਰੀਕਾ ਦੇ ਇਸ ਖੁਲਾਸੇ ਨੇ ਨਾਟੋ ਦੇਸ਼ਾਂ ਵਿਚ ਹਲਚਲ ਮਚਾ ਦਿੱਤੀ ਹੈ।

# ਧੜਾਧੜ ਵੀਜ਼ਿਆ ਕਾਰਨ ਕੈਨੇਡਾ ਦੇ ਕਾਲਜਾਂ ਵੱਲੋਂ ਦਾਖਲੇ ਰੱਦ !

## ਕਾਲਜਾਂ ਵੱਲੋਂ ਸੀਟਾਂ ਘੱਟ ਹੋਣ ਦਾ ਦਿੱਤਾ ਗਿਆ ਹਵਾਲਾ

ਵੈਨਕੂਵਰ, (ਪੰਜਾਬ ਮੇਲ)- ਭਾਰਤ ਵਿਚ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ, ਜੋ ਹਰ ਸਾਲ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਜਾਂਦੇ ਹਨ। ਹਾਲ ਹੀ ਦੇ ਸਾਲਾਂ ਵਿਚ ਵਿਦੇਸ਼ਾਂ ਵਿਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਰ ਹੁਣ ਸੈਕੜੇ ਵਿਦਿਆਰਥੀਆਂ ਦਾ ਕੈਨੇਡਾ 'ਚ ਪੜ੍ਹਾਈ ਕਰਨ ਦਾ ਸੁਫਨਾ ਉਸ ਸਮੇਂ ਚਕਨਾਚੂਰ ਹੋ ਗਿਆ, ਜਦੋਂ ਕੈਨੇਡਾ ਦੇ ਕਾਲਜਾਂ ਨੇ ਸੀਟਾਂ ਘੱਟ ਹੋਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਦਾ ਦਾਖਲਾ ਰੱਦ ਕਰ ਦਿਤਾ।

ਇਸ ਦੇ ਚੱਲਦਿਆਂ ਸਤੰਬਰ 23 ਇਨਟੇਕ ਲਈ ਪੜ੍ਹਾਈ ਕਰਨ ਜਾ ਰਹੇ ਇਕ ਕਾਲਜ ਦੇ ਹਜ਼ਾਰ ਦੇ ਕਰੀਬ ਵਿਦਿਆਰਥੀਆਂ ਦੀ ਵੀਜ਼ਾ ਰੱਦ ਹੋਣ ਕਾਰਨ ਨਿਰਾਸ਼ ਹੋ ਗਏ, ਉਥੇ ਕਈ ਹੋਰ ਪ੍ਰਾਈਵੇਟ ਤੇ ਸਰਕਾਰੀ ਕਾਲਜਾਂ ਵਲੋਂ ਹਜ਼ਾਰਾਂ ਵਿਦਿਆਰਥੀਆਂ ਦਾ ਦਾਖਲਾ ਮੁਲਤਵੀ ਕਰ ਦਿਤਾ ਗਿਆ ਹੈ, ਜਿਨ੍ਹਾਂ ਵਲੋਂ ਮੁੜ ਦਾਖਲੇ ਲਈ ਇੰਤਜ਼ਾਰ ਕਰਨ ਲਈ ਕਿਹਾ ਗਿਆ ਹੈ। ਇਸ ਗੱਲ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਰਾਏਕੋਟ ਦੇ ਕਈ ਆਈਲੈਟਸ ਸੈਂਟਰਾਂ ਰਾਹੀਂ ਕੈਨੇਡੀਅਨ ਕਾਲਜ਼ਾਂ ਦੀਆਂ ਫੀਸਾਂ ਭਰਨ ਵਾਲੇ ਵਿਦਿਆਰਥੀਆਂ ਨੂੰ ਕਾਲਜਾਂ ਵਲੋਂ ਦਾਖਲਾ ਰੱਦ ਕਰਨ ਦੀ ਈਮੇਲ ਆਉਣੀਆਂ ਸ਼ੁਰੂ ਹੋਈਆਂ। ਇਸ ਈਮੇਲ ਤੋਂ ਬਾਅਦ ਵਿਦਿਆਰਥੀਆਂ ਤੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਭਾਜੜਾਂ ਪੈ ਗਈਆਂ। ਸੂਤਰਾ ਅਨੁਸਾਰ ਇਸ ਸਾਲ ਕੈਨੇਡਾ ਸਰਕਾਰ ਤੇ ਇਮੀਗ੍ਰੇਸ਼ਨ ਵਿਭਾਗ ਵਲੋਂ 90 ਤੋਂ 95 ਫੀਸਦੀ ਵਿਦਿਆਰਥੀਂ ਨੂੰ ਵੀਜ਼ਾ ਦਿਤਾ, ਜਦਕਿ ਪਿਛਲੇ ਸਮੇਂ ਵਿਚ ਵੀਜ਼ਾ ਦਰ 50 ਤੋਂ 60 ਫੀਸਦੀ ਹੁੰਦੀ ਸੀ ਪਰ ਇਸ ਸਾਲ ਜ਼ਿਆਦਾ ਵਿਦਿਆਰਥੀਆਂ ਨੂੰ ਵੀਜ਼ਾ ਮਿਲਣਾ ਹੀ ਕਾਲਜਾਂ ਵਿਚ ਸੀਟਾਂ ਘਟਣ ਦਾ ਮੁੱਖ ਕਾਰਨ ਹੈ।

# ਕੈਨੇਡਾ 'ਚ ਗੈਂਗਸਟਰ ਰਵਿੰਦਰ ਸਮਰਾ ਦਾ ਕਤਲ

ਰਿਚਮੰਡ, (ਪੰਜਾਬ ਮੇਲ)- ਰਿਚਮੰਡ ਵਿਚ ਸੰਯੁਕਤ ਰਾਸ਼ਟਰ ਵੱਲੋਂ ਗੈਂਗਸਟਰ ਐਲਾਨੇ ਰਵਿੰਦਰ ਸਮਰਾ ਦਾ ਕਤਲ ਕਰ ਦਿੱਤਾ ਹੈ। ਇਸ ਤੋਂ ਦੋ ਮਹੀਨੇ ਪਹਿਲਾਂ ਇਸਦੇ ਭਰਾ ਦਾ ਵੀ ਕਤਲ ਕੀਤਾ ਗਿਆ ਸੀ। 36 ਸਾਲਾ ਸਮਰਾ 'ਤੇ ਸ਼ਾਮ 5.45 ਵਜੇ 8000 ਬਲਾਕ ਮਿਨਲਰ ਰੋਡ 'ਤੇ ਅਣਗਿਣਤ ਗੋਲੀਆਂ ਮਾਰੀਆਂ ਗਈਆਂ। ਇੰਟੀਗ੍ਰੇਟਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਅਧਿਕਾਰੀ ਸੁੱਖੀ ਢੇਸੀ ਨੇ ਦੱਸਿਆ ਕਿ ਸਮਰਾ ਦਾ ਕਤਲ ਬ੍ਰਿਟਿਸ਼ ਕੋਲੰਬੀਆ ਵਿਚ ਗੈਂਗ ਵਾਰ ਦਾ ਨਤੀਜਾ ਹੈ। ਗਵਾਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਚਾਰ ਤੋਂ ਪੰਜ ਧਮਾਕਿਆਂ ਦੀ ਆਵਾਜ਼ ਸੁਣੀ ਤੇ ਫਿਰ ਮਸ਼ੀਨਗੰਨ ਨਾਲ ਫਾਇਰਿੰਗ ਦੀ ਆਵਾਜ਼ ਆਈ।

# ਅਮਰੀਕਾ 'ਚ 200 ਤੋਂ ਵੱਧ ਮਰੀਜ਼ਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ੀ ਗਾਇਨੀਕੋਲੋਜਿਸਟ ਨੂੰ 20 ਸਾਲ ਦੀ ਸਜ਼ਾ

ਨਿਊਯਾਰਕ, (ਪੰਜਾਬ ਮੇਲ)-ਅਮਰੀਕਾ ਵਿਖੇ ਨਿਊਯਾਰਕ ਦੇ ਵੱਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦਾ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਜਿਨਸੀ ਸ਼ੋਸ਼ਣ ਕਰਨ ਵਾਲੇ ਇਕ ਗਾਇਨੀਕੋਲੋਜਿਸਟ ਨੂੰ ਸਜ਼ਾ ਸੁਣਾਈ ਗਈ। ਘੱਟੋ-ਘੱਟ 245 ਔਰਤਾਂ ਨੇ ਦਾਅਵਾ ਕੀਤਾ ਕਿ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਚੱਲੇ ਇਲਾਜ ਦੌਰਾਨ ਰੌਬਰਟ ਹੈਡਨ ਦੁਆਰਾ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਗਿਆ ਸੀ। ਜੱਜ ਰਿਚਰਡ ਐੱਮ. ਬਰਮਨ ਨੇ ਕਿਹਾ ਕਿ ਇਹ ਕੇਸ ਉਸ ਤਰ੍ਹਾਂ ਦਾ ਸੀ, ਜਿਸ ਨੂੰ ਉਸਨੇ ਪਹਿਲਾਂ ਨਹੀਂ ਦੇਖਿਆ ਸੀ ਅਤੇ ਇਸ ਵਿਚ "ਅਪਮਾਨਜਨਕ, ਭਿਆਨਕ, ਅਸਾਧਾਰਣ, ਘਟੀਆ ਜਿਨਸੀ ਸ਼ੋਸ਼ਣ" ਸ਼ਾਮਲ ਸੀ।



ਮੁਕੱਦਮੇ ਦੌਰਾਨ 9 ਪੀੜਤਾਂ ਨੇ ਗਵਾਹੀ ਦਿੱਤੀ, ਇਹ ਦੱਸਦੇ ਹੋਏ ਕਿ 64 ਸਾਲਾ ਹੈਡਨ ਦੁਆਰਾ ਕੋਲੰਬੀਆ ਯੂਨੀਵਰਸਿਟੀ ਇਰਵਿੰਗ ਮੈਡੀਕਲ ਸੈਂਟਰ ਸਮੇਤ ਅਮਰੀਕਾ ਦੇ ਪ੍ਰਮੁੱਖ ਹਸਪਤਾਲਾਂ ਵਿਚ ਉਨ੍ਹਾਂ ਨਾਲ ਕਿਵੇਂ ਛੇੜਛਾੜ ਕੀਤੀ ਗਈ ਸੀ। ਅਦਾਲਤ ਨੇ ਸੁਣਿਆ ਕਿ ਹੈਡਨ ਕਮਜ਼ੋਰ ਪੀੜਤਾਂ ਦੀ ਜਾਂਚ ਕਰਦਾ ਸੀ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਗਰਭਵਤੀ ਸਨ ਜਾਂ ਉਨ੍ਹਾਂ ਨੂੰ ਸਿਹਤ ਸਮੱਸਿਆਵਾਂ ਸਨ। ਉਹ ਉਨ੍ਹਾਂ ਨੂੰ ਗ਼ਲਤ ਢੰਗ ਨਾਲ ਛੂੰਹਦਾ ਸੀ ਅਤੇ ਕਈ ਵਾਰ ਜ਼ੁਬਾਨੀ ਤੌਰ 'ਤੇ ਗ਼ਲਤ ਸ਼ਬਦਾਂ ਦੀ ਵਰਤੋਂ ਕਰਦਾ ਸੀ।







# ਜਸਟਿਨ ਟਰੂਡੋ ਵੱਲੋਂ ਕੈਬਨਿਟ 'ਚ ਵੱਡਾ ਫੇਰਬਦਲ

- 7 ਨਵੇਂ ਮੰਤਰੀ ਲਏ ਅਤੇ ਪੁਰਾਣੇ 7 ਮੰਤਰੀਆਂ ਦੀ ਕੀਤੀ ਛੁੱਟੀ
- ਭਾਰਤੀ ਮੂਲ ਦੀ ਅਨੀਤਾ ਆਨੰਦ ਨੂੰ ਮਿਲਿਆ ਵੱਡਾ ਅਹੁਦਾ
- 23 ਮੰਤਰੀਆਂ ਦੇ ਮਹਿਕਮੇ ਕੀਤੇ ਤਬਦੀਲ



**ਸਰੀ**, (ਹਰਦਮ ਮਾਨ/ਪੰਜਾਬ ਮੇਲ)- ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਕੈਬਨਿਟ 'ਚ ਵੱਡੀ ਫੇਰਬਦਲ ਕਰਦਿਆਂ 7 ਨਵੇਂ ਚਿਹਰੇ ਲਏ ਹਨ ਅਤੇ 23 ਮੰਤਰੀਆਂ ਦੇ ਮਹਿਕਮੇ ਤਬਦੀਲ ਕੀਤੇ ਗਏ ਹਨ ਅਤੇ 7 ਮੰਤਰੀਆਂ ਦੀ ਛੁੱਟੀ ਕਰ ਦਿੱਤੀ ਹੈ। ਹੁਣ ਕੁੱਲ 38 ਮੈਂਬਰੀ ਮੰਤਰੀ ਮੰਡਲ ਵਿਚ ਔਰਤਾਂ ਅਤੇ ਮਰਦਾਂ ਦੀ ਬਰਾਬਰ ਗਿਣਤੀ ਹੈ।

ਨਵੇਂ ਮੰਤਰੀ ਮੰਡਲ 'ਚ ਸਿਰਫ਼ 8 ਮੰਤਰੀਆਂ ਦੇ ਮਹਿਕਮਿਆਂ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ। ਇਨ੍ਹਾਂ ਵਿਚ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਵਿਦੇਸ਼ ਮਾਮਲਿਆਂ ਦੇ ਮੰਤਰੀ ਮੇਲਾਨੀਆ ਜੋਲੀ, ਇਨੋਵੇਸ਼ਨ ਮੰਤਰੀ ਫ੍ਰਾਂਕੋਇਸ-ਫਿਲਿਪ ਸ਼ੈਂਪੇਨ, ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਮੰਤਰੀ ਸਟੀਵਨ ਗਿਲਬੌਲਟ, ਸਵਦੇਸ਼ੀ ਸੇਵਾਵਾਂ ਅਤੇ ਉੱਤਰੀ ਓਨਟਾਰੀਓ ਲਈ ਸੰਘੀ ਆਰਥਿਕ ਵਿਕਾਸ ਮੰਤਰੀ ਪੈਟੀ ਹਜਦੂ, ਮਹਿਲਾ ਅਤੇ ਲਿੰਗ ਸਮਾਨਤਾ ਅਤੇ ਯੁਵਾ ਮੰਤਰੀ ਮਾਰਸੀ ਆਇਨ, ਦੱਖਣੀ ਓਨਟਾਰੀਓ ਲਈ ਸੰਘੀ ਆਰਥਿਕ ਵਿਕਾਸ ਮੰਤਰੀ ਫਿਲੋਮੇਨਾ ਟੈਸੀ, ਉੱਤਰੀ ਮਾਮਲੇ, ਪ੍ਰੇਰੀਜ਼ ਇਕਨਾਮਿਕ ਡਿਵੈਲਪਮੈਂਟ ਕੈਨੇਡਾ ਅਤੇ ਕੈਨੇਡੀਅਨ ਉੱਤਰੀ ਆਰਥਿਕ ਵਿਕਾਸ ਮੰਤਰੀ ਡੈਨ ਵੈਂਡਲ ਸ਼ਾਮਲ ਹਨ।

ਨਵੇਂ ਮੰਤਰੀ ਮੰਡਲ 'ਚ ਪੰਜਾਬੀ ਮੂਲ ਦੇ ਹਰਜੀਤ ਸਿੰਘ ਸੱਜਣ ਨੂੰ ਕੈਨੇਡਾ ਦੀ ਕਿੰਗਜ਼ ਪ੍ਰੀਵੀ ਕੌਂਸਲ ਦਾ ਪ੍ਰਧਾਨ ਅਤੇ ਐਮਰਜੈਂਸੀ ਤਿਆਰੀ ਬਾਰੇ ਅਤੇ ਕੈਨੇਡਾ ਦੀ ਪੈਸੀਫਿਕ ਆਰਥਿਕ ਵਿਕਾਸ ਮੰਤਰੀ ਨਿਯੁਕਤ ਕੀਤਾ ਗਿਆ। ਕਮਲ ਖਹਿਰਾ ਨੂੰ ਵਿਭਿੰਨਤਾ, ਸ਼ਮੂਲੀਅਤ ਅਤੇ ਅਪਾਹਜ ਵਿਅਕਤੀਆਂ ਦੇ ਮੰਤਰੀ ਬਣਾਇਆ ਗਿਆ ਹੈ। ਦੱਖਣੀ ਏਸ਼ੀਆਈ ਮੂਲ ਦੇ ਆਰਿਫ ਵਿਰਾਨੀ ਨੂੰ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਬਣਾਇਆ ਗਿਆ ਅਤੇ ਉਹ ਪਹਿਲੇ ਇਸਮਾਈਲੀ ਮੰਤਰੀ ਬਣੇ ਹਨ। ਇਸੇ ਤਰ੍ਹਾਂ ਸ਼੍ਰੀਲੰਕਾ ਮੂਲ ਦੇ ਗੈਰੀ ਆਨੰਦਸੰਗਰੀ ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਬਣੇ ਅਤੇ ਉਹ ਪਹਿਲੇ ਤਾਮਿਲ ਮੰਤਰੀ ਹਨ। ਮਾਰਕ ਮਿਲਰ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਦੇ ਨਵੇਂ ਮੰਤਰੀ ਹਨ। ਜਿਨ੍ਹਾਂ ਪੁਰਾਣੇ ਮੰਤਰੀਆਂ ਦੇ ਮਹਿਕਮੇ ਬਦਲ ਕੇ ਨਵੀਆਂ ਜ਼ਿੰਮੇਂਵਾਰੀਆਂ ਸੌਂਪੀਆਂ ਗਈਆਂ ,ਉਨ੍ਹਾਂ ਵਿਚ ਅਨੀਤਾ ਆਨੰਦ ਖਜ਼ਾਨਾ ਬੋਰਡ ਦੀ ਪ੍ਰਧਾਨ ਬਣੀ ਹੈ। ਇਸ ਤੋਂ ਇਲਾਵਾ ਮੈਰੀ-ਕਲੋਡ ਬਿਬਿਊ ਕੌਮੀ ਮਾਲ ਮੰਤਰੀ, ਬਿਲ ਬਲੇਅਰ ਰਾਸ਼ਟਰੀ ਰੱਖਿਆ ਮੰਤਰੀ, ਰੈਂਡੀ ਬੋਇਸੋਨੌਲਟ ਰੁਜ਼ਗਾਰ, ਕਾਰਜਬਲ ਵਿਕਾਸ ਅਤੇ ਸਰਕਾਰੀ ਭਾਸ਼ਾਵਾਂ ਦੇ ਮੰਤਰੀ, ਜੀਨ-ਯਵੇਸ ਡੁਕਲੋਸ ਜਨਤਕ ਸੇਵਾਵਾਂ ਅਤੇ ਖਰੀਦ ਮੰਤਰੀ, ਸੀਨ ਫਰੇਜ਼ਰ ਹਾਊਸਿੰਗ, ਇਨਫਰਾਸਟਰੱਕਚਰ ਅਤੇ ਕਮਿਊਨਿਟੀਜ਼ ਮੰਤਰੀ, ਕਰੀਨਾ ਗੋਲਡ ਹਾਊਸ ਆਫ ਕਾਮਨਜ਼ ਵਿਚ ਸਰਕਾਰ ਦੀ ਨੇਤਾ, ਮਾਰਕ ਹੌਲੈਂਡ ਸਿਹਤ ਮੰਤਰੀ, ਅਹਿਮਦ ਹੁਸੈਨ ਅੰਤਰਰਾਸ਼ਟਰੀ ਵਿਕਾਸ ਮੰਤਰੀ, ਗੁਡੀ ਹਚਿੰਗਸ ਦਿਹਾਤੀ ਆਰਥਿਕ ਵਿਕਾਸ ਮੰਤਰੀ ਅਤੇ ਅਟਲਾਂਟਿਕ ਕੈਨੇਡਾ ਅਪਰਚਿਊਨਿਟੀਜ਼ ਮੰਤਰੀ, ਕਮਲ ਖਹਿਰਾ ਵਿਭਿੰਨਤਾ, ਸ਼ਮੂਲੀਅਤ ਅਤੇ ਅਪਾਹਜ ਵਿਅਕਤੀਆਂ ਦੇ ਮੰਤਰੀ, ਡੋਮਿਨਿਕ ਲੇਬਲੈਂਕ ਜਨਤਕ ਸੁਰੱਖਿਆ, ਲੋਕਤੰਤਰੀ ਸੰਸਥਾਵਾਂ ਅਤੇ ਅੰਤਰ-ਸਰਕਾਰੀ ਮਾਮਲਿਆਂ ਦੇ ਮੰਤਰੀ, ਡਾਇਨ ਲੇਬੂਥਿਲੀਅਰ ਮੱਛੀ ਪਾਲਣ, ਸਮੁੰਦਰਾਂ ਅਤੇ ਕੈਨੇਡੀਅਨ ਕੋਸਟ ਗਾਰਡ ਮੰਤਰੀ, ਲਾਰੈਂਸ ਮੈਕਾਲੇ ਖੇਤੀਬਾੜੀ ਅਤੇ ਐਗਰੀ-ਫੂਡ ਮੰਤਰੀ, ਮਾਰਕ ਮਿਲਰ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ, ਮੈਰੀ ਐਨਜੀ ਐਕਸਪੋਰਟ ਪ੍ਰਮੋਸ਼ਨ, ਅੰਤਰਰਾਸ਼ਟਰੀ ਵਪਾਰ ਅਤੇ ਆਰਥਿਕ ਵਿਕਾਸ ਮੰਤਰੀ, ਸੀਮਸ ਓ'ਰੀਗਨ ਜੂਨੀਅਰ ਕਿਰਤ ਅਤੇ ਸੀਨੀਅਰ ਮੰਤਰੀ, ਜਿਨੇਟ ਪੇਟੀਪਾਸ ਟੇਲਰ ਵੈਟਰਨਜ਼ ਅਫੇਅਰਜ਼ ਅਤੇ ਰਾਸ਼ਟਰੀ ਰੱਖਿਆ ਦੇ ਐਸੋਸੀਏਟ ਮੰਤਰੀ, ਕਾਰਲਾ ਕੁਆਲਟਰੋ ਖੇਡ ਅਤੇ ਸਰੀਰਕ ਗਤੀਵਿਧੀ ਮੰਤਰੀ, ਪਾਬਲੋ ਰੋਡਰਿਗਜ਼ ਟਰਾਂਸਪੋਰਟ ਮੰਤਰੀ ਅਤੇ ਕਿਊਬਿਕ ਲੈਫਟੀਨੈਂਟ, ਹਰਜੀਤ ਸਿੰਘ ਸੱਜਣ ਕੈਨੇਡਾ ਲਈ ਕਿੰਗਜ਼ ਪ੍ਰਵੀ ਕੌਂਸਲ ਦੇ ਪ੍ਰਧਾਨ, ਐਮਰਜੈਂਸੀ ਅਤੇ ਕੈਨੇਡਾ ਦੀ ਪੈਸੀਫਿਕ ਆਰਥਿਕ ਵਿਕਾਸ ਮੰਤਰੀ, ਪਾਸਕੇਲ ਸੇਂਟ-ਓਂਜ ਕੈਨੇਡੀਅਨ ਹੈਰੀਟੇਜ ਮੰਤਰੀ, ਜੋਨਾਥਨ ਵਿਲਕਿਨਸਨ ਊਰਜਾ ਅਤੇ ਕੁਦਰਤੀ ਸਰੋਤ ਮੰਤਰੀ ਬਣੇ ਹਨ।

### ਮੰਤਰੀ ਮੰਡਲ 'ਚ ਪਹਿਲੀ ਵਾਰ ਸ਼ਾਮਲ ਹੋਏ ਨਵੇਂ ਚਿਹਰੇ

ਗੈਰੀ ਆਨੰਦਸੰਗਰੀ ਕ੍ਰਾਊਨ-ਇੰਡੀਜੀਨਸ ਰਿਲੇਸ਼ਨਜ਼ ਮੰਤਰੀ, ਟੈਰੀ ਬੀਚ ਨਾਗਰਿਕ ਸੇਵਾਵਾਂ ਦੇ ਮੰਤਰੀ, ਸੋਰਾਇਆ ਮਾਰਟੀਨੇਜ਼ ਫਰਾਡਾ ਸੈਰ-ਸਪਾਟਾ ਮੰਤਰੀ ਅਤੇ ਕਿਊਬਿਕ ਦੇ ਖੇਤਰਾਂ ਲਈ ਕੈਨੇਡਾ ਦੇ ਆਰਥਿਕ ਵਿਕਾਸ ਮੰਤਰੀ, ਯਾਰਾ ਸਾਕਸ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਅਤੇ ਐਸੋਸੀਏਟ ਸਿਹਤ ਮੰਤਰੀ, ਜੇਨਾ ਸੂਡਜ਼ ਪਰਿਵਾਰ, ਬੱਚਿਆਂ ਅਤੇ ਸਮਾਜਿਕ ਵਿਕਾਸ ਮੰਤਰੀ, ਰੇਚੀ ਵਾਲਡੇਜ਼ ਛੋਟੇ ਕਾਰੋਬਾਰ ਦੇ ਮੰਤਰੀ, ਆਰਿਫ ਵਿਰਾਨੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਬਣੇ ਹਨ।

# ਅਮਰੀਕਾ 'ਚ ਪੰਜਾਬੀ ਵਿਅਕਤੀ ਨੂੰ ਹੋ ਸਕਦੀ ਹੈ 15 ਸਾਲ ਦੀ ਕੈਦ ਤੇ ਢਾਈ ਲੱਖ ਡਾਲਰ ਜੁਰਮਾਨਾ

- ਮਨੁੱਖੀ ਸਮੱਗਲਿੰਗ ਦੇ ਦੋਸ਼ ਸਵੀਕਾਰੇ
- 28 ਦਸੰਬਰ ਨੂੰ ਸੁਣਾਈ ਜਾਵੇਗੀ ਸਜ਼ਾ



ਨਿਊਯਾਰਕ, (ਪੰਜਾਬ ਮੇਲ)- ਅਮਰੀਕੀ ਅਦਾਲਤ 'ਚ 40 ਸਾਲਾ ਪੰਜਾਬੀ ਮੂਲ ਦੇ ਵਿਅਕਤੀ ਨੂੰ ਭਾਰਤੀਆਂ ਨੂੰ ਨਾਜਾਇਜ਼ ਤਰੀਕੇ ਨਾਲ ਅਮਰੀਕਾ ਪਹੁੰਚਾਉਣ ਅਤੇ ਮਨੁੱਖੀ ਸਮੱਗਲਿੰਗ ਦਾ ਦੋਸ਼ੀ ਠਹਿਰਾਇਆ ਗਿਆ ਹੈ। ਕੈਨੇਡਾ ਤੋਂ ਸੰਯੁਕਤ ਰਾਜ ਅਮਰੀਕਾ 'ਚ ਭਾਰਤੀਆਂ ਨੂੰ ਪਹੁੰਚਾਉਣ ਵਾਲੇ ਇਸ ਸ਼ਖਸ ਦਾ ਨਾਂ ਸਿਮਰਨਜੀਤ ਸਿੰਘ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਨੂੰ ਮਾਰਚ 2020 ਤੋਂ ਮਾਰਚ 2021 ਦਰਮਿਆਨ ਭਾਰਤੀ ਨਾਗਰਿਕਾਂ ਦੀ ਸਮੱਗਲਿੰਗ ਦਾ ਦੋਸ਼ੀ ਪਾਇਆ ਗਿਆ ਹੈ। ਸਿੰਘ ਨੇ ਵੀ ਆਪਣਾ ਦੋਸ਼ ਸਵੀਕਾਰ ਕਰ ਲਿਆ ਹੈ ਅਤੇ ਸਜ਼ਾ 28 ਦਸੰਬਰ ਨੂੰ ਸੁਣਾਈ ਜਾਵੇਗੀ।

ਸੰਯੁਕਤ ਰਾਜ ਅਮਰੀਕਾ ਦੇ ਉੱਤਰੀ ਜ਼ਿਲ੍ਹੇ ਨਿਊਯਾਰਕ ਅਟਾਰਨੀ ਦਫ਼ਤਰ ਨੇ ਮੀਡੀਆ ਨੂੰ ਦਿੱਤੇ ਇਕ ਬਿਆਨ ਵਿਚ ਕਿਹਾ ਹੈ ਕਿ ਸਿਮਰਨਜੀਤ ਸਿੰਘ ਨੂੰ 28 ਜੂਨ 2022 ਨੂੰ ਓਨਟਾਰੀਓ ਵਿਚ ਹਿਰਾਸਤ ਵਿਚ ਲਿਆ ਗਿਆ ਸੀ ਅਤੇ ਉਸ ਦੀ 30 ਮਾਰਚ 2023 ਨੂੰ ਕੈਨੇਡਾ ਤੋਂ ਅਮਰੀਕਾ ਵਿਚ ਹਵਾਲਗੀ ਕੀਤੀ ਗਈ ਸੀ। ਸਿਮਰਨਜੀਤ ਸਿੰਘ ਨੇ ਆਪਣਾ ਦੋਸ਼ ਸਵੀਕਾਰ ਕਰਦੇ ਹੋਏ ਦੱਸਿਆ ਕਿ ਉਸ ਨੇ ਮਾਰਚ 2020 ਤੋਂ ਮਾਰਚ 2021 ਤੱਕ ਲਾਭ ਕਮਾਉਣ ਲਈ ਕੈਨੇਡਾ ਤੋਂ ਕਾਰਨੀਵਾਲ ਦੀਪ ਅਤੇ ਸੇਂਟ ਲਾਰੈਂਸ ਨਦੀ ਖੇਤਰ ਤੋਂ ਸੰਯੁਕਤ ਰਾਜ ਅਮਰੀਕਾ ਵਿਚ ਕਈ ਭਾਰਤੀ ਨਾਗਰਿਕਾਂ ਦੀ ਸਮੱਗਲਿੰਗ ਕੀਤੀ।

ਬਿਆਨ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਜ਼ਰੂਰੀ ਤੌਰ 'ਤੇ 5 ਤੋਂ 15 ਸਾਲ ਤੱਕ ਦੀ ਜੇਲ੍ਹ ਅਤੇ 250,000 ਅਮਰੀਕੀ ਡਾਲਰ ਭਾਵ 2 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਬਾਅਦ ਉਸ ਨੂੰ 3 ਸਾਲ ਤੱਕ ਦੀ ਨਿਗਰਾਨੀ ਹੇਠ ਰਿਹਾਈ ਦੀ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।

# ਕੈਨੇਡਾ ਨੇ ਨਵੇਂ ਐਕਸਪ੍ਰੈੱਸ ਐਂਟਰੀ ਸਿਸਟਮ ਰਾਹੀਂ ਤਜ਼ਰਬੇਕਾਰ ਲੋਕਾਂ ਲਈ ਖੋਲ੍ਹਿਆ ਰਾਹ

**ਟੋਰਾਂਟੋ**, (ਪੰਜਾਬ ਮੇਲ)- ਖਾਸ ਕਿਸਮ ਦੇ ਕੰਮਾਕਾਰਾਂ ਦਾ ਤਜ਼ਰਬਾ ਰੱਖਣ ਵਾਲੇ ਲੋਕਾਂ ਨੂੰ ਕੈਨੇਡਾ ਦੇ ਨਵੇਂ ਐਕਸਪ੍ਰੈੱਸ ਐਂਟਰੀ ਸਿਸਟਮ ਰਾਹੀਂ ਅਪਲਾਈ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ।

ਇੱਕ ਬਿਆਨ 'ਚ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੇ ਐਲਾਨ ਕੀਤਾ ਕਿ ਉਨ੍ਹਾਂ ਵੱਲੋਂ ਕਾਰਪੈਂਟਰੀ, ਪਲੰਬਿੰਗ ਤੇ ਵੈਲਡਿੰਗ 'ਚ ਮੁਹਾਰਤ ਰੱਖਣ ਵਾਲੇ ਹੁਨਰਮੰਦ ਵਰਕਰਜ਼ ਲਈ ਇਮੀਗ੍ਰੇਸ਼ਨ ਦੇ ਰਾਹ ਖੋਲ੍ਹੇ ਜਾ ਰਹੇ ਹਨ। ਮਈ ਵਿਚ ਐਲਾਨੇ ਗਏ ਨਵੇਂ ਐਕਸਪ੍ਰੈੱਸ ਐਂਟਰੀ ਪ੍ਰੋਗਰਾਮ ਵਿਚ ਇਸ ਤੀਜੀ ਵੰਨਗੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਕੈਨੇਡਾ ਨੂੰ ਲੇਬਰ ਸਬੰਧੀ ਖਾਸ ਲੋੜਾਂ ਪੂਰੀਆਂ ਕਰਨ ਦੀ ਖੁੱਲ੍ਹ ਮਿਲੇਗੀ। ਇੱਥੇ ਦੱਸਣਾ ਬਣਦਾ ਹੈ ਕਿ ਇੱਥੇ ਇਨ੍ਹਾਂ ਸੈਕਟਰਜ਼ ਵਿਚ ਕਈ ਕਿਸਮ ਦੀ ਲੇਬਰ ਸਬੰਧੀ ਘਾਟ ਪਾਈ ਜਾ ਰਹੀ ਹੈ। ਇੱਕ ਪ੍ਰੈੱਸ ਰਿਲੀਜ਼ 'ਚ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਹੁਨਰਮੰਦ ਟਰੇਡਜ਼ ਵਰਕਰਜ਼ ਦੀ ਘਾਟ ਨੂੰ ਪੂਰਾ ਕਰਨ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਐਕਸਪ੍ਰੈੱਸ ਐਂਟਰੀ ਸਿਸਟਮ ਤੋਂ ਪਹਿਲਾਂ ਉਮੀਦਵਾਰਾਂ ਨੂੰ ਉਮਰ, ਮੈਰੀਟਲ ਸਟੇਟਸ, ਸਿੱਖਿਆ ਦੇ ਪੱਧਰ ਤੇ ਤਜਰਬੇ ਦੇ ਬਾਵਜੂਦ ਕਈ ਹੋਰਨਾਂ ਮਾਪਦੰਡਾਂ ਦੇ ਹਿਸਾਬ ਨਾਲ ਅੰਕ ਦਿੱਤੇ ਜਾਂਦੇ ਸਨ।



# ਸਿਆਟਲ ਵਿਚ ਬੱਚਿਆਂ ਦੇ ਖੇਡ ਕੈਂਪ ਦਾ 27 ਦੀ ਬਜਾਏ 20 ਅਗਸਤ ਨੂੰ ਸਮਾਪਤੀ ਸਮਾਰੋਹ







ਬੱਚਿਆਂ ਦੇ ਖੇਡ ਕੈਂਪ 'ਚ ਮਿਸ ਅਮਰੀਕਾ ਬਣੀ ਕੈਂਟ ਦੀ ਸ਼੍ਰੀ ਸੈਣੀ ਦਾ ਸਵਾਗਤ ਕਰਦੇ ਸਮੇਂ। (ਸੱਜੇ) ਬੱਚਿਆਂ ਦੀ ਹੌਂਸਲਾ ਅਫਜ਼ਾਈ ਕਰਦੇ ਸਮੇਂ ਮਿਸ ਅਮਰੀਕਾ ਸ਼੍ਰੀ ਸੈਣੀ।



ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਜੁਲਾਈ, ਅਗਸਤ 'ਚ ਚੱਲ ਰਹੇ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ 27 ਅਗਸਤ ਦੀ ਬਜਾਏ 20 ਅਗਸਤ ਨੂੰ ਕਰਨ ਦਾ ਫੈਸਲਾ ਕੀਤਾ ਗਿਆ ਹੈ, ਕਿਉਂਕਿ ਸਾਕਰ, ਵਾਲੀਬਾਲ, ਕੁਸ਼ਤੀਆਂ ਤੇ ਬੱਚਿਆਂ ਦੀਆਂ ਦੌੜਾਂ ਦੇ ਟੂਰਨਾਮੈਂਟ 26-27 ਅਗਸਤ ਨੂੰ ਸੀ ਟੈਕ ਦੇ ਹਾਈ ਸਕੂਲ ਦੇ ਖੁੱਲ੍ਹੇ ਮੈਦਾਨ ਵਿਚ ਹੋ ਰਹੇ ਹਨ, ਜਿਸ ਕਰਕੇ ਬੱਚਿਆਂ ਦਾ ਖੇਡ ਕੈਂਪ 20 ਅਗਸਤ ਨੂੰ ਸਮਾਪਤੀ ਸਮਾਰੋਹ ਸ਼ਾਮ 5 ਤੋਂ 7.30 ਤੱਕ ਕਰਨ ਦਾ ਫੈਸਲਾ ਕੀਤਾ ਗਿਆ ਹੈ। 19 ਅਗਸਤ ਸ਼ਾਮ 5 ਤੋਂ 7 ਵਜੇ ਤੱਕ ਵਿਲਸਨ ਪਲੇਅ ਫੀਲਡਜ਼ ਕੈਂਟ ਵਿਚ ਸਾਕਰ ਤੇ ਵਾਲੀਬਾਲ ਅਤੇ ਬੱਚਿਆਂ ਦੀਆਂ ਦੌੜਾਂ ਹੋਣਗੀਆਂ ਅਤੇ 20 ਅਗਸਤ ਨੂੰ ਸ਼ਾਮ 5 ਤੋਂ 6 ਵਜੇ ਤੱਕ ਫਾਈਨਲ ਮੁਕਾਬਲੇ ਹੋਣਗੇ ਅਤੇ 6 ਤੋਂ 7.30 ਵਜੇ ਤੱਕ ਸਮਾਪਤੀ ਸਮਾਰੋਹ ਤੇ ਜੇਤੂਆਂ ਨੂੰ ਇਨਾਮ ਅਤੇ ਦਾਨੀਆਂ, ਕੋਚਾਂ, ਵਾਲੰਟੀਅਰਾਂ ਤੇ ਸਮਾਜ ਸੰਸਥਾਵਾਂ ਦੇ ਮੁਖੀਆਂ ਦਾ ਮਾਣ-ਸਨਮਾਨ ਤੇ ਰੰਗਾਰੰਗ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ। ਉਪਰੰਤ ਸੇਮ ਵਿਰਕ ਤੇ ਗੁਰਪ੍ਰੀਤ ਸਿੰਘ ਗੋਗਾ ਵਿਰਕ ਵੱਲੋਂ ਮਹਾਰਾਜਾ ਪੈਲੇਸ ਤੋਂ ਤਿਆਰ ਕਰਕੇ ਰਾਤਰੀ ਭੋਜਨ ਦੀ ਸੇਵਾ ਕੀਤੀ ਜਾ ਰਹੀ ਹੈ। ਜਿਸ ਦਾ ਬੱਚੇ ਤੇ ਉਨ੍ਹਾਂ ਦੇ ਮਾਪੇ, ਦਾਨੀਆਂ, ਸਮਰਥਕਾਂ ਤੇ ਮਹਿਮਾਨਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ। ਪੰਜਾਬੀ ਭਾਈਚਾਰਾ ਦੇ ਸਹਿਯੋਗ ਨਾਲ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾਇਆ ਜਾ ਰਿਹਾ ਹੈ, ਜਿੱਥੇ ਬੱਚਿਆਂ ਨੂੰ ਸਰੀਰਕ ਫਿਟਨੈੱਸ ਤੇ ਵੱਖ-ਵੱਖ ਖੇਡਾਂ 'ਚ ਕੋਚਿੰਗ ਮੁਹੱਈਆ ਕੀਤੀ ਜਾਂਦੀ ਹੈ ਅਤੇ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

## ਟੈਕਸਾਸ ਦੇ ਗੁਰਦੁਆਰਾ ਸਾਹਿਬ 'ਚੋਂ ਦਿਨ-ਦਿਹਾੜੇ ਗੋਲਕ ਹੋਈ ਚੋਰੀ

ਟੈਕਸਾਸ, (ਪੰਜਾਬ ਮੇਲ)- ਅਮਰੀਕਾ ਦੇ ਟੈਕਸਾਸ ਸੂਬੇ ਵਿਚ ਇਕ ਗੁਰਦੁਆਰਾ ਸਾਹਿਬ ਵਿਚੋਂ ਦਿਨ-ਦਿਹਾੜੇ ਗੋਲਕ ਚੋਰੀ ਹੋਣ ਦਾ ਹੈਰਾਨਕੁੰਨ ਮਾਮਲਾ ਸਾਹਮਣੇ ਆਇਆ ਹੈ। ਸੈਨ ਐਂਟੋਨੀਓ ਸ਼ਹਿਰ ਦੇ ਗੁਰਦੁਆਰਾ ਸਿੱਖ ਧਰਮਸਾਲ ਵਿਖੇ ਵਾਪਰੀ ਵਾਰਦਾਤ ਮਗਰੋਂ ਪ੍ਰਬੰਧਕ ਕਮੇਟੀ ਵੱਲੋਂ ਹੋਰਨਾਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਸੁਚੇਤ ਰਹਿਣ ਲਈ ਆਖਿਆ ਗਿਆ ਹੈ। ਗੁਰਦੁਆਰਾ ਸਿੱਖ ਧਰਮਸਾਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਪਾਲ ਸਿੰਘ ਨੇ ਦੱਸਿਆ ਕਿ ਗੋਲਕ 'ਚ ਤਕਰੀਬਨ ਪੰਜ ਹਜ਼ਾਰ ਡਾਲਰ ਸਨ ਅਤੇ ਚੋਰ ਗੋਲਕ ਤੋੜ ਕੇ ਸਾਰੀ ਰਕਮ ਇਕ ਥੈਲੇ ਵਿਚ ਪਾ ਕੇ ਲੈ ਗਿਆ। ਵਾਰਦਾਤ ਦੀ ਸੀ.ਸੀ.ਟੀ.ਵੀ. ਫੁਟੇਜ ਵਿਚ ਦੇਖਿਆ ਜਾ ਸਕਦਾ ਹੈ ਕਿ ਚੋਰ ਦਰਬਾਰ ਹਾਲ 'ਚ ਦਾਖਲ ਹੁੰਦਾ ਹੈ ਅਤੇ ਸ੍ਰੀ ਗ੍ਰੰਥ ਸਾਹਿਬ ਦੇ ਅੱਗੇ ਪਈ ਗੋਲਕ ਘੜੀਸ ਕੇ ਬਾਹਰ ਵੱਲ ਲੈ ਜਾਂਦਾ ਹੈ। ਦਰਬਾਰ ਹਾਲ ਦੇ ਮੁੱਖ ਦਰਵਾਜ਼ੇ ਨੇੜੇ ਜਾ ਕੇ ਉਹ ਗੋਲਕ ਦਾ ਜਿੰਦਾ ਤੋੜਦਾ ਹੈ ਅਤੇ ਸਾਰੀ ਰਕਮ ਇਕ ਥੈਲੇ 'ਚ ਭਰਨੀ ਸ਼ੁਰੂ ਕਰ ਦਿੰਦਾ ਹੈ। ਚੋਰ ਨੇ ਕਾਲੀ ਸ਼ਰਟ ਅਤੇ ਜੀਨਜ਼ ਪਹਿਨੀ ਹੋਈ ਸੀ।

## ਖਾਲੜਾ ਪਾਰਕ ਕਮੇਟੀ ਤੇ ਇੰਡੋ ਯੂ.ਐੱਸ. ਹੈਰੀਟੇਜ਼ ਵੱਲੋਂ ਹਿਊਮਨ ਰਾਈਟਸ ਦਿਨ ਸਬੰਧੀ ਤਿਆਰੀਆਂ ਆਰੰਭ



ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)- ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਕੇ ਸਥਾਨਕ ਬਾਬਿਆਂ ਦੀ ਖਾਲੜਾ ਪਾਰਕ ਕਮੇਟੀ, ਜੈਕਾਰਾ ਮੂਵਮੈਂਟ ਅਤੇ ਇੰਡੋ ਯੂ.ਐੱਸ. ਹੈਰੀਟੇਜ਼ ਐਸੋਸੀਏਸ਼ਨ ਵੱਲੋ ਉਪਰਾਲੇ ਆਰੰਭ ਦਿੱਤੇ ਗਏ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਯਾਦ ਕਰਦਿਆ ਫਰਿਜ਼ਨੋ ਦੇ ਖਾਲੜਾ ਪਾਰਕ ਵਿਚ 16 ਸਤੰਬਰ, ਦਿਨ ਸ਼ਨੀਵਾਰ ਨੂੰ ਦੁਪਿਹਰ ਦੋ ਵਜੇ ਸ਼ਰਧਾਂਜਲੀ ਸਮਾਗਮ ਰੱਖਿਆ ਗਿਆ ਹੈ। ਬੀਤੇ ਐਤਵਾਰ ਇਸ ਸਮਾਗਮ ਸਬੰਧੀ ਪਹਿਲੀ ਮੀਟਿੰਗ ਖਾਲੜਾ ਪਾਰਕ ਵਿਚ ਰੱਖੀ ਗਈ। ਇਸ ਮੌਕੇ ਪਤਵੰਤੇ ਸੱਜਣਾਂ ਨੇ ਸਭ ਨੂੰ ਇਸ ਸਮਾਗਮ ਵਿਚ ਸ਼ਿਰਕਤ ਕਰਨ ਲਈ ਸਨਿਮਰ ਬੇਨਤੀ ਕੀਤੀ ਅਤੇ ਇਸ ਸਮਾਗਮ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਤੰਬਰ 1995 ਵਿਚ ਸਮੇਂ ਦੀ ਹਕੂਮਤ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਹੱਕਾਂ ਸਬੰਧੀ ਆਵਾਜ਼ ਬੁਲੰਦ ਕਰਨ ਦੇ ਬਦਲੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਉਪਰੰਤ ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਪਾਰਕ ਫਰਿਜ਼ਨੋ ਸ਼ਹਿਰ ਵਿਚ ਬਣਾਇਆ ਗਿਆ ਅਤੇ ਇਸ ਪਾਰਕ ਵਿਚ ਹਰੇਕ ਸਾਲ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਯਾਦ ਵਿਚ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ ਜਾਂਦਾ ਹੈ ਅਤੇ ਇਸੇ ਕੜੀ ਤਹਿਤ ਇਹ ਸਾਲਾਨਾ ਸਮਾਗਮ 16 ਸਤੰਬਰ ਦਿਨ ਸ਼ਨੀਵਾਰ ਨੂੰ ਖਾਲੜਾ ਪਾਰਕ ਵਿਖੇ ਦੁਪਿਹਰ ਦੋ ਵਜੇ ਰੱਖਿਆ ਗਿਆ ਹੈ।

## ਕੈਨੇਡਾ ਤੋਂ ਫਿਰ ਆਈ ਦੁਖਦਾਇਕ ਖਬਰ, ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਦਰਦਨਾਕ ਸੜਕ ਹਾਦਸੇ ਵਿਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਵੈਨਕੂਵਰ ਦੀ ਮੇਨ ਸਟ੍ਰੀਟ ਅਤੇ ਈਸਟ 12 ਐਵੇਨਿਊ ਦੀ ਇੰਟਰਸੈਕਸ਼ਨ 'ਤੇ 31 ਜੁਲਾਈ ਸਵੇਰੇ 1:30 ਵਜੇ ਭਿਆਨਕ ਹਾਦਸਾ ਵਾਪਰਿਆ, ਜਿਸ 'ਚ ਇੱਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ। ਇਸ ਨੌਜਵਾਨ ਦੀ ਪਛਾਣ ਦਿਲਪ੍ਰੀਤ ਸਿੰਘ ਗਰੇਵਾਲ (27) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ 17 ਸਾਲ ਦੇ ਕਲਾਸ 7 ਡਰਾਈਵਰ ਨੇ ਲਾਲ ਰੰਗ ਦੀ ਕੈਡੀਲੈਕ ਨਾਲ ਉਬਰ ਡਰਾਈਵਰ ਦਿਲਪ੍ਰੀਤ ਸਿੰਘ ਦੇ ਵਾਹਨ ਤੇ ਇਕ ਹੋਰ ਟੈਕਸੀ 'ਚ ਟੱਕਰ ਮਾਰੀ। ਇਹ ਟੱਕਰ ਇੰਨੀ ਜ਼ਬਰਦਸਤ ਸੀ ਕਿ ਦਿਲਪ੍ਰੀਤ ਸਿੰਘ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ, ਜਦਕਿ ਬਾਕੀ 7 ਵਿਅਕਤੀ ਜ਼ਖ਼ਮੀ ਹੋ ਗਏ। ਪੁਲਿਸ ਮੁਤਾਬਿਕ ਇਸ ਮਾਮਲੇ ਦੀ ਅਪਰਾਧਿਕ ਜਾਂਚ ਕੀਤੀ ਜਾਵੇਗੀ। 27 ਸਾਲਾ ਦਿਲਪ੍ਰੀਤ ਸਿੰਘ ਗਰੇਵਾਲ ਪੰਜਾਬ ਦੇ ਜ਼ਿਲ੍ਹਾ ਫਾਜ਼ਿਲਕਾ ਦੇ ਪਿੰਡ ਆਵਾ ਨਾਲ ਸਬੰਧਿਤ ਸੀ। ਮ੍ਰਿਤਕ ਨੌਜਵਾਨ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਦਿਲਪ੍ਰੀਤ ਸਾਲ 2015 'ਚ ਬਤੌਰ ਸਟੂਡੈਂਟ ਕੈਨੇਡਾ ਆਇਆ ਸੀ ਅਤੇ ਹੁਣ ਰਾਈਡ ਹੇਲਿੰਗ ਡਰਾਈਵਰ ਸੀ।

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

Inderjeet Singh Mann
CA Lic# 0H82488

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem
COVERED CALIFORNIA | Certified Insurance Agent
Designed By Punjab Mail USA

Ph.: (916) 900-2000

# ਨੂਹ ਹਿੰਸਾ ਦਾ ਸੇਕ ਗੁਰੂਗ੍ਰਾਮ ਤੱਕ ਪੁੱਜਾ

## ■ ਹਿੰਸਾ ਵਿਚ ਮਸਜਿਦ ਦੇ ਨਾਇਬ ਇਮਾਮ ਦੀ ਮੌਤ; ਮ੍ਰਿਤਕਾਂ ਦੀ ਗਿਣਤੀ ਵਧ ਕੇ 5 ਹੋਈ

**ਗੁਰੂਗ੍ਰਾਮ/ਚੰਡੀਗੜ੍ਹ, (ਪੰਜਾਬ ਮੇਲ)**- ਹਰਿਆਣਾ ਦੇ ਨੂਹ ਜ਼ਿਲ੍ਹੇ 'ਚ ਬੀਤੇ ਦਿਨੀਂ ਸ਼ੁਰੂ ਹੋਈ ਹਿੰਸਾ ਦਾ ਸੇਕ ਗੁਰੂਗ੍ਰਾਮ ਪੁੱਜ ਗਿਆ ਹੈ, ਜਿੱਥੇ ਭੀੜ ਨੇ ਇੱਕ ਮਸਜਿਦ ਨੂੰ ਅੱਗ ਲਗਾ ਦਿੱਤੀ ਤੇ ਇਸ ਘਟਨਾ 'ਚ ਇੱਥੋਂ ਦੇ ਨਾਇਬ ਇਮਾਮ ਦੀ ਮੌਤ ਹੋ ਗਈ, ਜਿਸ ਨਾਲ ਹਿੰਸਾ 'ਚ ਮਰਨ ਵਾਲੇ ਲੋਕਾਂ ਦੀ ਗਿਣਤੀ ਵੱਧ ਕੇ ਪੰਜ ਹੋ ਗਈ ਹੈ। ਇਸੇ ਦੌਰਾਨ ਮੁਜ਼ਾਹਰਾਕਾਰੀਆਂ ਨੇ ਅੱਜ ਗੁਰੂਗ੍ਰਾਮ ਦੇ ਬਾਦਸ਼ਾਹਪੁਰ 'ਚ ਇੱਕ ਢਾਬੇ ਨੂੰ ਅੱਗ ਲਗਾ ਦਿੱਤੀ ਤੇ ਉਸ ਨਾਲ ਲਗਦੀਆਂ ਦੁਕਾਨਾਂ 'ਚ ਭੰਨਤੋੜ ਕੀਤੀ ਹੈ। ਉੱਧਰ ਨੂਹ ਜ਼ਿਲ੍ਹੇ 'ਚ ਕਰਫਿਊ ਲੱਗਿਆ ਹੋਇਆ ਹੈ। ਸੂਬੇ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਸੂਬੇ 'ਚ ਸ਼ਾਂਤੀ ਭੰਗ ਕਰਨ ਦਾ ਇਰਾਦਾ ਰੱਖਣ ਵਾਲਿਆਂ ਨੇ ਨੂਹ 'ਚ ਹਿੰਸਾ ਦੀ ਸਾਜ਼ਿਸ਼ ਰਚੀ ਹੈ।



ਪ੍ਰਦਰਸ਼ਨਕਾਰੀਆਂ ਵੱਲੋਂ ਸਾੜੀ ਗਈ ਗੁਰੂਗ੍ਰਾਮ ਦੀ ਅੰਜੁਮਨ ਮਸਜਿਦ ਦੇ ਬਾਹਰ ਤਾਇਨਾਤ ਪੁਲੀਸ।

ਪੁਲਿਸ ਨੇ ਦੱਸਿਆ ਕਿ ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.) ਵੱਲੋਂ ਕੱਢੀ ਜਾ ਰਹੀ ਯਾਤਰਾ ਰੋਕਣ ਦੀ ਭੀੜ ਵੱਲੋਂ ਕੋਸ਼ਿਸ਼ ਕੀਤੇ ਜਾਣ ਕਾਰਨ ਭੜਕੀ ਹਿੰਸਾ ਗੁਰੂਗ੍ਰਾਮ ਤੱਕ ਫੈਲ ਗਈ ਹੈ ਅਤੇ ਭੀੜ ਨੇ ਸ਼ਹਿਰ ਦੇ ਸੈਕਟਰ-57 ਵਿਚਲੀ ਉਸਾਰੀ ਅਧੀਨ ਅੰਜੁਮਨ ਮਸਜਿਦ ਨੂੰ ਅੱਗ ਲਗਾ ਦਿੱਤੀ ਹੈ। ਇਸ ਘਟਨਾ 'ਚ ਮਸਜਿਦ ਦੇ 26 ਸਾਲਾ ਨਾਇਬ ਇਮਾਮ ਦੀ ਮੌਤ ਹੋ ਗਈ ਹੈ ਅਤੇ ਇਸ ਨਾਲ ਸੂਬੇ 'ਚ ਹਿੰਸਾ ਵਿਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ ਪੰਜ ਹੋ ਗਈ ਹੈ। ਮ੍ਰਿਤਕ ਇਮਾਮ ਦੀ ਪਛਾਣ ਬਿਹਾਰ ਵਾਸੀ ਸਾਦ ਵਜੋਂ ਹੋਈ ਹੈ। ਇਸ ਘਟਨਾ 'ਚ ਇੱਕ ਹੋਰ ਵਿਅਕਤੀ ਜ਼ਖ਼ਮੀ ਵੀ ਹੋਇਆ ਹੈ। ਉਨ੍ਹਾਂ ਦੱਸਿਆ ਕਿ ਨੂਹ 'ਚ ਚਾਰ ਜਣਿਆਂ ਦੀ ਮੌਤ ਹੋਈ ਹੈ ਅਤੇ ਕਈ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ।

ਇਸੇ ਦੌਰਾਨ ਅੱਜ ਦੁਪਹਿਰ ਸਮੇਂ ਲੋਕਾਂ ਦੀ ਭੀੜ ਨੇ ਗੁਰੂਗ੍ਰਾਮ ਦੇ ਬਾਦਸ਼ਾਹਪੁਰ 'ਚ ਇੱਕ ਢਾਬੇ ਨੂੰ ਅੱਗ ਲਗਾ ਦਿੱਤੀ ਅਤੇ ਉਸ ਦੇ ਨਾਲ ਲਗਦੀਆਂ ਦੁਕਾਨਾਂ ਦੀ ਭੰਨ-ਤੋੜ ਕੀਤੀ। ਮੁਜ਼ਾਹਰਾਕਾਰੀਆਂ ਨੇ ਇੱਥੋਂ ਦੀ ਮਸਜਿਦ ਸਾਹਮਣੇ ਜੈ ਸ੍ਰੀਰਾਮ ਦੇ ਨਾਅਰੇ ਵੀ ਮਾਰੇ।

# ਪਾਕਿਸਤਾਨ 'ਚ ਭੁੱਖਮਰੀ ਦਾ ਕਹਿਰ, ਗਲੋਬਾਲ ਹੰਗਰ ਇੰਡੈਕਸ 'ਚ ਮਿਲਿਆ 99ਵਾਂ ਸਥਾਨ

**ਇਸਲਾਮਾਬਾਦ, (ਪੰਜਾਬ ਮੇਲ)**- ਪਾਕਿਸਤਾਨ ਵਿਚ ਭੁੱਖਮਰੀ ਦਾ ਪੱਧਰ ਵਧਦਾ ਜਾ ਰਿਹਾ ਹੈ। ਗਲੋਬਲ ਹੰਗਰ ਇੰਡੈਕਸ (ਜੀ.ਐੱਚ.ਆਈ.-2022) 'ਚ ਪਾਕਿਸਤਾਨ ਨੂੰ 121 ਦੇਸ਼ਾਂ 'ਚੋਂ 99ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਇਸਲਾਮਾਬਾਦ 'ਚ ਜਾਰੀ ਕੀਤੀ ਗਈ ਰਿਪੋਰਟ 'ਚ ਦੱਸਿਆ ਗਿਆ ਕਿ ਦੇਸ਼ ਦਾ ਸਕੋਰ 2006 'ਚ 38.1 ਤੋਂ ਘੱਟ ਕੇ 2022 'ਚ 26.1 'ਤੇ ਆ ਗਿਆ ਹੈ, ਜਿਸ ਦਾ ਮਤਲਬ ਹੈ ਕਿ 16 ਸਾਲ ਪਹਿਲਾਂ ਪਾਕਿਸਤਾਨ ਦੀ ਸਥਿਤੀ ਕਾਫੀ ਬਿਹਤਰ ਸੀ। ਮਹਾਮਾਰੀ ਅਤੇ ਹੜ੍ਹਾਂ ਤੋਂ ਬਾਅਦ ਪਾਕਿਸਤਾਨ ਕਈ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ।

ਡਾਨ ਦੀ ਰਿਪੋਰਟ ਅਨੁਸਾਰ ਜਲਵਾਯੂ ਤਬਦੀਲੀ ਅਤੇ ਕੋਰੋਨਾ ਮਹਾਮਾਰੀ ਵਰਗੇ ਵਿਸ਼ਵਵਿਆਪੀ ਸੰਕਟਾਂ ਕਾਰਨ ਪਾਕਿਸਤਾਨ ਨਕਦੀ ਦੀ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ। ਰਿਪੋਰਟਾਂ ਨੇ ਦਿਖਾਇਆ ਹੈ ਕਿ 2021 ਵਿਚ ਲਗਭਗ 828 ਮਿਲੀਅਨ ਲੋਕ ਭੁੱਖਮਰੀ ਤੋਂ ਪੀੜਤ ਸਨ। ਅੰਕੜਿਆਂ ਮੁਤਾਬਕ 2030 ਤੱਕ ਪਾਕਿਸਤਾਨ ਸਮੇਤ 46 ਦੇਸ਼ਾਂ ਵਿਚ ਭੁੱਖਮਰੀ ਹੋਰ ਵਧ ਸਕਦੀ ਹੈ। ਪਾਕਿਸਤਾਨ ਸਮੇਤ ਦੱਖਣੀ ਏਸ਼ੀਆ ਭੁੱਖਮਰੀ ਦੇ ਸਭ ਤੋਂ ਉੱਚੇ ਪੱਧਰ ਵਾਲੇ ਖੇਤਰ ਵਜੋਂ ਮੁੜ ਉੱਭਰਿਆ ਹੈ, ਜਿਸ ਵਿਚ ਬੱਚਿਆਂ ਦੇ ਕਮਜ਼ੋਰ ਹੋਣ ਦੀ ਦਰ ਵੱਧ ਗਈ ਹੈ। 2022 ਦੇ ਗਲੋਬਲ ਹੰਗਰ ਇੰਡੈਕਸ ਵਿਚ ਪਾਕਿਸਤਾਨ 121 ਦੇਸ਼ਾਂ ਵਿਚੋਂ 99ਵੇਂ ਸਥਾਨ 'ਤੇ ਹੈ। 26.1 ਦੇ



ਸਕੋਰ ਦੇ ਨਾਲ, ਪਾਕਿਸਤਾਨ ਦੇ ਭੁੱਖਮਰੀ ਦੇ ਪੱਧਰ ਨੂੰ 'ਗੰਭੀਰ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਜੋ ਦੇਸ਼ ਵਿਚ ਭੋਜਨ ਪਦਾਰਥਾਂ ਦੀ ਫੌਰੀ ਲੋੜ ਨੂੰ ਦਰਸਾਉਂਦਾ ਹੈ।

ਪਾਕਿਸਤਾਨ 'ਚ ਆਸਮਾਨ ਛੂਹ ਰਹੀ ਮਹਿੰਗਾਈ ਕਾਰਨ 90 ਫੀਸਦੀ ਲੋਕਾਂ ਨੇ ਆਪਣਾ ਭੋਜਨ ਖਾਣਾ ਘਟਾ ਦਿੱਤਾ ਹੈ। ਨਕਦੀ ਦੀ ਕਿੱਲਤ ਨਾਲ ਜੂਝ ਰਹੇ ਪਾਕਿਸਤਾਨ 'ਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਇਥੇ ਗਰੀਬ ਅਤੇ ਮਜ਼ਦੂਰ ਵਰਗ ਖਾਣ-ਪੀਣ 'ਤੇ ਨਿਰਭਰ ਦੇਖਿਆ ਜਾ ਸਕਦਾ ਹੈ। ਰਾਸ਼ਨ ਵੰਡ ਕੇਂਦਰਾਂ ਦੀ ਸਥਿਤੀ ਲੁੱਟ-ਖੋਹ ਅਤੇ ਲੜਾਈ-ਝਗੜੇ ਵਾਲੀ ਬਣ ਰਹੀ ਹੈ। ਹਾਲ ਹੀ ਵਿਚ ਇਕ ਕੇਂਦਰ ਵਿਚ ਭਗਦੜ ਵਿਚ 16 ਲੋਕ ਮਾਰੇ ਗਏ ਸਨ। ਇਸ ਦੇ ਨਾਲ ਹੀ ਕਈ ਥਾਵਾਂ 'ਤੇ ਆਟੇ ਦੀਆਂ ਬੋਰੀਆਂ ਨਾਲ ਭਰੇ ਟਰੱਕ ਲੁੱਟੇ ਗਏ। ਮਹਿੰਗਾਈ ਕਾਰਨ ਹੇਠਲੇ ਵਰਗ ਦੇ ਲੋਕਾਂ ਕੋਲ ਖਾਣ ਲਈ ਕੁਝ ਨਹੀਂ ਬਚਿਆ।

## ਆਸਟ੍ਰੇਲੀਆ-ਨਿਊਜ਼ੀਲੈਂਡ ਵਿਚਾਲੇ ਬਿਨਾਂ ਪਾਸਪੋਰਟ ਦੇ ਸ਼ੁਰੂ ਹੋਵੇਗੀ ਯਾਤਰਾ

**ਆਕਲੈਂਡ, (ਪੰਜਾਬ ਮੇਲ)**- ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ ਨਿਊਜ਼ੀਲੈਂਡ ਦੇ ਦੌਰੇ 'ਤੇ ਆਏ ਹੋਏ ਹਨ। ਜਿੱਥੇ ਉਨ੍ਹਾਂ ਨੇ ਦੇਸ਼ ਦੀ ਰਾਜਧਾਨੀ ਵੈਲਿੰਗਟਨ 'ਚ ਪ੍ਰਧਾਨ ਮੰਤਰੀ ਕ੍ਰਿਸ ਹਿਪਕਿੰਸ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਕਈ ਸੰਵੇਦਨਸ਼ੀਲ ਮੁੱਦਿਆਂ 'ਤੇ ਦੋਹਾਂ ਦੇਸ਼ਾਂ ਵਿਚਾਲੇ ਸਮਝੌਤਾ ਹੋਇਆ। ਇਸ ਤੋਂ ਬਾਅਦ ਦੋਹਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੇ ਸੰਯੁਕਤ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਕਿ ਬਹੁਤ ਜਲਦੀ ਆਮ ਤੌਰ 'ਤੇ ਇਮੀਗ੍ਰੇਸ਼ਨ ਦੇ ਮਾਹਰਾਂ ਦੀ ਇਕ ਟੀਮ ਗਠਿਤ ਕਰਨਗੇ, ਜਿਨ੍ਹਾਂ ਦਾ ਉਦੇਸ਼ ਇਸ ਗੱਲ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਦੋਹਾਂ ਦੇਸ਼ਾਂ ਦੇ ਨਾਗਰਿਕ ਇਕ-ਦੂਸਰੇ ਦੇ ਦੇਸ਼ ਵਿਚ ਬਿਨਾਂ ਪਾਸਪੋਰਟ ਦੇ ਯਾਤਰਾ ਕਰ ਸਕਣ।

ਵਿਸਤਾਰ ਨਾਲ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਮੰਤਰੀ ਕ੍ਰਿਸ ਹਿੰਪਕਿੰਸ ਨੇ ਦੱਸਿਆ ਕਿ ਇਸ ਕਦਮ ਨੂੰ ਸੁਰੱਖਿਅਤ ਢੰਗ ਨਾਲ ਚੁੱਕੇ ਜਾਣ ਲਈ ਪਬਲਿਕ ਹੈਲਥ, ਲੋਕਾਂ ਦੇ ਬਾਇਓਮੀਟ੍ਰਿਕਸ, ਸਕਿਓਰਿਟੀ ਰਿਸਕ ਵਰਗੀਆਂ ਗੱਲਾਂ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖ ਕੇ ਹੀ ਆਗਾਮੀ ਕਦਮ ਚੁੱਕੇ ਜਾਣਗੇ। ਇਸ ਯੋਜਨਾ 'ਚ ਵਪਾਰੀ ਵਰਗ ਨੂੰ ਸਭ ਤੋਂ ਜ਼ਿਆਦਾ ਲਾਭ ਹੋ ਸਕਦਾ ਹੈ।

## ਰੂਸ ਵੱਲੋਂ ਭਾਰਤੀਆਂ ਲਈ ਈ-ਵੀਜ਼ਾ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)**- ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਰੂਸ ਵੱਲੋਂ ਪਹਿਲੀ ਅਗਸਤ ਤੋਂ ਭਾਰਤੀਆਂ ਲਈ ਈ-ਵੀਜ਼ਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਨਾਲ ਭਾਰਤ ਉਨ੍ਹਾਂ 49 ਮੁਲਕਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ, ਜਿਸ ਦੇ ਨਾਗਰਿਕ ਸੈਰ-ਸਪਾਟਾ, ਕਾਰੋਬਾਰ ਅਤੇ ਆਪਣੇ ਪਰਿਵਾਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਲਈ ਈ-ਵੀਜ਼ਾ 'ਤੇ ਸਫਰ ਕਰਨ ਦੇ ਯੋਗ ਹੋਣਗੇ। ਰੂਸੀ ਈ-ਵੀਜ਼ਾ ਅਰਜ਼ੀਕਾਰਾਂ ਨੂੰ ਪਹਿਲਾਂ ਤੋਂ ਉਲਟ ਪੂਰੇ ਦੇਸ਼ ਤੱਕ ਪਹੁੰਚ ਮੁਹੱਈਆ ਕਰਾਏਗਾ, ਜਿੱਥੇ ਕੁਝ ਖੇਤਰਾਂ ਲਈ ਵੱਖਰੇ ਈ-ਵੀਜ਼ਾ ਦੀ ਲੋੜ ਹੁੰਦੀ ਸੀ। ਇੱਥੋਂ ਤੱਕ ਸ਼ੈਨੇਗਨ ਵੀਜ਼ਾ ਧਾਰਕ ਵੀ ਰੂਸ ਲਈ ਈ-ਵੀਜ਼ਾ ਵਾਸਤੇ ਅਰਜ਼ੀ ਦੇ ਸਕਦੇ ਹਨ। ਈ-ਵੀਜ਼ਾ ਸ਼ੁਰੂ ਹੋਣ ਨਾਲ ਰੂਸੀ ਅੰਬੈਸੀ ਰਾਹੀਂ ਵੀਜ਼ੇ ਲਈ ਅਰਜ਼ੀ ਦੇਣ ਤੋਂ ਰਾਹਤ ਮਿਲੇਗੀ। ਵੀਜ਼ੇ ਦੀ ਫੀਸ 3300 ਰੁਪਏ ਦੇ ਕਰੀਬ ਹੋਵੇਗੀ ਅਤੇ ਈ-ਵੀਜ਼ਾ 60 ਦਿਨਾਂ ਲਈ ਵੈਧ ਹੋਵੇਗਾ। ਮੁਸਾਫਰ ਰੂਸ ਵਿਚ ਇੱਕ ਸਮੇਂ ਅੰਦਰ ਸਿਰਫ਼ 16 ਦਿਨ ਠਹਿਰ ਸਕਣਗੇ। ਹਾਲਾਂਕਿ ਭਾਰਤੀ ਆਪਣੀ ਹੋਟਲ ਦੀ ਰਿਜ਼ਰਵੇਸ਼ਨ ਅਨੁਸਾਰ 6 ਮਹੀਨੇ ਲੰਮਾ ਟੂਰਿਸਟ ਵੀਜ਼ਾ ਹਾਸਲ ਕਰ ਸਕਦੇ ਹਨ।







ਸਫਾ 1 ਦਾ ਬਾਕੀ

## ਹੁਣ ਅਮਰੀਕੀ ਨਾਗਰਿਕਾਂ ਨੂੰ ਯੂਰਪ ਜਾਣ ਲਈ ਲੈਣੀ ...

ਪੁਸ਼ਟੀ ਕਰੇਗਾ ਕਿ ਕੀ ਤੁਸੀਂ ਦਾਖਲੇ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ।

ETIAS ਲਈ ਅਰਜ਼ੀ ਦੇਣ ਲਈ, ਤੁਸੀਂ ਅਧਿਕਾਰਤ ETIAS ਵੈੱਬਸਾਈਟ 'ਤੇ ਅਰਜ਼ੀ ਫਾਰਮ ਭਰ ਸਕਦੇ ਹੋ ਜਾਂ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰ ਸਕਦੇ ਹੋ। ਅਪਲਾਈ ਕਰਨ ਦੀ ਲਾਗਤ 7.79 ਡਾਲਰ ਹੈ, ਪਰ ਕੁਝ ਯਾਤਰੀਆਂ ਨੂੰ ਇਸ ਫੀਸ ਦਾ ਭੁਗਤਾਨ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ। ਯਕੀਨੀ ਬਣਾਓ ਕਿ ਤੁਸੀਂ ਅੱਗੇ ਵਧਣ ਤੋਂ ਪਹਿਲਾਂ ਅਰਜ਼ੀ ਦੀਆਂ ਲੋੜਾਂ ਅਤੇ ਭੁਗਤਾਨ ਛੋਟਾਂ ਬਾਰੇ ਪੜ੍ਹ ਲਿਆ ਹੈ।

ਜ਼ਿਆਦਾਤਰ ETIAS ਐਪਲੀਕੇਸ਼ਨਾਂ ਨੂੰ ਮਿੰਟਾਂ 'ਚ ਹੀ ਪ੍ਰੋਸੈਸ ਕੀਤਾ ਜਾਂਦਾ ਹੈ। ਹਾਲਾਂਕਿ, ਕੁਝ ਮਾਮਲਿਆਂ ਵਿਚ ਐਪਲੀਕੇਸ਼ਨ ਵਿਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਚਾਰ ਦਿਨਾਂ ਦੇ ਅੰਦਰ ਫੈਸਲਾ ਪ੍ਰਾਪਤ ਹੋਵੇਗਾ। ਅਸਾਧਾਰਨ ਸਥਿਤੀਆਂ ਵਿਚ ਜੇਕਰ ਵਾਧੂ ਜਾਣਕਾਰੀ ਜਾਂ ਦਸਤਾਵੇਜ਼ਾਂ ਦੀ ਲੋੜ ਹੋਵੇ ਤਾਂ ਇਸ ਮਿਆਦ ਨੂੰ 14 ਦਿਨਾਂ ਤੱਕ ਜਾਂ ਇੰਟਰਵਿਊ ਦੀ ਲੋੜ ਪੈਣ 'ਤੇ 30 ਦਿਨਾਂ ਤੱਕ ਵਧਾਇਆ ਜਾ ਸਕਦਾ ਹੈ। ਕਿਸੇ ਵੀ ਆਖਰੀ-ਮਿੰਟ ਦੀਆਂ ਪੇਚੀਦਗੀਆਂ ਤੋਂ ਬਚਣ ਲਈ, ਆਪਣੀ ਯੋਜਨਾਬੱਧ ਯਾਤਰਾ ਤੋਂ ਪਹਿਲਾਂ ਇਸ ਨਵੇਂ ਰੂਲ ਬਾਰੇ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

ਇੱਕ ਵਾਰ ਜਦੋਂ ਤੁਸੀਂ ਆਪਣੀ ਅਰਜ਼ੀ ਜਮ੍ਹਾਂ ਕਰ ਲੈਂਦੇ ਹੋ, ਤਾਂ ਤੁਹਾਨੂੰ ਇੱਕ ਵਿਲੱਖਣ ETIAS ਐਪਲੀਕੇਸ਼ਨ ਨੰਬਰ ਦੇ ਨਾਲ ਇੱਕ ਈਮੇਲ ਪੁਸ਼ਟੀਕਰਣ ਪ੍ਰਾਪਤ ਹੋਵੇਗਾ। ਭਵਿੱਖ ਦੇ ਸੰਦਰਭ ਲਈ ਇਸ ਨੰਬਰ ਨੂੰ ਸੰਭਾਲ ਕੇ ਰੱਖੋ। ਪ੍ਰਕਿਰਿਆ ਕਰਨ ਤੋਂ ਬਾਅਦ, ਤੁਹਾਨੂੰ ਨਤੀਜੇ ਬਾਰੇ ਸੂਚਿਤ ਕਰਨ ਵਾਲੀ ਇੱਕ ਹੋਰ ਈਮੇਲ ਪ੍ਰਾਪਤ ਹੋਵੇਗੀ। ਯਕੀਨੀ ਬਣਾਓ ਕਿ ਸਾਰੀ ਜਾਣਕਾਰੀ, ਜਿਵੇਂ ਕਿ ਤੁਹਾਡਾ ਨਾਮ ਅਤੇ ਪਾਸਪੋਰਟ ਨੰਬਰ, ETIAS 'ਤੇ ਸਹੀ ਹੈ, ਕਿਉਂਕਿ ਕੋਈ ਵੀ ਗਲਤੀ ਤੁਹਾਨੂੰ ਸਰਹੱਦ ਪਾਰ ਕਰਨ ਤੋਂ ਰੋਕ ਸਕਦੀ ਹੈ।

ETIAS ਯਾਤਰਾ ਅਧਿਕਾਰ ਤਿੰਨ ਸਾਲਾਂ ਤੱਕ ਜਾਂ ਤੁਹਾਡੇ ਪਾਸਪੋਰਟ ਦੀ ਮਿਆਦ ਪੁੱਗਣ ਤੱਕ, ਜੋ ਵੀ ਪਹਿਲਾਂ ਆਵੇ, ਵੈਧ ਹੁੰਦਾ ਹੈ। ਯਾਦ ਰੱਖੋ, ਤੁਹਾਡੀ ਪੂਰੀ ਰਿਹਾਇਸ਼ ਦੌਰਾਨ ਤੁਹਾਡੇ ਕੋਲ ਇੱਕ ਵੈਧ ETIAS ਹੋਣਾ ਚਾਹੀਦਾ ਹੈ, ਅਤੇ ਛੱਡਣ ਅਤੇ ਮੁੜ-ਪ੍ਰਵੇਸ਼ ਕਰਨ ਦੀ ਇਜਾਜ਼ਤ ਹੈ, ਜਦੋਂ ਤੱਕ ਤੁਸੀਂ 180 ਦਿਨਾਂ ਦੇ ਅੰਦਰ 90-ਦਿਨਾਂ ਦੀ ਰਿਹਾਇਸ਼ ਦੀ ਸੀਮਾ ਦਾ ਆਦਰ ਕਰਦੇ ਹੋ।

ਤੁਹਾਡਾ ETIAS ਤੁਹਾਡੇ ਯਾਤਰਾ ਦਸਤਾਵੇਜ਼ ਨਾਲ ਇਲੈਕਟ੍ਰਾਨਿਕ ਤੌਰ 'ਤੇ ਜੁੜਿਆ ਹੋਇਆ ਹੈ, ਇਸ ਲਈ ਯਾਤਰਾ ਕਰਨ ਵੇਲੇ ਤੁਹਾਡੇ ਦੁਆਰਾ ਆਪਣੀ ETIAS ਐਪਲੀਕੇਸ਼ਨ ਵਿਚ ਵਰਤੇ ਗਏ ਦਸਤਾਵੇਜ਼ ਦੀ ਵਰਤੋਂ ਕਰਨਾ ਮਹੱਤਵਪੂਰਨ ਹੈ। ਅਜਿਹਾ ਕਰਨ ਵਿਚ ਅਸਫਲਤਾ ਤੁਹਾਨੂੰ ਆਪਣੀ ਫਲਾਈਟ, ਬੱਸ ਜਾਂ ਜਹਾਜ਼ ਵਿਚ ਸਵਾਰ ਹੋਣ ਜਾਂ ਕਿਸੇ ਵੀ ਯੂਰਪੀਅਨ ਦੇਸ਼ਾਂ ਵਿਚ ਦਾਖਲ ਹੋਣ ਤੋਂ ਰੋਕ ਸਕਦੀ ਹੈ, ਜਿਸ ਲਈ ETIAS ਦੀ ਲੋੜ ਹੁੰਦੀ ਹੈ। ਧਿਆਨ ਵਿਚ ਰੱਖੋ ਕਿ ETIAS ਹੋਣ ਨਾਲ ਦਾਖਲੇ ਦੇ ਸਵੈਚਲਿਤ ਅਧਿਕਾਰ ਦੀ ਗਾਰੰਟੀ ਨਹੀਂ ਹੁੰਦੀ। ਬਾਰਡਰ ਗਾਰਡ ਇਹ ਤਸਦੀਕ ਕਰਨਗੇ ਕਿ ਤੁਸੀਂ ਪ੍ਰਵੇਸ਼ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ ਅਤੇ ਜੋ ਲੋੜਾਂ ਪੂਰੀਆਂ ਨਹੀਂ ਕਰਦੇ, ਉਨ੍ਹਾਂ ਨੂੰ ਦਾਖਲੇ ਤੋਂ ਇਨਕਾਰ ਕਰ ਦਿੱਤਾ ਜਾਵੇਗਾ।

ਸਫਾ 1 ਦਾ ਬਾਕੀ

## 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਪਲਟਾਉਣ ਦੀ ...

ਟਰੰਪ 'ਤੇ ਇਹ ਵੀ ਦੋਸ਼ ਹੈ ਕਿ ਉਨ੍ਹਾਂ ਸਭ ਕੁੱਝ ਜਾਣਦਿਆਂ ਹੋਇਆਂ ਵੀ ਹਿੰਸਾ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਸਗੋਂ ਜਦੋਂ ਉਨ੍ਹਾਂ ਨੂੰ ਆਪਣੀ ਹਾਰ ਨਜ਼ਰ ਆਉਣ ਲੱਗੀ, ਤਾਂ ਉਨ੍ਹਾਂ ਵੋਟਾਂ ਦੀ ਗਿਣਤੀ ਨੂੰ ਰੋਕਣ ਲਈ ਆਪਣੇ ਸਮਰਥਕਾਂ ਦੀਆਂ ਭਾਵਨਾਂਵਾਂ ਨੂੰ ਹੋਰ ਭੜਕਾਇਆ।

ਅਜਿਹਾ ਪਹਿਲੀ ਵਾਰੀ ਹੋਇਆ ਕਿ ਇੱਕ ਹਾਰੇ ਹੋਏ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ, ਜੋ ਕਿ ਅਗਲੀ ਵਾਰੀ ਲਈ ਰਿਪਬਲਿਕਨ ਪ੍ਰੈਜ਼ੀਡੈਂਸ਼ੀਅਲ ਨੌਮੀਨੇਸ਼ਨ ਦਾ ਦਾਅਵੇਦਾਰ ਸੀ, ਨੂੰ ਸੱਤਾ ਨਾਲ ਚਿੰਬੜੇ ਰਹਿਣ ਦੀ ਆਪਣੀ ਭੁੱਖ ਕਾਰਨ ਤੇ ਸੱਤਾ ਹਥਿਆਉਣ ਦੀਆਂ ਆਪਣੀਆਂ ਅਸਫਲ ਕੋਸ਼ਿਸ਼ਾਂ ਕਾਰਨ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਸਟਿਸ ਡਿਪਾਰਟਮੈਂਟ ਦੇ ਸਪੈਸ਼ਲ ਕਾਊਂਸਲ ਜੈਕ ਸਮਿੱਥ, ਜਿਨ੍ਹਾਂ ਦੇ ਆਫਿਸ ਵੱਲੋਂ ਟਰੰਪ ਦੇ ਮਾਮਲੇ ਦੀ ਕਈ ਮਹੀਨਿਆਂ ਤੋਂ ਜਾਂਚ ਕੀਤੀ ਜਾ ਰਹੀ ਹੈ, ਨੇ ਆਖਿਆ ਕਿ ਦੇਸ਼ ਦੀ ਕੈਪੀਟਲ ਉੱਤੇ 6 ਜਨਵਰੀ, 2021 ਨੂੰ ਹੋਏ ਹਮਲੇ ਨੂੰ ਅਮਰੀਕੀ ਜਮਹੂਰੀਅਤ 'ਤੇ ਹਮਲਾ ਮੰਨਿਆ ਜਾਵੇਗਾ। ਇਸ ਹਮਲੇ ਨੂੰ ਝੂਠ ਦਾ ਸਹਾਰਾ ਲੈ ਕੇ ਭੜਕਾਇਆ ਗਿਆ, ਅਮਰੀਕੀ ਸਰਕਾਰ ਦੇ ਕੰਮਕਾਜ ਵਿਚ ਅੜਿੱਕਾ ਡਾਹੁਣ ਦੀ ਕੋਸ਼ਿਸ਼ ਕੀਤੀ ਗਈ, ਪ੍ਰੈਜ਼ੀਡੈਂਸ਼ੀਅਲ ਚੋਣਾਂ ਦੇ ਨਤੀਜਿਆਂ ਨੂੰ ਐਲਾਨਣ ਤੇ ਵੋਟਾਂ ਦੀ ਗਿਣਤੀ ਦੇ ਰਾਹ ਵਿਚ ਵਿਘਣ ਪਾਇਆ।

ਇਸ ਦੌਰਾਨ ਟਰੰਪ ਕੈਂਪੇਨ ਵੱਲੋਂ ਇਨ੍ਹਾਂ ਚਾਰਜਿਜ਼ ਨੂੰ ਝੂਠਾ ਦੱਸਿਆ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਜੇ ਇਹੋ ਗੱਲ ਸੀ, ਤਾਂ ਇਸ ਨੂੰ ਸਾਹਮਣੇ ਲਿਆਉਣ ਲਈ ਢਾਈ ਸਾਲ ਦਾ ਸਮਾਂ ਕਿਉਂ ਲੱਗਿਆ।






# 1984 ਸਿੱਖ ਵਿਰੋਧੀ ਦੰਗੇ: ਟਾਈਟਲਰ ਵੱਲੋਂ ਅਗਾਊਂ ਜ਼ਮਾਨਤ ਲਈ ਅਦਾਲਤ 'ਚ ਅਰਜ਼ੀ



**ਨਵੀਂ ਦਿੱਲੀ, (ਪੰਜਾਬ ਮੇਲ)**-ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਨੇ ਮੰਗਲਵਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਦਿੱਲੀ ਦੀ ਰਾਊਜ ਐਵੇਨਿਊ ਅਦਾਲਤ 'ਚ ਅਗਾਊਂ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਹੈ। ਅਦਾਲਤ ਨੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ। ਦਰਅਸਲ ਦਿੱਲੀ ਦੀ ਰਾਊਜ ਐਵੇਨਿਊ ਕੋਰਟ ਨੇ ਪਿਛਲੇ ਹਫ਼ਤੇ ਟਾਈਟਲਰ ਨੂੰ ਸੰਮਨ ਜਾਰੀ ਕੀਤਾ ਸੀ। ਅਦਾਲਤ ਨੇ ਟਾਈਟਲਰ ਖਿਲਾਫ਼ ਦਾਇਰ ਕੀਤੀ ਗਈ ਸੀ.ਬੀ.ਆਈ ਦੀ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਸੰਮਨ ਜਾਰੀ ਕਰ ਕੇ 5 ਅਗਸਤ ਨੂੰ ਅਦਾਲਤ 'ਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।

ਦੱਸ ਦੇਈਏ ਕਿ 31 ਅਕਤੂਬਰ 1984 ਨੂੰ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਦੀ ਹੱਤਿਆ ਤੋਂ ਬਾਅਦ 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇਕ ਮਾਮਲੇ 'ਚ ਸੀ.ਬੀ.ਆਈ. ਨੇ 20 ਮਈ ਨੂੰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਚਾਰਜਸ਼ੀਟ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਤਤਕਾਲੀ ਸੰਸਦ ਮੈਂਬਰ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਅਦਾਲਤ ਨੇ ਕਿਹਾ ਸੀ ਕਿ ਚਾਰਜਸ਼ੀਟ 'ਤੇ ਨੋਟਿਸ ਲੈਣਾ ਜ਼ਰੂਰੀ ਹੈ। ਅਦਾਲਤ 'ਚ ਦਾਇਰ ਆਪਣੇ ਚਾਰਜਸ਼ੀਟ 'ਚ ਸੀ.ਬੀ.ਆਈ. ਨੇ ਦਾਅਵਾ ਕੀਤਾ ਕਿ ਟਾਈਟਲਰ ਨੇ 1 ਨਵੰਬਰ 1984 ਨੂੰ ਆਜ਼ਾਦ ਮਾਰਕੀਟ 'ਚ ਪੁਲ ਬੰਗਸ਼ ਗੁਰਦੁਆਰੇ 'ਚ ਇਕੱਠੀ ਹੋਈ ਭੀੜ ਨੂੰ ਉਕਸਾਇਆ ਅਤੇ ਭੜਕਾਇਆ, ਜਿਸ ਦੇ ਨਤੀਜੇ ਵਜੋਂ ਗੁਰਦੁਆਰੇ ਵਿਚ ਅੱਗ ਲਾ ਦਿੱਤੀ ਗਈ ਅਤੇ 3 ਸਿੱਖਾਂ- ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰਚਰਨ ਸਿੰਘ ਦਾ ਕਤਲ ਕਰ ਦਿੱਤਾ ਗਿਆ।

## ਸਫਾ 1 ਦਾ ਬਾਕੀ — ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਲਈ 14 ਉਮੀਦਵਾਰ...

ਲਈ ਅਗਲੇ ਸਾਲ ਜੁਲਾਈ ਵਿਚ ਇੱਕ ਰਾਸ਼ਟਰੀ ਸੰਮੇਲਨ ਕਰਨਗੇ। ਇਹ ਸੰਮੇਲਨ 15 ਤੋਂ 18 ਜੁਲਾਈ ਤੱਕ ਮਿਲਵਾਕੀ, ਵਿਸਕਾਨਸਿਨ ਵਿਚ ਹੋਵੇਗਾ।

ਭਾਰਤੀ ਮੂਲ ਦੀ ਰਿਪਬਲਿਕਨ ਨੇਤਾ ਨਿੱਕੀ ਹੈਲੀ ਦੋ ਵਾਰ ਦੱਖਣੀ ਕੈਰੋਲੀਨਾ ਦੀ ਗਵਰਨਰ ਅਤੇ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਸਾਬਕਾ ਰਾਜਦੂਤ ਰਹਿ ਚੁੱਕੀ ਹੈ। ਨਿੱਕੀ ਹੇਲੀ ਲਗਾਤਾਰ ਤਿੰਨ ਚੋਣਾਂ ਵਿਚ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਵਾਲੀ ਤੀਜੀ ਭਾਰਤੀ-ਅਮਰੀਕੀ ਹੈ। ਇਸ ਤੋਂ ਪਹਿਲਾਂ ਬੌਬੀ ਜਿੰਦਲ 2016 'ਚ ਅਮਰੀਕੀ ਰਾਸ਼ਟਰਪਤੀ ਅਤੇ 2020 ਵਿਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਚੋਣ ਵਿਚ ਹਿੱਸਾ ਲੈ ਚੁੱਕੇ ਹਨ। ਭਾਵੇਂ ਜ਼ਿਆਦਾਤਰ ਸਰਵੇਖਣਾਂ ਵਿਚ 51 ਸਾਲਾ ਹੈਲੀ ਦਾ ਘੱਟ ਪ੍ਰਦਰਸ਼ਨ ਦੱਸਿਆ ਗਿਆ ਹੈ, ਪਰ ਜਦੋਂ ਦਾਨ ਦੀ ਗੱਲ ਆਉਂਦੀ ਹੈ, ਤਾਂ ਉਸਨੇ ਕਈ ਮਿਲੀਅਨ ਡਾਲਰ ਇਕੱਠੇ ਕੀਤੇ ਹਨ।

ਹੇਲੀ ਦਾ ਜਨਮ ਸਿੱਖ ਮਾਤਾ-ਪਿਤਾ ਅਜੀਤ ਸਿੰਘ ਰੰਧਾਵਾ ਅਤੇ ਰਾਜ ਕੌਰ ਰੰਧਾਵਾ ਦੇ ਘਰ ਹੋਇਆ ਸੀ, ਜੋ 1960 ਦੇ ਦਹਾਕੇ ਵਿਚ ਪੰਜਾਬ ਤੋਂ ਕੈਨੇਡਾ ਅਤੇ ਫਿਰ ਅਮਰੀਕਾ ਚਲੇ ਗਏ ਸਨ।

ਭਾਰਤੀ-ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੇ ਫਰਵਰੀ ਵਿਚ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ। ਉਹ ਇੱਕ ਬਾਹਰੀ ਵਿਅਕਤੀ ਵਜੋਂ ਰਿਪਬਲਿਕਨ ਪਾਰਟੀ ਵਿਚ ਦਾਖਲ ਹੋਇਆ ਸੀ, ਪਰ ਹੁਣ ਉਹ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੂੰ ਪਿੱਛੇ ਛੱਡ ਕੇ ਤੀਜੇ ਨੰਬਰ 'ਤੇ ਆ ਗਿਆ ਹੈ। ਸਿਹਤ ਸੰਭਾਲ ਅਤੇ ਤਕਨਾਲੋਜੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੂੰ ਰਿਪਬਲਿਕਨ ਪਾਰਟੀ ਦੇ 9 ਫੀਸਦੀ ਨੇਤਾਵਾਂ ਦਾ ਸਮਰਥਨ ਹਾਸਲ ਹੈ। ਇਸ ਦੇ ਨਾਲ ਹੀ ਟਰੰਪ ਨੂੰ 47 ਫੀਸਦੀ ਵੋਟ ਮਿਲੇ, ਜੋ ਡੀਸੈਂਟਿਸ ਦੇ 19 ਫੀਸਦੀ ਤੋਂ ਕਿਤੇ ਜ਼ਿਆਦਾ ਹਨ। ਰਾਮਾਸਵਾਮੀ ਦਾ ਜਨਮ ਸਿਨਸਿਨਾਟੀ, ਓਹਾਇਓ, ਅਮਰੀਕਾ ਵਿਚ ਹੋਇਆ ਸੀ।

ਭਾਰਤਵੰਸ਼ੀ ਹਰਸ਼ਵਰਧਨ ਸਿੰਘ ਵੀ ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ ਵਿਚ ਸ਼ਾਮਲ ਹੋ ਗਏ ਹਨ। ਏਰੋਸਪੇਸ ਇੰਜੀਨੀਅਰ ਹਰਸ਼ ਵਰਧਨ ਨੇ ਇੱਕ ਵੀਡੀਓ ਵਿਚ ਕਿਹਾ ਕਿ ਉਹ ਸਾਰੀ ਉਮਰ ਰਿਪਬਲਿਕਨ ਰਹੇ। ਉਸਨੇ ਹਮੇਸ਼ਾ ਅਮਰੀਕਾ ਫਸਟ ਦੀ ਨੀਤੀ ਤਹਿਤ ਕੰਮ ਕੀਤਾ। ਉਹ ਰੂੜੀਵਾਦੀ ਹਨ। ਹਰਸ਼ਵਰਧਨ ਸਿੰਘ ਨੇ ਰਿਪਬਲਿਕਨ ਪਾਰਟੀ ਲਈ ਨਿਊਜਰਸੀ ਵਿਚ ਆਪਣੇ ਕੰਜ਼ਰਵੇਟਿਵ ਵਿੰਗ ਨੂੰ ਬਹਾਲ ਕਰਨ ਲਈ ਕੰਮ ਕੀਤਾ।

ਕੁੱਲ ਮਿਲਾ ਕੇ ਅਮਰੀਕਾ ਦੇ ਰਾਸ਼ਟਰਪਤੀ ਚੋਣ ਲਈ ਰਿਪਬਲਿਕਨ ਪਾਰਟੀ ਦੇ 14 ਉਮੀਦਵਾਰ ਚੋਣ ਮੈਦਾਨ 'ਚ ਹਨ। ਡੋਨਾਲਡ ਟਰੰਪ ਤੋਂ ਇਲਾਵਾ ਰੌਨ ਡੀਸੈਂਟਿਸ, ਵਿਵੇਕ ਰਾਮਾਸਵਾਮੀ, ਮਾਈਕ ਪੇਂਸ, ਨਿੱਕੀ ਹੈਲੀ, ਟਿਮ ਸਕਾਟ, ਡਗ ਬਰਗਮ, ਆਸਾ ਹਚਿਨਸਨ, ਲੈਰੀ ਐਲਡਰ, ਪੈਰੀ ਜਾਨਸਨ, ਫਰਾਂਸਿਸ ਸੁਆਰੇਜ਼, ਰਿਆਨ ਵਿਕਲੇ, ਬਿਲ ਹਾਰਡ ਅਤੇ ਹਰਸ਼ਵਰਧਨ ਸਿੰਘ ਵੀ ਇਸ ਦੌੜ ਵਿਚ ਸ਼ਾਮਲ ਹਨ।

# ਕੇਂਦਰ ਨਾਲ ਖਿੱਚੋਤਾਣ ਦਰਮਿਆਨ 'ਆਪ' ਵੱਲੋਂ ਆਪਣੇ ਰਾਜ ਸਭਾ ਮੈਂਬਰਾਂ ਨੂੰ ਵ੍ਹਿਪ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)**- ਰਾਜਧਾਨੀ ਦਿੱਲੀ 'ਚ ਸੇਵਾ 'ਤੇ ਅਧਿਕਾਰ ਨੂੰ ਲੈ ਕੇ ਕੇਂਦਰ ਅਤੇ ਆਮ ਆਦਮੀ ਪਾਰਟੀ (ਆਪ) ਵਿਚਾਲੇ ਜਾਰੀ ਖਿੱਚੋਤਾਣ ਦਰਮਿਆਨ ਸੋਮਵਾਰ ਨੂੰ ਆਪਣੇ ਸਾਰੇ ਰਾਜ ਸਭਾ ਮੈਂਬਰਾਂ ਨੂੰ 31 ਜੁਲਾਈ ਤੋਂ 4 ਅਗਸਤ ਤੱਕ ਸਦਨ 'ਚ ਹਾਜ਼ਰ ਰਹਿਣ ਲਈ ਤਿੰਨ ਲਾਈਨ ਦਾ ਵ੍ਹਿਪ ਜਾਰੀ ਕੀਤਾ ਹੈ।

ਰਾਜ ਸਭਾ ਵਿਚ 'ਆਪ' ਦੇ ਚੀਫ਼ ਵ੍ਹਿਪ ਅਤੇ ਸੰਸਦ ਮੈਂਬਰ ਸੁਸ਼ੀਲ ਗੁਪਤਾ ਵਲੋਂ ਜਾਰੀ 3 ਲਾਈਨ ਦੀ ਵ੍ਹਿਪ 'ਚ ਕਿਹਾ ਕਿ 4 ਅਗਸਤ ਤੱਕ ਸਦਨ ਵਿਚ ਸੰਸਦ ਮੈਂਬਰ ਮੌਜੂਦ ਰਹਿਣ, ਕਿਉਂਕਿ ਸਰਕਾਰ ਲੋਕ ਸਭਾ ਵਿਚ ਦਿੱਲੀ ਸੇਵਾ ਬਿੱਲ ਪੇਸ਼ ਕਰ ਸਕਦੀ ਹੈ। ਰਾਜ ਸਭਾ ਵਿਚ ਆਮ ਆਦਮੀ ਪਾਰਟੀ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ 31 ਜੁਲਾਈ ਤੋਂ 4 ਅਗਸਤ 2023 ਤੱਕ ਸਦਨ ਦੀ ਕਾਰਵਾਈ ਮੁਲਤਵੀ ਹੋਣ ਤੱਕ ਸਵੇਰੇ 11 ਵਜੇ ਤੋਂ ਸਦਨ ਵਿਚ ਹਾਜ਼ਰ ਰਹਿਣ ਅਤੇ ਪਾਰਟੀ ਦੇ ਰੁਖ਼ ਦਾ ਸਮਰਥਨ ਕਰਨ।

ਉਧਰ ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਦਿੱਲੀ ਦਾ ਜੋ ਬਿੱਲ ਸੰਸਦ ਵਿਚ ਲਿਆਂਦਾ ਜਾ ਰਿਹਾ ਹੈ, ਇਸ ਤੋਂ ਜ਼ਿਆਦਾ ਗੈਰ-ਕਾਨੂੰਨੀ ਅਤੇ ਅਲੋਕਤੰਤਰੀ ਬਿੱਲ ਸੰਸਦ 'ਚ ਅੱਜ ਤੱਕ ਕਦੇ ਨਹੀਂ ਲਿਆਂਦਾ ਗਿਆ। ਇਹ ਸਿਰਫ਼ ਸੰਵਿਧਾਨ ਖ਼ਿਲਾਫ ਹੀ ਨਹੀਂ, ਸਗੋਂ ਦਿੱਲੀ ਦੇ 2 ਕਰੋੜ ਲੋਕਾਂ ਦੇ ਖ਼ਿਲਾਫ ਹੈ।

## ਸਫਾ 1 ਦਾ ਬਾਕੀ — ਪ੍ਰਵਾਸੀਆਂ ਦਾ ਕਤਲਗਾਹ ਬਣ ਗਿਆ...

ਇਕ ਜੁਆਰੇਜ਼ ਇੰਮੀਗ੍ਰੇਸ਼ਨ ਵਕੀਲ ਦਾ ਕਹਿਣਾ ਹੈ ਕਿ ਪ੍ਰਵਾਸੀਆਂ ਨੂੰ ਅਗਵਾ ਕਰ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਮਰੀਕਾ ਰਹਿੰਦੇ ਰਿਸ਼ਤੇਦਾਰ ਜਾਂ ਪਰਿਵਾਰਕ ਮੈਂਬਰਾਂ ਤੋਂ ਪ੍ਰਾਪਰਟੀ ਦੀ ਮੰਗ ਕਰਨ ਲਈ ਕਿਹਾ ਜਾਂਦਾ ਹੈ। ਫਿਰੌਤੀ ਦਾ ਭੁਗਤਾਨ ਨਾ ਹੋਣ 'ਤੇ ਇਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਜੁਆਰੇਜ਼ 'ਚ ਪੁਲਿਸ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਪ੍ਰਵਾਸੀਆਂ ਕੋਲ ਕੋਈ ਦਸਤਾਵੇਜ਼ ਨਾ ਹੋਣ ਕਾਰਨ ਮਰਨ ਉਪਰੰਤ ਇਨ੍ਹਾਂ ਦੀ ਨਾਗਰਿਕਤਾ ਦਾ ਪਤਾ ਨਹੀਂ ਲੱਗ ਸਕਦਾ। ਇਹ ਵੀ ਦੱਸਿਆ ਜਾਂਦਾ ਹੈ ਕਿ ਕੁੱਝ ਪੀੜਤਾਂ ਦੇ ਰਿਸ਼ਤੇਦਾਰਾਂ ਨੇ 15 ਹਜ਼ਾਰ ਡਾਲਰ ਤੱਕ ਦੀ ਫਿਰੌਤੀ ਵੀ ਅਦਾ ਕਰ ਦਿੱਤੀ ਸੀ, ਪਰ ਫਿਰ ਵੀ ਅਗਵਾਕਾਰਾਂ ਨੇ ਉਨ੍ਹਾਂ ਪ੍ਰਵਾਸੀਆਂ ਨੂੰ ਮਾਰ ਦਿੱਤਾ।

## ਸਫਾ 1 ਦਾ ਬਾਕੀ — ਅਮਰੀਕਾ ਐੱਚ-1ਬੀ ਅਰਜ਼ੀਕਰਤਾਵਾਂ...

ਐੱਚ-1ਬੀ ਪ੍ਰੋਗਰਾਮ, ਖਾਸ ਤੌਰ 'ਤੇ ਤਕਨੀਕੀ ਅਤੇ ਇੰਜੀਨੀਅਰਿੰਗ ਖੇਤਰਾਂ ਵਿਚ ਪ੍ਰਸਿੱਧ, 85,000 ਵੀਜ਼ਾ ਦੀ ਸਾਲਾਨਾ ਸੀਮਾ ਹੈ। 780,884 ਅਰਜ਼ੀਆਂ ਦੇ ਨਾਲ, 2024 ਲਈ ਜਮ੍ਹਾਂ ਕਰਵਾਈਆਂ ਗਈਆਂ ਐੱਚ-1ਬੀ ਅਰਜ਼ੀਆਂ ਵਿਚ 61% ਦਾ ਵਾਧਾ ਹੋਇਆ ਹੈ।

ਦੂਜੀ ਲਾਟਰੀ ਪਹਿਲਾਂ ਦਰਜ ਕੀਤੀਆਂ ਅਰਜ਼ੀਆਂ 'ਚੋਂ ਹੀ ਕੱਢੀ ਜਾਵੇਗੀ।

## ਸਫਾ 1 ਦਾ ਬਾਕੀ — ਦੁਬਈ 'ਚ ਰਚੀ ਗਈ ਸੀ ਮੂਸੇਵਾਲਾ...

ਮੁਲਾਕਾਤ ਗੈਂਗਸਟਰ ਵਿਕਰਮ ਬਰਾੜ ਨਾਲ ਹੋਈ ਸੀ, ਜਿਸ ਨੂੰ ਕੁਝ ਦਿਨ ਪਹਿਲਾਂ ਭਾਰਤ ਲਿਆਂਦਾ ਗਿਆ ਹੈ। ਮੂਸੇਵਾਲਾ ਕਤਲਕਾਂਡ ਮਗਰੋਂ ਗੋਲਡੀ ਨੇ ਸਚਿਨ ਨੂੰ ਦੱਸਿਆ ਕਿ ਉਸ ਦਾ ਪਾਸਪੋਰਟ ਬਲੈਕ ਲਿਸਟ ਹੋ ਚੁੱਕਾ ਹੈ, ਇਸ ਕਰਕੇ ਉਹ ਦੁਬਈ ਤੋਂ ਅਜ਼ਰਬੈਜਾਨ ਚਲਾ ਜਾਵੇ। ਮੂਸੇਵਾਲਾ ਕਤਲ ਕਾਂਡ ਦੇ ਕੁਝ ਦਿਨਾਂ ਮਗਰੋਂ ਸਚਿਨ ਅਜ਼ਰਬੈਜਾਨ ਪਹੁੰਚ ਗਿਆ। ਜਿੱਥੇ ਉਹ ਕਿਰਾਏ ਦੇ ਮਕਾਨ 'ਚ ਰਿਹਾ। ਦੱਸ ਦਈਏ ਕਿ ਫ਼ਿਲਹਾਲ ਦਿੱਲੀ ਪੁਲਿਸ ਵੱਲੋਂ ਅਧਿਕਾਰਕ ਤੌਰ 'ਤੇ ਸਚਿਨ ਕੋਲੋਂ ਕੀਤੀ ਪੁੱਛਗਿੱਛ ਸਬੰਧੀ ਕੋਈ ਬਿਆਨ ਨਹੀਂ ਦਿੱਤਾ ਗਿਆ।

ਦੱਸ ਦਈਏ ਕਿ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਮੁਲਜ਼ਮਾਂ ਵਿਚੋਂ ਇਕ ਗੈਂਗਸਟਰ ਸਚਿਨ ਬਿਸ਼ਨੋਈ ਨੂੰ ਬੀਤੇ ਦਿਨੀਂ ਭਾਰਤ ਲਿਆਂਦਾ ਗਿਆ ਹੈ। ਦਿੱਲੀ ਪੁਲਿਸ ਦੀ ਸਪੈਸ਼ਲ ਸੈਲ ਦੀ ਟੀਮ ਸਚਿਨ ਬਿਸ਼ਨੋਈ ਨੂੰ ਅਜ਼ਰਬੈਜਾਨ ਤੋਂ ਡਿਪੋਰਟ ਕਰ ਕੇ ਭਾਰਤ ਲਿਆਈ ਹੈ। ਸਚਿਨ ਬਿਸ਼ਨੋਈ, ਲਾਰੈਂਸ ਬਿਸ਼ਨੋਈ ਦਾ ਭਾਣਜਾ ਹੈ। ਉਧਰ ਦਿੱਲੀ ਪੁਲਿਸ ਨੇ ਸਚਿਨ ਨੂੰ ਬੀਤੇ ਦਿਨੀਂ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਉਸ ਨੂੰ 10 ਦਿਨਾਂ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਵੀ ਸਚਿਨ ਬਿਸ਼ਨੋਈ ਦਾ ਰਿਮਾਂਡ ਮੰਗੇਗੀ, ਤਾਂ ਜੋ ਹੋਰ ਵੱਡੇ ਖ਼ੁਲਾਸੇ ਹੋ ਸਕਣ।



# ਮਨੀਪੁਰ ਘਟਨਾਵਾਂ ਨੇ ਇਨਸਾਨੀਅਤ ਕੀਤੀ ਸ਼ਰਮਸ਼ਾਰ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਸਿਆਸਤਦਾਨਾਂ ਨੂੰ ਮਨੀਪੁਰ ਵਿਚ ਇਸਤਰੀਆਂ ਨਾਲ ਵਾਪਰੀਆਂ ਘਿਨਾਉਣੀਆਂ ਘਟਨਾਵਾਂ ’ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਸਿਆਸਤ ਕਰਨ ਲਈ ਹੋਰ ਬਹੁਤ ਮੁੱਦੇ ਮਿਲ ਜਾਣਗੇ। ਇਹ ਸਿਆਸਤ ਕਰਨ ਦਾ ਸਮਾਂ ਨਹੀਂ ਹੈ। ਚੁੱਪ ਵੀ ਨਹੀਂ ਰਹਿਣਾ ਚਾਹੀਦਾ, ਚੁੱਪ ਦਾ ਭਾਵ ਸਹਿਮਤੀ ਹੁੰਦੀ ਹੈ। ਪ੍ਰੰਤੂ ਜੋ ਕਹਿਣਾ, ਨਾਪ-ਤੋਲ ਕੇ ਕਹਿਣਾ ਕਿਉਂਕਿ ਹਾਲਾਤ ’ਤੇ ਕਾਬੂ ਪਾਉਣ ਦਾ ਸਮਾਂ ਹੈ। ਇਸ ਵਕਤ ਕੋਈ ਵੀ ਅਜਿਹਾ ਬਿਆਨ ਨਾ ਦਿੱਤਾ ਜਾਵੇ, ਜਿਸ ਨਾਲ ਦੋਹਾਂ ਫਿਰਕਿਆਂ ਵਿਚ ਤਣਾਓ ਪੈਦਾ ਹੋਵੇ। ਜੋ ਵੀ ਹੋਇਆ, ਉਹ ਅਤਿ ਨਿੰਦਣਯੋਗ ਹੈ। ਉਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਸੰਸਦ ਵਿਚ ਅਜਿਹੇ ਨਾਜ਼ੁਕ ਮੁੱਦੇ ’ਤੇ ਵਿਚਾਰ-ਵਟਾਂਦਰਾ ਹੋਣਾ ਜ਼ਰੂਰੀ ਹੈ। ਵਿਚਾਰ-ਵਟਾਂਦਰੇ ਵਿਚ ਸਰਕਾਰ ਆਪਣਾ ਪੱਖ ਰੱਖੇਗੀ ਤੇ ਵਿਰੋਧੀ ਪਾਰਟੀਆਂ ਆਪਣਾ ਪੱਖ ਰੱਖਣਗੀਆਂ। ਇਸ ਵਿਚਾਰ-ਵਟਾਂਦਰੇ ਨੂੰ ਸੁਣ ਤੇ ਵੇਖ ਕੇ ਪਰਜਾ ਆਪਣਾ ਫ਼ੈਸਲਾ ਆਪ ਕਰੇਗੀ। ਵੈਸੇ ਜਨਤਾ ਨੂੰ ਸਾਰਾ ਕੁਝ ਪਤਾ ਹੀ ਲੱਗ ਚੁੱਕਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਦਾ ਕੋਈ ਵਿਅਕਤੀ ਮਰਦ ਅਤੇ ਔਰਤ ਅਜਿਹੀ ਨਹੀਂ ਹੈ, ਜਿਹੜੀ ਇਸਤਰੀ ਦੇ ਗਰਭ ਵਿਚੋਂ ਪੈਦਾ ਨਹੀਂ ਹੋਈ, ਫਿਰ ਇਸਤਰੀਆਂ ਨਾਲ ਮਰਦ ਨਸਲੀ ਕੱਟੜਵਾਦ ਵਿਚ ਆ ਕੇ ਅਜਿਹੀਆਂ ਇਖਲਾਕ ਤੋਂ ਗਿਰੀਆਂ ਹੋਈਆਂ ਹਰਕਤਾਂ ਕਿਉਂ ਕਰਦੇ ਹਨ? ਦੇਸ਼ ਵਿਚ ਕੋਈ ਘਰ ਅਜਿਹਾ ਨਹੀਂ, ਜਿਥੇ ਕੋਈ ਔਰਤ ਮਾਂ, ਪਤਨੀ, ਭੈਣ ਅਤੇ ਧੀ ਦੇ ਰੂਪ ਵਿਚ ਨਾ ਹੋਵੇ, ਫਿਰ ਬਲਾਤਕਾਰ ਕਰਨ ਲੱਗਿਆਂ ਉਨ੍ਹਾਂ ਬੇਗ਼ੈਰਤ ਲੋਕਾਂ ਨੂੰ ਆਪਣੀਆਂ ਧੀਆਂ-ਭੈਣਾਂ ਦੀ ਸ਼ਕਲ ਸਾਹਮਣੇ ਕਿਉਂ ਨਹੀਂ ਆਉਂਦੀ? ਵਹਿਸ਼ੀ ਆਦਮਖ਼ੋਰ ਲੋਕੋ, ਸ਼ਰਮ ਕਰੋ, ਅਜਿਹੀਆਂ ਹਰਕਤਾਂ ਕਰਨ ਵਾਲਿਓ, ਚੱਪਣੀ ਵਿਚ ਨੱਕ ਡੁਬੋ ਕੇ ਮਰ ਜਾਓ, ਅਜਿਹੀ ਹਰਕਤ ਕਰਨ ਤੋਂ ਪਹਿਲਾਂ। ਭਾਰਤ ਦੀ ਅੰਤਹਕਰਨ ਜ਼ਖ਼ਮੀ ਹੋ ਗਈ ਹੈ। ਹਰ ਇਨਸਾਨ ਦਾ ਦਿਲ ਖ਼ੂਨ ਦੇ ਹੰਝੂ ਕੇਰ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਅਜਿਹੀਆਂ ਘਟਨਾਵਾਂ ਨਾਲ ਸੰਸਾਰ ਦੇ ਸਭ ਤੋਂ ਵੱਡੇ ਪਰਜਾਤੰਤਰਿਕ ਪ੍ਰਣਾਲੀ ਵਾਲੇ ਦੇਸ਼ ਦਾ ਅਕਸ ਸੰਸਾਰ ਵਿਚ ਖ਼ਰਾਬ ਹੋਇਆ ਹੈ। ਭਾਰਤ ਦਾ ਲੋਕਤੰਤਰ ਦੁਨੀਆਂ ਸਾਹਮਣੇ ਕਟਹਿਰੇ ਵਿਚ ਖੜ੍ਹਾ ਹੋ ਗਿਆ ਹੈ। ਘੱਟ ਗਿਣਤੀ ਲੋਕਾਂ ਨੂੰ ਮੰਦਭਾਗੀ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਕਿਆ ਹੀ ਉਹ ਕੁਝ ਹੋ ਰਿਹਾ ਹੈ, ਜੋ ਪਿਛਲੇ 75 ਸਾਲਾਂ ਵਿਚ ਨਹੀਂ ਹੋਇਆ। ਇਸੇ ਨੂੰ ਬਦਲਾਅ ਤੇ ਵਿਕਾਸ ਕਿਹਾ ਜਾ ਰਿਹਾ ਹੈ। ਦਰਿੰਦਗੀ ਦਾ ਨੰਗਾ ਨਾਚ ਹੋਇਆ ਹੈ। ਨਸਲਵਾਦੀ ਦੈਂਤ ਨੇ ਧੀਆਂ ਦੀ ਇੱਜ਼ਤ ਮਿੱਟੀ ਵਿਚ ਰੋਲ ਦਿੱਤੀ ਹੈ। ਇਸ ਤੋਂ ਵੱਧ ਸ਼ਰਮ ਤੇ ਨਿੰਦਣਯੋਗ ਹੋਰ ਕੀ ਗੱਲ ਹੋ ਸਕਦੀ ਹੈ ਕਿ ਅੱਲ੍ਹੜ ਧੀਆਂ ਨੂੰ ਮਾਪਿਆਂ ਦੇ ਸਾਹਮਣੇ ਨੋਚਿਆ ਗਿਆ। ਅਜਿਹੀਆਂ ਘਟਨਾਵਾਂ ਸੋਚ ਕੇ ਕੰਬਣੀ ਛਿੜ ਜਾਂਦੀ ਹੈ। ਪਰਜਾਤੰਤਰ ਦਾ ਜਲੂਸ ਨਿਕਲ ਗਿਆ ਹੈ। ਸਰਕਾਰ ਇੱਕ ਚੁੱਪ ਨੂੰ ਸੌ ਸੁੱਖ ਸਮਝ ਰਹੀ ਹੈ। ਸੰਸਾਰ ਚੁੱਪ ਦਾ ਭਾਵ ਵੀ ਸਮਝ ਰਿਹਾ ਹੈ। ਸਾਰੀ ਦੁਨੀਆਂ ਵਿਚ ਇਨ੍ਹਾਂ ਘਟਨਾਵਾਂ ਬਾਰੇ ਚਰਚਾ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿਚ ਲਗਾਤਰ ਹੋ ਰਹੀ ਹੈ। ਅਜਿਹੀਆਂ ਘਿਨਾਉਣੀਆਂ ਹਰਕਤਾਂ ਵਾਲੀਆਂ ਵੀਡੀਓਜ਼ ਵੀ ਸੋਸ਼ਲ ਮੀਡੀਆ ’ਤੇ ਪਾਉਣ ਤੋਂ ਗੁਰੇਜ਼ ਕੀਤਾ ਜਾਵੇ। ਅਸੀਂ ਆਪਣੀਆਂ ਮਾਵਾਂ, ਭੈਣਾਂ, ਧੀਆਂ ਅਤੇ ਪਤਨੀਆਂ ਦੀ ਇੱਜ਼ਤ ਦਾ ਖਿਆਲ ਰੱਖੀਏ। ਕਿਹਾ ਜਾਂਦਾ ਹੈ ਕਿ ਦੋ ਫ਼ਿਰਕਿਆਂ ਵਿਚ ਇਹ ਨਸਲੀ ਫਸਾਦ ਇੱਕ ਝੂਠੀ ਖ਼ਬਰ ਦੇ ਆਉਣ ਨਾਲ ਸ਼ੁਰੂ ਹੋਏ ਹਨ, ਜਿਸ ਵਿਚ ਕਿਹਾ ਗਿਆ ਸੀ ਕਿ ਮੈਤਾਈ ਇਸਤਰੀ ਦਾ ਕੁਕੀ ਕਬੀਲੇ ਦੇ ਲੋਕਾਂ ਨੇ ਬਲਾਤਕਾਰ ਕੀਤਾ ਹੈ। ਅਫ਼ਵਾਹਾਂ ਫੈਲਾਉਣ ਵਾਲਿਆਂ ’ਤੇ ਯਕੀਨ ਨਾ ਕਰੋ, ਉਹ ਹੀ ਸਾਡੀਆਂ ਮਾਵਾਂ, ਧੀਆਂ ਤੇ ਭੈਣਾ ਨਾਲ ਧਰੋਹ ਕਰ ਰਹੇ ਹਨ। ਸੰਜੀਦਗੀ ਨਾਲ ਵਿਚਰਨ ਅਤੇ ਵਿਵਹਾਰ ਕਰਨ ਦਾ ਸਮਾਂ ਹੈ।

1992-93 ਤੱਕ ਕੁਕੀ ਅਤੇ ਮੈਤਈ ਫਿਰਕਿਆਂ ਵਿਚ ਬਹੁਤ ਹੀ ਸਦਭਾਵਨਾ ਵਾਲਾ ਮਾਹੌਲ ਸੀ। ਉਹ ਇਕ ਦੂਜੀ ਸਮੁਦਾਇ ਵਿਚ ਵਿਆਹ ਵੀ ਕਰਦੇ ਸਨ। ਅਸਲ ਵਿਚ ਹੁਣ ਵੀ ਕੋਈ ਧਾਰਮਿਕ ਮੁੱਦਾ ਨਹੀਂ ਹੈ। ਮਸਲਾ ਤਾਂ ਮੈਤਈ ਨੂੰ ਰਾਖਵਾਂਕਰਨ ਦੇਣ ਤੋਂ ਸ਼ੁਰੂ ਹੋਇਆ ਹੈ। ਇਸ ਅਨਾਰਕੀ ਦੇ ਵੱਧਣ ਦਾ ਕਾਰਨ ਸਰਕਾਰ ਨੇ ਪਿਛਲੇ 2 ਸਾਲਾਂ ਤੋਂ ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ ਹਟਾ ਲਿਆ ਹੈ, ਜਿਸ ਕਰਕੇ ਆਰਮੀ ਤੇ ਅਸਾਮ ਰਾਈਫਲਜ਼ ਦੇ ਪਰ ਕੱਟੇ ਗਏ ਹਨ। ਇਹ ਲੜਾਈ ਅੱਤਵਾਦੀਆਂ ਦੇ ਦੋ ਕੁਕੀਜ਼ ਅਤੇ ਮੈਤਈ ਧੜਿਆਂ ਅਤੇ ਨਾਗਾ ਅੱਤਵਾਦੀਆਂ ਦੀ ਹੈ। ਮਨੀਪੁਰ ਵਿਚ ਕੋਈ ਵੀ ਵਿਓਪਾਰ ਇਨ੍ਹਾਂ ਅੱਤਵਾਦੀ ਧੜਿਆਂ ਨੂੰ ਫਿਰੌਤੀ ਦੇਣ ਤੋਂ ਬਿਨਾ ਸਫਲ ਨਹੀਂ ਹੁੰਦਾ। ਇਥੇ ਸਾਰੀ ਆਰਥਿਕਤਾ ਇਸਤਰੀਆਂ ’ਤੇ ਨਿਰਭਰ ਕਰਦੀ ਹੈ। ਮੀਰਾ ਪੈਬੀ ਵਿਮੈਨ ਟਾਰਚ ਬੀਅਰਰ ਦੀ ਸੰਸਥਾ ਸ਼ਰਾਬ ਦੇ ਵਿਰੁੱਧ ਸਥਾਪਤ ਕੀਤੀ ਗਈ ਸੀ। ਫਿਰ ਇਹ ਮਨੁੱਖੀ ਅਧਿਕਾਰਾਂ ਬਾਰੇ ਕੰਮ ਵੀ ਕਰਨ ਲੱਗ ਪਈ। ਇਸ ਨੂੰ ਮਦਰਜ਼ ਆਰਗੇਨਾਈਜ਼ੇਸ਼ਨ ਕਿਹਾ ਜਾਂਦਾ ਹੈ। ਇਹ ਹੀ ਇਸ ਸਮੇਂ ਭਾਰੂ ਹੈ। ਇਸਤਰੀਆਂ ਖੇਤੀਬਾੜੀ, ਮੱਛੀ ਪਾਲਣ ਅਤੇ ਦਸਤਕਾਰੀ ਦਾ ਕੰਮ ਕਰਦੀਆਂ ਹਨ। ਭਾਵ ਇਸਤਰੀਆਂ ਮਰਦਾਂ ਨਾਲੋਂ ਵੱਧ ਜਾਗ੍ਰਿਤ ਹਨ।

ਪਿਛਲੇ ਦੋ ਮਹੀਨੇ ਤੋਂ ਵੱਧ ਸਮੇਂ ਤੋਂ ਮਨੀਪੁਰ ਜਲ ਰਿਹਾ ਹੈ, ਘਰ ਫੂਕੇ ਤੇ ਲੋਕ ਮਾਰੇ ਜਾ ਰਹੇ ਹਨ। ਹਿੰਸਕ ਘਟਨਾਵਾਂ ਨੇ ਤਾਂਡਵ ਮਚਾ ਰੱਖਿਆ ਹੈ। ਹਨ੍ਹੇਰਗਰਦੀ ਫੈਲੀ ਹੋਈ ਹੈ। ਮਨੀਪੁਰ ਵਿਚ ਅਫਰਾ-ਤਫਰੀ ਦੇ ਹਾਲਾਤ ਹਨ। ਦੋ ਫ਼ਿਰਕਿਆਂ ਕੁਕੀਆਂ ਅਤੇ ਮੈਤਾਈਆਂ ਦੀ ਲੜਾਈ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨਾਲ ਖਿਲਵਾੜ ਕਰ ਰਹੀ ਹੈ। ਉਥੋਂ ਦੀ ਸਰਕਾਰ ਆਪਣੀ ਪ੍ਰਬੰਧਕੀ ਕਾਰਗੁਜ਼ਾਰੀ ਵਿਚ ਅਸਫਲ ਹੋਈ ਹੈ। ਕੁਕੀਆਂ ਦੀ ਜਨਸੰਖਿਆ ਮੈਤਾਈਆਂ ਦੇ ਮੁਕਾਬਲੇ ਘੱਟ ਹੈ। ਕੁਕੀ ਈਸਾਈ ਘੱਟ ਗਿਣਤੀ ਦੇ ਲੋਕ ਹਨ। ਮੈਤਾਈਆਂ ਦੀ ਜਨਸੰਖਿਆ 53 ਫ਼ੀਸਦੀ ਹੈ। ਇਸ ਰੀਜਨ ਵਿਚ ਵਿਧਾਨ ਸਭਾ ਦੀਆਂ 60 ਸੀਟਾਂ ਹਨ, ਇਨ੍ਹਾਂ ਵਿਚੋਂ 40 ਸੀਟਾਂ ’ਤੇ ਮੈਤਾਈ ਲੋਕਾਂ ਦਾ ਪ੍ਰਭਾਵ ਹੈ। ਭਾਵ ਸਿਆਸਤਦਾਨਾਂ ਲਈ ਮੈਤਾਈ ਵੋਟਾਂ ਦੀ ਖਾਣ ਹਨ। ਇਨਸਾਨੀਅਤ ਨੂੰ ਲਹੂ-ਲੁਹਾਣ ਕਰਕੇ ਕਿਹੜਾ ਮਾਅਰਕਾ ਮਾਰਿਆ ਜਾ ਰਿਹਾ ਹੈ। ਸਿਆਸਤ ਇਸ ਪੱਧਰ ’ਤੇ ਗਿਰ ਗਈ ਹੈ ਕਿ ਉਨ੍ਹਾਂ ਨੂੰ ਆਪਣੀਆਂ ਮਾਤਾਵਾਂ, ਧੀਆਂ, ਭੈਣਾ ਅਤੇ ਪਤਨੀਆਂ ਦੀ ਇੱਜ਼ਤ ਆਬਰੂ ਦਾ ਕੋਈ ਫ਼ਿਕਰ ਨਹੀਂ। ਮਨੀਪੁਰ ਦੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਮੈਤਾਈ ਸਮੁਦਾਏ ਨਾਲ ਸੰਬੰਧ ਰੱਖਦੇ ਹਨ। ਇਸ ਲਈ ਪੁਲਿਸ ’ਤੇ ਇਲਜ਼ਾਮ ਲੱਗ ਰਹੇ ਹਨ ਕਿ ਉਹ ਸਰਕਾਰੀ ਸ਼ਹਿ ’ਤੇ ਮੈਤਾਈਆਂ ਦੀ ਮਦਦ ਕਰ ਰਹੀ ਹੈ। ਜਦੋਂ ਕੋਈ ਇਲਜ਼ਾਮ ਲੱਗਦਾ ਹੈ, ਤਾਂ ਮਾੜੀ-ਮੋਟੀ ਤਾਂ ਸੱਚਾਈ ਹੁੰਦੀ ਹੈ। ਕੁਕੀ ਐਥਨਿਕ ਟਰਾਈਬਲ ਕਬੀਲੇ ਦੇ ਲੋਕ ਹਨ, ਪਹਾੜਾਂ ਦੀਆਂ ਕੁੰਦਰਾਂ ਵਿਚ ਅਤੇ ਆਲੇ-ਦੁਆਲੇ ਰਹਿੰਦੇ ਹਨ। ਆਪਣੇ ਪਰਿਵਾਰਾਂ ਦਾ ਭੇਡਾਂ, ਬੱਕਰੀਆਂ ਪਾਲਕੇ ਗੁਜ਼ਾਰਾ ਕਰਦੇ ਹਨ। ਪੜ੍ਹਾਈ ਵਿਚ ਵੀ ਪਛੜੇ ਹੋਏ ਹਨ। ਮੈਤਾਈ ਇੰਫਾਲ ਅਤੇ ਇਸ ਦੇ ਨੇੜੇ-ਤੇੜੇ ਰਹਿੰਦੇ ਹਨ। ਮੈਤਾਈਆਂ ’ਤੇ ਇਲਜ਼ਾਮ ਲੱਗ ਰਹੇ ਹਨ ਕਿ ਬਹੁਗਿਣਤੀ ਵਿਚ ਹੋਣ ਕਰਕੇ ਕੁਕੀਆਂ ’ਤੇ ਜ਼ੁਲਮ ਕਰ ਰਹੇ ਹਨ। ਕੁਕੀਆਂ ਨੂੰ ਮਾਰਿਆ ਜਾ ਰਿਹਾ ਹੈ, ਇਸਤਰੀਆਂ ਨੂੰ ਨਿਰਬਸਤਰ ਕਰਕੇ ਬਲਾਤਕਾਰ ਕੀਤੇ ਜਾ ਰਹੇ ਹਨ। ਮਰਦਾਂ ਨੇ ਨਾਮਰਦਾਂ ਵਾਲੇ ਕੰਮ ਕੀਤੇ ਹਨ। ਤਾਜ਼ਾ ਘਟਨਾਕ੍ਰਮ ਅਨੁਸਾਰ ਇਕ ਵੀਡੀਓ ਜੁਲਾਈ 2023 ਵਿਚ ਸਾਹਮਣੇ ਆਈ ਹੈ, ਜਿਸ ਵਿਚ ਦੋ ਇਸਤਰੀਆਂ ਨੂੰ ਨਿਰਬਸਤਰ ਕਰਕੇ ਸ਼ਰੇਆਮ ਘੁਮਾਇਆ ਜਾ ਰਿਹਾ ਹੈ। ਉਨ੍ਹਾਂ ਦੇ ਸਰੀਰ ਦੇ ਅੰਗਾਂ ਨੂੰ ਨੋਚਿਆ ਜਾ ਰਿਹਾ ਹੈ। ਤਮਾਸ਼ਬੀਨ ਲੋਕ ਬੇਸ਼ਰਮ ਹੋ ਕੇ ਸਭ ਕੁਝ ਵੇਖ ਰਹੇ ਹਨ। ਵੀਡੀਓ ਬਣਾ ਰਹੇ ਹਨ। ਇਹ ਦੋਸ਼ ਹੈ ਕਿ ਉਸ ਤੋਂ ਬਾਅਦ ਉਨ੍ਹਾਂ ਦੋਹਾਂ ਨਾਲ ਸਮੂਹਿਕ ਬਲਾਤਕਾਰ ਕਰਕੇ ਮੌਤ ਦੇ ਘਾਟ ਉਤਾਰ ਦਿੱਤੀਆਂ ਗਈਆਂ ਅਤੇ ਹੋਰ ਕੁਕੀਆਂ ’ਤੇ ਅਨੇਕ ਕਿਸਮ ਦੇ ਤਸੀਹੇ ਦਿੱਤੇ ਜਾ ਰਹੇ ਹਨ। ਪੁਲਿਸ ਉਨ੍ਹਾਂ ਦੀਆਂ ਜ਼ਿਆਦਤੀਆਂ ਨੂੰ ਅੱਖੋਂ-ਪਰੋਖੇ ਕਰ ਰਹੀ ਹੈ। ਪੁਲਿਸ ਕੋਲ ਸ਼ਿਕਾਇਤ ਕਰਨ ਦੇ ਬਾਵਜੂਦ ਕੋਈ ਡੇਢ ਮਹੀਨਾ ਕਾਰਵਾਈ ਨਹੀਂ ਹੋਈ, ਇਥੋਂ ਤੱਕ ਕਿ ਕੋਈ ਐੱਫ.ਆਈ.ਆਰ. ਵੀ ਦਰਜ ਨਹੀਂ ਹੋਈ ਸੀ। ਇਹ ਘਟਨਾ 4 ਮਈ 2023 ਨੂੰ ਹੋਈ ਸੀ। ਇਕ ਤੋਂ ਬਾਅਦ ਹੋਰ ਵੀਡੀਓ ਵੀ ਆ ਰਹੀਆਂ ਹਨ। ਇਸ ਘਟਨਾ ਦੀ ਸ਼ਿਕਾਇਤ ਕਰਨ ’ਤੇ ਵੀ ਪੁਲਿਸ ਨੇ ਕੇਸ ਰਜਿਸਟਰ ਨਹੀਂ ਕੀਤਾ ਸੀ। ਜਦੋਂ ਜੁਲਾਈ ਵਿਚ ਡੇਢ ਮਹੀਨੇ ਬਾਅਦ ਵੀਡੀਓ ਆ ਗਈ, ਤਾਂ ਫਿਰ ਕੇਸ ਰਜਿਸਟਰ ਕੀਤਾ ਹੈ। ਸੁਪਰੀਮ ਕੋਰਟ ਨੇ ਵੀ ਸਰਕਾਰ ਨੂੰ ਲਾਹਣਤਾਂ ਪਾਈਆਂ ਹਨ। ਇਹ ਤਾਂ ਇਕ ਵੀਡੀਓ ਆਈ ਹੈ, ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਹੋਈਆਂ ਹਨ ਅਤੇ ਹੁਣ ਵੀ ਦੋਹਾਂ ਪਾਸਿਆਂ ਤੋਂ ਸਾੜ-ਫੂਕ ਦੀਆਂ ਘਟਨਾਵਾਂ ਹੋ ਰਹੀਆਂ ਹਨ, ਜਿਨ੍ਹਾਂ ਨੇ ਭਾਰਤੀ ਰਾਜ ਪ੍ਰਬੰਧ ਦੀ ਪ੍ਰਣਾਲੀ ਦੀ ਪੋਲ ਖੋਲ੍ਹ ਦਿੱਤੀ ਹੈ। ਸੰਸਾਰ ਵਿਚ ਭਾਰਤ ਦੀ ਤੋਏ-ਤੋਏ ਹੋ ਰਹੀ ਹੈ। ਜਿਨ੍ਹਾਂ ਨੇ ਇਹ ਕਾਰਵਾਈ ਕੀਤੀ ਹੈ ਤੇ ਜਿਹੜੇ ਤਮਾਸ਼ਬੀਨ ਹਨ, ਉਹ ਵੀ ਉਸੇ ਇਸਤਰੀ ਦੇ ਪੇਟ ਵਿਚ ਨੌਂ ਮਹੀਨੇ ਰਹਿ ਕੇ ਉਸੇ ਰਸਤੇ ਬਾਹਰ ਆਏ ਹਨ, ਜਿਸ ਦਾ ਬਲਾਤਕਾਰ ਕਰਦੇ ਹਨ। ਉਨ੍ਹਾਂ ਦੀਆਂ ਵੀ ਮਾਵਾਂ, ਧੀਆਂ, ਭੈਣਾਂ, ਪਤਨੀਆਂ ਔਰਤਾਂ ਹੀ ਹਨ। ਉਹ ਜੋ ਕੁਝ ਕਰ ਰਹੇ ਹਨ, ਉਹ ਆਪਣੀਆਂ ਮਾਵਾਂ, ਧੀਆਂ, ਭੈਣਾਂ ਅਤੇ ਪਤਨੀਆਂ ਨਾਲ ਵੀ ਕਰ ਰਹੇ ਹਨ। ਇਨ੍ਹਾਂ ਘਟਨਾਵਾਂ ਨੂੰ ਅੰਜ਼ਾਮ ਦੇਣ ਵਾਲਿਆਂ ਨੇ ਜਗਜਨਨੀ ਨੂੰ ਨਿਰਬਸਤਰ ਕਰਕੇ ਸਾਰੀ ਭਾਰਤੀ ਸੱਭਿਅਤਾ ਨਿਰਬਸਤਰ ਕਰ ਦਿੱਤੀ ਹੈ। ਕੰਜਕਾਂ ਪੂਜਣ ਵਾਲੇ, ‘ਬੇਟੀ ਪੜ੍ਹਾਓ ਬੇਟੀ ਬਚਾਓ’ ਦੇ ਨਾਅਰੇ ਮਾਰਨ ਵਾਲੇ ਨੰਗੇ ਕਰ ਦਿੱਤੇ ਹਨ। ਭਾਰਤ ਸੰਸਾਰ ਵਿਚ ਸ਼ਰਮਸ਼ਾਰ ਹੋਇਆ ਹੈ। ਅਜੇ ਵੀ ਸਰਕਾਰ ਅੱਖਾਂ ਮੀਟੀ ਬੈਠੀ ਹੈ। ਦੋਹਾਂ ਫ਼ਿਰਕਿਆਂ ਦਾ ਟੁੱਟਿਆ ਵਿਸ਼ਵਾਸ ਬਹਾਲ ਕਰਨ ਲਈ ਮੈਤਈ ਤੇ ਕੁਕੀਜ਼ ਦੀਆਂ ਸੰਸਥਾਵਾਂ ਨੂੰ ਇਕੱਠਿਆਂ ਬਿਠਾ ਕੇ ਆਪਸ ਵਿਚ ਸਦਭਾਵਨਾ ਦਾ ਮਾਹੌਲ ਬਣਾਉਣ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## ‘ਜੋ ਦਿਖਾ, ਸੋ ਲਿਖਾ’

# ਪੰਜਾਬ ਦੇ ਮੁੱਖ ਮੰਤਰੀ ਅਤੇ ਰਾਜਪਾਲ ’ਚ ਤਕਰਾਰ ਸਿਖਰ ’ਤੇ

## ਸਰਕਾਰੀ ਕੰਮਕਾਜ਼ ਦਾ ਹੋ ਰਿਹੈ ਭਾਰੀ ਨੁਕਸਾਨ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)



ਸਰਹੱਦੀ ਸੂਬੇ ਪੰਜਾਬ ਵਿਚ ਮੁੱਖ ਮੰਤਰੀ ਅਤੇ ਰਾਜਪਾਲ ਵਿਚਕਾਰ ਚੱਲ ਰਿਹਾ ਤਕਰਾਰ ਸਿਖਰ ’ਤੇ ਪੁੱਜ ਚੁੱਕਾ ਹੈ। ਸੰਵਿਧਾਨਿਕ ਉੱਚ ਅਹੁਦਿਆਂ ’ਤੇ ਬੈਠੀਆਂ ਦੋਵੇਂ ਸ਼ਖਸੀਅਤਾਂ ਇੱਕ ਦੂਜੇ ਨੂੰ ਨੀਚਾ ਦਿਖਾਉਣ ਦਾ ਕੋਈ ਮੌਕਾ ਨਹੀਂ ਜਾਣ ਦਿੰਦੀਆਂ। ਦੋਵਾਂ ਦੇ ਆਪਸੀ ਕਲੇਸ਼ ਨਾਲ ਸਰਕਾਰੀ ਕੰਮਕਾਜ ਦਾ ਭਾਰੀ ਨੁਕਸਾਨ ਹੋਇਆ ਅਤੇ ਜਨਤਾ ਨੂੰ ਚੰਗੀ ਸੇਵਾ ਦੇਣ ਵਿਚ ਕਾਫੀ ਅੜਚਣਾਂ ਪੇਸ਼ ਆ ਰਹੀਆਂ ਨੇ। ਪੰਜਾਬ ਵਿਚ ਭਗਵੰਤ ਮਾਨ ਦੀ ਸਰਕਾਰ ਦਿੱਲੀ ਵਿਚ ਕੇਜਰੀਵਾਲ ਦੀ ਸਰਕਾਰ ਵੱਲੋਂ ਕੇਂਦਰ ਖਿਲਾਫ ਚੁੱਕੇ ਗਏ ਹਰ ਕਦਮ ਨੂੰ ਪੰਜਾਬ ਵਿਚ ਹੂ-ਬ-ਹੂ ਅੱਖਾਂ ਬੰਦ ਕਰਕੇ ਲਾਗੂ ਕਰਦੀ ਜਾ ਰਹੀ ਹੈ। ਜਿਸ ਤਰ੍ਹਾਂ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦਾ ਕੇਂਦਰ ਸਰਕਾਰ ਅਤੇ ਰਾਜਪਾਲ ਨਾਲ ਝਗੜਾ ਅੱਗੇ ਵਧਦਾ ਹੈ। ਉਸੇ ਤਰ੍ਹਾਂ ਪੰਜਾਬ ਵਿਚ ਕੇਂਦਰ ਅਤੇ ਗਵਰਨਰ ਨਾਲ ਫ਼ਰੰਟ ਖੋਲ੍ਹ ਦਿੱਤਾ ਜਾਂਦਾ ਹੈ। ਕੇਜਰੀਵਾਲ ਨੇ ਦੋ ਵਾਰ ਵਿਧਾਨ ਸਭਾ ਦੇ ਇਜਲਾਸ ਬੁਲਾ ਕੇ ਪ੍ਰਧਾਨ ਮੰਤਰੀ ਅਤੇ ਰਾਜਪਾਲ ਖਿਲਾਫ ਖ਼ੂਬ ਭੜਾਸ ਕੱਢੀ, ਉਸ ਤੋਂ ਪਿੱਛੋਂ ਪੰਜਾਬ ਅੰਦਰ ਵੀ ਭਗਵੰਤ ਮਾਨ ਨੇ ਦੋ ਵਾਰ ਵਿਸ਼ੇਸ਼ ਇਜਲਾਸ ਬੁਲਾ ਕੇ ਉਸ ਦੀ ਨਕਲ ਕੀਤੀ। ਜੇਕਰ ਦਿੱਲੀ ਵਿਚ ‘ਅਪਰੇਸ਼ਨ ਲੋਟਸ’ ਅਧੀਨ ਆਮ ਆਦਮੀ ਪਾਰਟੀ ਦੇ ਵਿਧਾਇਕ ਖਰੀਦਣ ਦੇ ਦੋਸ਼ ਲਗਾ ਕੇ ਵਿਧਾਨ ਸਭਾ ਵਿਚ ਨਿੰਦਾ ਪ੍ਰਸਤਾਵ ਪਾਸ ਕੀਤਾ, ਉਸੇ ਤਰ੍ਹਾਂ ਭਗਵੰਤ ਮਾਨ ਨੇ ਵੀ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਬਲਾਉਣ ਲਈ ਰਾਜਪਾਲ ਤੋਂ ਪ੍ਰਵਾਨਗੀ ਮੰਗੇ ਜਾਣ ਤੋਂ ਵੱਡਾ ਬਖੇੜਾ ਸ਼ੁਰੂ ਹੋ ਗਿਆ, ਜੋ ਇਸ ਸਮੇਂ ਸ਼ਿਖਰ ’ਤੇ ਪੁੱਜ ਚੁੱਕਾ ਹੈ।









### ਕਲੇਸ਼ ਦਾ ਮੌਜੂਦਾ ਮੁੱਦਾ

ਭਗਵੰਤ ਮਾਨ ਦੀ ਸਰਕਾਰ ਨੇ 19 ਅਤੇ 20 ਜੂਨ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਚਾਰ ਅਹਿਮ ਬਿੱਲ ਪਾਸ ਕੀਤੇ। ਇਜਲਾਸ ਤੋਂ ਪਹਿਲਾਂ ਰਾਜਪਾਲ ਨੇ ਸਪੀਕਰ ਨੂੰ ਪੱਤਰ ਲਿਖ ਕੇ ਵਿਧਾਨ ਸਭਾ ਦੇ ਏਜੰਡੇ ਬਾਰੇ ਜਾਣਕਾਰੀ ਮੰਗੀ, ਜਿਸ ’ਤੇ ਸਪੀਕਰ ਨੇ ਦੱਸਿਆ ਕਿ ਕੋਈ ਏਜੰਡਾ ਤੈਅ ਨਹੀਂ ਹੈ, ਇਸ ਦਾ ਫੈਸਲਾ ਬਿਜ਼ਨਸ ਐਡਵਾਇਜ਼ਰੀ ਕਮੇਟੀ ਕਰੇਗੀ। ਸਰਕਾਰ ਵਲੋਂ ਇਜਲਾਸ ਵਿਚ ਚਾਰ ਅਹਿਮ ਬਿਲ ਸਿੱਖ ਗੁਰਦੁਆਰਾ (ਸੋਧ) ਬਿੱਲ-2023, ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧ) ਬਿੱਲ-2023, ਅਤੇ ਪੰਜਾਬ ਪੁਲਿਸ ਸੋਧ ਬਿੱਲ-2022 ਪਾਸ ਕਰਕੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪਾਸ ਮਨਜ਼ੂਰੀ ਲਈ ਭੇਜੇ ਗਏ। ਮਹੀਨੇ ਤੋਂ ਵੱਧ ਸਮਾਂ ਬੀਤਣ ਤੋਂ ਬਾਅਦ, ਸਾਰੇ ਚਾਰ ਬਿੱਲ ਅਜੇ ਵੀ ਰਾਜਪਾਲ ਕੋਲ ਪਏ ਨੇ। ਮੁੱਖ ਮੰਤਰੀ ਨੇ ਰਾਜਪਾਲ ਨੂੰ ਕਾਨੂੰਨੀ ਰਾਏ ਦੇ ਹਵਾਲੇ ਨਾਲ ਲਿਖਿਆ ਕਿ ਉਹ ਵਿਧਾਨ ਸਭਾ ਵਿਚ ਪਾਸ ਹੋਏ ਬਿਲਾਂ ’ਤੇ ਸਹੀ ਪਾਉਣ ਲਈ ਪਾਬੰਦ ਨੇ। ਜਵਾਬ ਵਿਚ ਰਾਜਪਾਲ ਨੇ ਵੀ ਕਾਨੂੰਨੀ ਰਾਏ ਦਾ ਜ਼ਿਕਰ ਕਰਦੇ ਲਿਖਿਆ ਕਿ ਇਹ ਇਜਲਾਸ ਹੀ ਗੈਰ ਕਾਨੂੰਨੀ ਹੈ। ਮੁੱਖ ਮੰਤਰੀ ਨੇ ਇੱਕ ਹੋਰ ਪੱਤਰ ਲਿਖ ਕੇ ਰਾਜਪਾਲ ’ਤੇ ਮਰਿਆਦਾ ਦੀ ਉਲੰਘਣਾ ਦੇ ਦੋਸ਼ ਲਗਾ ਦਿੱਤੇ। ਭਗਵੰਤ ਮਾਨ ਨੇ 15 ਜੁਲਾਈ ਨੂੰ ਪੱਤਰ ਲਿੱਖ ਕੇ ਰਾਜਪਾਲ ਨੂੰ ਸਿੱਖ ਗੁਰਦੁਆਰਾ (ਸੋਧ) ਬਿੱਲ-2023 ’ਤੇ ਹਸਤਾਖ਼ਰ ਕਰਨ ਦੀ ਅਪੀਲ ਕੀਤੀ ਸੀ, ਤਾਂ ਕਿ ਗੁਰਬਾਣੀ ਦਾ ਪ੍ਰਸਾਰਣ ਸਾਰੇ ਮੀਡੀਆ ਰਾਹੀਂ ਮੁਫ਼ਤ ਜਾਰੀ ਰੱਖਿਆ ਜਾ ਸਕੇ। ਜਵਾਬ ਵਿਚ ਰਾਜਪਾਲ ਨੇ 17 ਜੁਲਾਈ ਨੂੰ ਮੁੱਖ ਮੰਤਰੀ ਨੂੰ ਲਿਖਿਆ ਕਿ ਵਿਸ਼ੇਸ਼ ਇਜਲਾਸ ਬੁਲਾਉਣਾ ਹੀ ਗੈਰ ਸੰਵਿਧਾਨਕ ਹੈ। ਇਸ ਤੋਂ ਭੜਕੇ ਮੁੱਖ ਮੰਤਰੀ ਨੇ ਮੀਡੀਆ ਰਾਹੀਂ ਰਾਜਪਾਲ ’ਤੇ ਤਲਖ਼ ਟਿੱਪਣੀ ਕਰਦੇ ਕਿਹਾ ਕਿ ਉਹ ਪਾਸ ਕੀਤੇ ਬਿਲ ਲਾਗੂ ਕਰਾ ਕੇ ਹੀ ਰਹਿਣਗੇ। ਫਿਰ ਰਾਜਪਾਲ ਨੇ ਮੁੱਖ ਮੰਤਰੀ ਦੀਆਂ ਟਿੱਪਣੀਆਂ ਨੂੰ ਗੈਰਵਾਜਿਬ ਦੱਸਦੇ ਪ੍ਰਮੁੱਖ ਸੰਵਿਧਾਨਕ ਮਾਹਰ ਤੋਂ ਲਈ ਰਾਏ ਪੱਤਰ ਨਾਲ ਭੇਜ ਦਿੱਤੀ, ਜਿਸ ਵਿਚ ਸਪੱਸ਼ਟ ਤੌਰ ’ਤੇ ਜ਼ਿਕਰ ਹੈ ਕਿ ਇਜਲਾਸ ਸੱਦਣ ਦੀ ਪ੍ਰੀਕਿਰਿਆ ਹੀ ਗਲਤ ਸੀ।

ਰਾਜਪਾਲ ਨੇ ਕਿਹਾ ਕਿ ਕਾਨੂੰਨ ਅਨੁਸਾਰ ਸਪੀਕਰ ਕੋਲ ਇਜਲਾਸ ਨੂੰ ਅਣਮਿਥੇ ਸਮੇਂ ਲਈ ਮੁਲਤਵੀ ਕਰਨ ਦਾ ਅਧਿਕਾਰ ਤਾਂ ਹੈ, ਪਰ ਜੇਕਰ ਇੱਕ ਵਾਰ ਇਜਲਾਸ ਦਾ ਪੂਰਾ ਕਾਰੋਬਾਰ ਖ਼ਤਮ ਹੋ ਗਿਆ, ਤਾਂ ਇਜਲਾਸ ਨੂੰ ਦਿਖਾਵੇ ਦੇ ਤੌਰ ’ਤੇ ਚੱਲਦਾ ਨਹੀਂ ਰੱਖਿਆ ਜਾ ਸਕਦਾ। ਬੁਲਾਏ ਗਏ ਮੁਲਤਵੀ ਇਜਲਾਸ ਵਿਚ ਜੋ 4 ਬਿੱਲ ਪਾਸ ਕੀਤੇ ਗਏ ਹਨ, ਉਨ੍ਹਾਂ ਦਾ ਬਜਟ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਅਨੁਸਾਰ ਵਿਧੀ ਵਿਚ ਸਭ ਤੋਂ ਵੱਡਾ ਨੁਕਸ ਇਹ ਸੀ ਕਾਨੂੰਨਾਂ ਨੂੰ ਜਨਤਕ ਸਲਾਹ-ਮਸ਼ਵਰੇ, ਬਹਿਸ ਜਾਂ ਸਟੇਕ ਹੋਲਡਰਾਂ ਦੇ ਵਿਚਾਰਾਂ ਨੂੰ ਧਿਆਨ ਵਿਚ ਰੱਖੇ ਬਿਨਾਂ ਵਿਧਾਨ ਸਭਾ ਦੁਆਰਾ ਅੱਗੇ ਵਧਾਇਆ ਗਿਆ ਸੀ। ਇਸ ਲਈ ਜੇਕਰ ਇਜਲਾਸ ਹੀ ਗੈਰਕਾਨੂੰਨੀ ਸੀ, ਤਾਂ ਪਾਸ ਕੀਤੇ ਬਿਲ ਕਾਨੂੰਨ ਅਨੁਸਾਰ ਸਹੀ ਨਹੀਂ ਮੰਨੇ ਜਾ ਸਕਦੇ।

### ਰੇੜਕੇ ਦਾ ਮੁੱਢ

ਮਾਨ ਅਤੇ ਪੁਰੋਹਿਤ ਦਾ ਰਿਸ਼ਤਾ ਸਤੰਬਰ 2022 ਵਿਚ ਵਿਸ਼ੇਸ਼ ਇਜਲਾਸ ਤੋਂ ਖ਼ਰਾਬ ਹੋਣਾ ਸ਼ੁਰੂ ਹੋਇਆ। ‘ਆਪਰੇਸ਼ਨ ਲੋਟਸ’ ਅਧੀਨ ‘ਆਪ’ ਦੇ ਵਿਧਾਇਕਾਂ ਨੂੰ ਬੀ.ਜੇ.ਪੀ. ਵਲੋਂ ਪੈਸੇ ਦੀ ਪੇਸ਼ਕਸ਼ ਦੇ ਦੋਸ਼ ਲਗਾ ਕੇ ਭਰੋਸੇ ਦਾ ਮੱਤ ਲੈਣ ਲਈ ਇਜਲਾਸ ਬੁਲਾਉਣ ਦੀ ਰਾਜਪਾਲ ਨੇ ਪਹਿਲਾਂ ਸਹਿਮਤੀ ਦੇ ਦਿੱਤੀ, ਪਰ ਫਿਰ ਨਾਂਹ ਕਰ ਦਿੱਤੀ ਸੀ। ਸਰਕਾਰ ਵਲੋਂ ਮਾਮਲਾ ਸੁਪਰੀਮ ਕੋਰਟ ਵਿਚ ਲੈ ਜਾਇਆ ਗਿਆ। ਸਰਵਉੱਚ ਅਦਾਲਤ ਨੇ ਆਦੇਸ਼ ਦਿੱਤੇ ਕਿ ਮੰਤਰੀ ਮੰਡਲ ਦੇ ਇਜਲਾਸ ਬੁਲਾਉਣ ਦੇ ਫੈਸਲੇ ਨੂੰ ਰਾਜਪਾਲ ਪ੍ਰਵਾਨਗੀ ਦੇਣ ਤੋਂ ਜਵਾਬ ਨਹੀਂ ਦੇ ਸਕਦਾ, ਪਰ ਨਾਲ ਹੀ ਸਰਕਾਰ ਨੂੰ ਵੀ ਰਾਜਪਾਲ ਵੱਲੋਂ ਮੰਗੀ ਗਈ ਹਰ ਸੂਚਨਾ ਦੇਣ ਲਈ ਕਿਹਾ ਗਿਆ। ਫਿਰ ‘ਆਪ’ ਸਰਕਾਰ ਨੇ 27 ਸਤੰਬਰ ਨੂੰ ਵਿਧਾਨ ਸਭਾ ਦਾ ਨਿਯਮਤ ਸੈਸ਼ਨ ਆਯੋਜਿਤ ਕੀਤਾ, ਜਿਸ ਵਿਚ ਕੇਂਦਰੀ ਸਰਕਾਰ ’ਤੇ ਤਿੱਖੇ ਹਮਲੇ ਕਰਕੇ ਨਿੰਦਾ ਪ੍ਰਸਤਾਵ ਪਾਸ ਕੀਤਾ ਅਤੇ ਰਾਜਪਾਲ ਖ਼ਿਲਾਫ਼ ਵੀ ਭੜਾਸ ਕੱਢੀ। ਉਸੇ ਸਮੇਂ ਦੌਰਾਨ ਹੀ ਰਾਜਪਾਲ ਵਲੋਂ ਛੇ ਸਰਹੱਦੀ ਜ਼ਿਲ੍ਹਿਆਂ ਦਾ ਦੋ ਦਿਨਾਂ ਦੌਰਾ ਕੀਤਾ ਗਿਆ। ਗ਼ੈਰ-ਕਾਨੂੰਨੀ ਮਾਈਨਿੰਗ ਅਤੇ ਸ਼ਰੇਆਮ ਨਸ਼ੇ ਵਿਕਣ ਦੇ ਮਾਮਲੇ ਉਠਾਏ, ਜਿਸ ਤੋਂ ਮੁੱਖ ਮੰਤਰੀ ਕਾਫੀ ਖਫਾ ਹੋਏ।

### ਮੁੱਖ ਮੰਤਰੀ ਦਾ ਸਵੈ ਗੋਲ

ਇੱਕ ਪਾਸੇ ਆਮ ਆਦਮੀ ਪਾਰਟੀ ਦਿੱਲੀ ਅਤੇ ਪੰਜਾਬ ਅੰਦਰ ਰਾਜਪਾਲ ਦੇ ਦਖ਼ਲ ਦਾ ਸ਼ੋਰ ਮਚਾ ਰਹੀ ਹੈ, ਦੂਜੇ ਪਾਸੇ ਭਗਵੰਤ ਮਾਨ ਨੇ ਮਨੀਪੁਰ ਦੀਆਂ ਸ਼ਰਮਨਾਕ ਘਟਨਾਵਾਂ ’ਤੇ ਮੂਕ ਦਰਸ਼ਕ ਬਣੇ ਮੁੱਖ ਮੰਤਰੀ ਨੂੰ ਬਰਖਾਸਤ ਕਰਕੇ ਗਵਰਨਰੀ ਰਾਜ ਲਾਗੂ ਕਰਨ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਮਣੀਪੁਰ ਦਾ ਰਾਜਪਾਲ ਪੰਜਾਬ ਦੇ ਰਾਜਪਾਲ ਦੀ ਤਰ੍ਹਾਂ ਮੁੱਖ ਮੰਤਰੀ ਖਿਲਾਫ ਮੂੰਹ ਕਿਉਂ ਨਹੀਂ ਖੋਲਦਾ। ਰਾਜਪਾਲ ਖ਼ਿਲਾਫ਼ ਹਮੇਸ਼ਾ ਬਾਵੇਲਾ ਖੜ੍ਹਾ ਕਰਨ ਵਾਲੇ ਮੁੱਖ ਮੰਤਰੀ ਦੀ ਕੇਂਦਰ ਤੋਂ ਮਨੀਪੁਰ ’ਚ ਗਵਰਨਰੀ ਰਾਜ ਲਗਾਉਣ ਦੀ ਮੰਗ ਲੋਕਤੰਤਰ ਅਤੇ ਫੈਡਰਲ ਢਾਂਚੇ ਦੇ ਸਿੱਧੀ ਖਿਲਾਫ਼ ਹੈ ਅਤੇ ਇਸ ਨੂੰ ਮੁੱਖ ਮੰਤਰੀ ਦਾ ਸਵੈ ਗੋਲ ਸਮਝਿਆ ਜਾ ਰਿਹਾ ਹੈ।

### ਭਾਸ਼ਾ ਦੀ ਮਰਿਯਾਦਾ

ਰਾਜਪਾਲ ਨੇ ਜਲੰਧਰ ਵਿਖੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਉਪਰੰਤ ਕਿਹਾ ਕਿ ਸਰਕਾਰ ਨੇ ਹੜਾਂ ਤੋਂ ਬਚਾਅ ਲਈ ਅਗਾਉਂ ਪ੍ਰਬੰਧ ਕਰਨ ਵਿਚ ਅਣਗਹਿਲੀ ਵਰਤੀ ਹੈ, ਪਰ ਰਾਹਤ ਕਾਰਜ ਲਈ ਮੁੱਖ ਮੰਤਰੀ ਅਤੇ ਸਰਕਾਰ ਦੇ ਕੰਮ ਦੀ ਸ਼ਲਾਘਾ ਕੀਤੀ। ਰਾਜਪਾਲ ਨੇ ਕਿਹਾ ਕਿ ਮੁੱਖ ਮੰਤਰੀ ਉਨ੍ਹਾਂ ਦੇ ਪੁੱਤਰ ਸਮਾਨ ਹਨ। ਹਮੇਸ਼ਾ ਉਨ੍ਹਾਂ ਲਈ ਅੱਛੀ ਭਾਸ਼ਾ ਵਰਤੀ ਹੈ ਅਤੇ ਹਮੇਸ਼ਾਂ ਸੰਵਿਧਾਨ ਅਨੁਸਾਰ ਹੀ ਕੰਮ ਕਰਦੇ ਨੇ। ਰਾਜਪਾਲ ਦਾ ਕਹਿਣਾ ਹੈ ਕਿ ਸੰਵਿਧਾਨ ਦੇ ਅਨੁਸਾਰ ਕੰਮ ਯਕੀਨੀ ਬਣਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਰਾਜਪਾਲ ਪ੍ਰਤੀ ਆਮ ਕਰਕੇ ਹੇਠਲੇ ਪੱਧਰ ਦੀ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜੋ ਕਿ ਸੰਵਿਧਾਨਕ ਉੱਚ ਪਦਵੀ ’ਤੇ ਬੈਠੀ ਸ਼ਖਸੀਅਤ ਨੂੰ ਸ਼ੋਭਾ ਨਹੀਂ ਦਿੰਦਾ। ਪਹਿਲੀਆਂ ਸਰਕਾਰਾਂ ਸਮੇਂ ਮੁੱਖ ਮੰਤਰੀ ਦੇ ਰਾਜਪਾਲ ਨਾਲ ਕਈ ਵਾਰ ਟਕਰਾਅ ਵੀ ਪੈਦਾ ਹੋਏ, ਪਰ ਮਾਮਲਾ ਕਦੇ ਵੀ ਮਾੜੀ ਭਾਸ਼ਾ ਤੱਕ ਨਹੀਂ ਪੁੱਜਾ। ਇਸ ਲੇਖ ਰਾਹੀਂ ਅਸੀਂ ਦੋਹਾਂ ਸੰਵਿਧਾਨਿਕ ਸ਼ਖ਼ਸੀਅਤਾਂ ਨੂੰ ਸਲਾਹ ਦੇਵਾਂਗੇ ਕਿ ਉਹ ਸੂਬੇ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਆਪਸੀ ਮਤਭੇਦ ਦੂਰ ਕਰਨ ਅਤੇ ਸਰਕਾਰ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਸਹਿਯੋਗ ਕਰਨ।

# “ਮਣੀਪੁਰ ਦੀ ਘਟਨਾ ਹਕੂਮਤ ਅਤੇ ਪ੍ਰਸ਼ਾਸਨ ਦੀ ਇੱਕ ਮਿਲੀਭੁਗਤ ਯੋਜਨਾ”

- ਰਸ਼ਪਿੰਦਰ ਕੌਰ ਗਿੱਲ
ਲੇਖਕ, ਐਂਕਰ, ਪ੍ਰਧਾਨ- ਪੀਂਘਾਂ ਸੋਚ ਦੀਆਂ, ਸਾਹਿਤ ਮੰਚ, ਪਬਲਿਕੇਸ਼ਨ, ਵੈੱਬ ਚੈਨਲ, ਮੈਗਜ਼ੀਨ, ਸਿੱਖੀ ਫਰਜ਼ ਸਕਾਲਰਸ਼ਿਪ
+91-9888697078
(Punjab Mail USA)

ਮਣੀਪੁਰ ਦੀ ਘਟਨਾ ਜੋ ਕਿ ਇਨਸਾਨੀਅਤ ਨੂੰ ਜਿੱਥੇ ਸ਼ਰਮਸਾਰ ਕਰਦੀ ਹੈ, ਉੱਥੇ ਹੀ ਮਰਦਾਨਗੀ ਦੀ ਦਰਿੰਦਗੀ ਨੂੰ ਦਰਸਾਉਂਦੀ ਹੈ। ਮੁੱਢ ਕਦੀਮੀ ਇਤਿਹਾਸ ਵੱਲ ਝਾਤ ਮਾਰੀ ਜਾਵੇ, ਤਾਂ ਹਰ ਯੁੱਗ ਵਿਚ, ਹਰ ਰਾਜ ਵਿਚ, ਹਰ ਸ਼ਾਸਨ ਵਿਚ, ਹਰ ਸੰਘਰਸ਼ ਵਿਚ, ਹਰ ਅੰਦੋਲਨ ਵਿਚ, ਹਰ ਆਜ਼ਾਦੀ ਦੇ ਸੰਘਰਸ਼ ਵਿਚ ਮਰਦ ਦੀ ਮਰਦਾਨਗੀ ਦੀ ਦਰਿੰਦਗੀ ਆਪਣੇ ਘਟੀਆਪਣ ਦੀ ਚਰਮ ਸੀਮਾ ਦਿਖਾਉਂਦੀ ਹੈ। ਚਾਹੇ ਮਹਾਭਾਰਤ ਹੋਵੇ, ਚਾਹੇ ਰਮਾਇਣ ਹੋਵੇ, ਚਾਹੇ ਮੁਗਲਾਂ ਦਾ ਸ਼ਾਸਨ ਹੋਵੇ, ਚਾਹੇ 1947 ਹੋਵੇ, ਚਾਹੇ 1984 ਹੋਵੇ, ਚਾਹੇ ਵਰਤਮਾਨ ਭਾਰਤ ਵਿਚ ਹੋ ਰਹੇ ਸਮੇਂ-ਸਮੇਂ ’ਤੇ ਧੀਆਂ ਦੇ ਬਲਾਤਕਾਰ ਹੋਣ ਜਾਂ ਚਾਹੇ ਮਣੀਪੁਰ ਦੀ ਘਟਨਾ ਹੋਵੇ। ਮਰਦਾਂ ਦੀ ਦਰਿੰਦਗੀ ਅਤੇ ਹਵਸ ਪੀੜ੍ਹੀ-ਦਰ-ਪੀੜ੍ਹੀ ਸ਼ਰਮਸਾਰ ਕਰਦੀ ਹੈ। ਖ਼ਾਲਸਾ ਪੰਥ ਖ਼ਾਲਸਾ ਰਾਜ ਔਰਤ ਦਾ ਸਤਿਕਾਰ ਉਸ ਬੁਲੰਦੀਆਂ ’ਤੇ ਲੈ ਜਾਂਦਾ ਹੈ ਕਿ ਔਰਤਾਂ ਵੀ ਮਰਦ ਅਗੰਬੜੇ ਬਣ ਸੋਚਦੀਆਂ ਹਨ। ਇਤਿਹਾਸ ਦੇ ਪੰਨੇ ਫਰੋਲਾਂ ਤਾਂ ਗੁਰੂ ਦੇ ਸਿੰਘਾਂ ਉਪਰ ਉਸ ਕਾਦਰ ਦੀ ਉਹ ਮਹਿਰ ਰਹੀ ਹੈ ਕਿ ਹਮੇਸ਼ਾਂ ਗੁਰੂ ਦੀਆਂ ਫੌਜਾਂ ਨੇ ਧੀਆਂ-ਭੈਣਾਂ ਦੀ ਇੱਜ਼ਤਾਂ ਦੀ ਰਾਖੀ ਕੀਤੀ ਹੈ। ਅਣਗਿਣਤ ਜੰਗਾਂ-ਯੁੱਧ ਲੜੇ ਗਏ ਅੱਜ ਤੱਕ ਪਰ ਗੁਰੂ ਦੇ ਸਿੰਘਾਂ ਦੀ ਮਰਦਾਨਗੀ ਹਮੇਸ਼ਾਂ ਆਪਣੀ ਹੋਂਦ ਅਤੇ ਆਪਣੇ ਪੰਥ ਦੀ ਰਾਖੀ ਲਈ ਦੇਖੀ ਗਈ। ਨਾ ਕਿ ਵਿਰੋਧੀ ਧਿਰ ਦੀਆਂ ਔਰਤਾਂ ਨੂੰ ਨਿਸ਼ਾਨਾ ਬਣਾਉਣ ਲਈ ਵੇਖੀ ਗਈ। ਇਹ ਕਹਿਣ ਵਿਚ ਕੋਈ ਦੋ ਰਾਏ ਨਹੀਂ ਕਿ ਖਾਲਸਾ ਰਾਜ ਅਤੇ ਖ਼ਾਲਸਾ ਫੌਜ ਹੀ ਅੱਜ ਸਮੇਂ ਦੀ ਮੰਗ ਹੈ। ਖ਼ਾਲਸਾ ਰਾਜ ਦੇ ਸਿਰਮੌਰ ਕਾਨੂੰਨ ਹੀ ਨਿਰਪੱਖ ਫੈਸਲੇ ਕਰ ਸਕਦੇ ਹਨ। ਭਾਰਤ ਵਿਚ ਜਿਸ ਤਰ੍ਹਾਂ ਹਕੂਮਤ ਅਤੇ ਪ੍ਰਸ਼ਾਸਨ ਮਿਲ ਕੇ ਕਸ਼ਮੀਰ, ਪੰਜਾਬ, ਉੱਤਰ ਪ੍ਰਦੇਸ਼ ਅਤੇ ਮਨੀਪੁਰ ਵਿਚ ਜਿਸ ਤਰ੍ਹਾਂ ਮਰਦਾਨਗੀ ਦੀ ਦਰਿੰਦਗੀ ਦਰਸਾ ਰਹੀ ਹੈ ਅਤੇ ਉਸ ਉੱਪਰ ਜਿਸ ਤਰ੍ਹਾਂ ਇੰਟਰਨੈੱਟ ਨੂੰ ਬੰਦ ਕਰਕੇ ਇਨ੍ਹਾਂ ਸੂਬਿਆਂ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਪੂਰੇ ਵਿਸ਼ਵ ਨੂੰ ਸਮਝ ਆ ਰਿਹਾ ਹੈ। ਵਿਦੇਸ਼ਾਂ ਵਿਚ ਵੀ ਭਾਰਤ ਦੇਸ਼ ਦੀ ਸਰਕਾਰ ਇੱਕ ਨੀਵੀਂ ਪੱਧਰ ਦੀ ਸੋਚ ਨੂੰ ਦਰਸਾਉਂਦੀ ਹੋਈ ਦਿੱਖ ਰਹੀ ਹੈ। ਜੇਕਰ ਇਨ੍ਹਾਂ ਘਟਨਾਵਾਂ ਵਿਚ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾ ਹੋਵੇ, ਤਾਂ ਇਟਰਨੈੱਟ ਬੰਦ ਕਰਣ ਦੀ ਲੋੜ ਹੀ ਨਾ ਪਵੇ ਅਤੇ ਨਾ ਹੀ ਮੀਡੀਆ ਨੂੰ ਖ਼ਰੀਦਣ ਦੀ ਲੋੜ ਪਵੇ। ਪਰ ਅਫ਼ਸੋਸ ਭਾਰਤ ਦੀ ਸਿਆਸਤ ਗੰਦਗੀ ਦੇ ਉਸ ਰਾਹ ਉੱਪਰ ਤੁਰ ਪਈ ਹੈ ਕਿ ਕਿਸੇ ਵੀ ਅੰਦੋਲਨ ਜਾਂ ਕਿਸੇ ਵੀ ਸੰਘਰਸ਼ ਨੂੰ ਕੁਚਲਣ ਲਈ ਇਨ੍ਹਾਂ ਨੂੰ ਮਰਦਾਂ ਦੀ ਹੈਵਾਨਿਅਤ ਉਸ ਔਰਤ ਜ਼ਾਤ ਉੱਪਰ ਹੀ ਦਿੱਸਦੀ ਹੈ, ਜਿਸ ਔਰਤ ਜਾਤ ਦੇ ਕਾਰਣ ਹੀ ਇਨ੍ਹਾਂ ਹੈਵਾਨ ਮਰਦਾਂ ਦੀ ਖ਼ੁਦ ਦੀ ਹੋਂਦ ਹੁੰਦੀ ਹੈ। ਪਰ ਇਹ ਭਾਰਤ ਦੇਸ਼ ਇਸ ਹੈਵਾਨ ਮਰਦਾਨਗੀ ਨੂੰ ਅਲੱਗ-ਅਲੱਗ ਰੂਪ ’ਚ ਪ੍ਰਫੁੱਲਿਤ ਕਰਦਾ ਹੈ, ਚਾਹੇ ਉਹ ਰੂਪ 1984 ਦਾ ਸੱਜਣ ਅਤੇ ਟੈਟਲਰ ਦਾ ਰੂਪ ਹੋਵੇ, ਚਾਹੇ ਸੌਦਾ ਸਾਧ ਦਾ ਰੂਪ ਹੋਵੇ, ਚਾਹੇ 26 ਜਨਵਰੀ ਉੱਤੇ ਛੱਡੇ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਦਾ ਰੂਪ ਹੋਵੇ ਅਤੇ ਚਾਹੇ ਹੁਣ ਮਣੀਪੁਰ ਦੀ ਘਟਨਾ ਦੇ ਦੋਸ਼ੀਆਂ ਦਾ ਰੂਪ ਹੋਵੇ। ਮਣੀਪੁਰ ਦੀ ਘਟਨਾ ਸਿੱਧੇ ਤੌਰ ’ਤੇ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਨੂੰ ਰਿਹਾਅ ਕਰਣ ਤੋਂ ਪ੍ਰਭਾਵਿਤ ਹੈ। ਬਿਲਕੁਲ ਸਪੱਸ਼ਟ ਹੈ ਕਿ ਮਣੀਪੁਰ ਦੀ ਘਟਨਾ ਸਰਕਾਰ ਅਤੇ ਪ੍ਰਸ਼ਾਸਨ ਦੀ ਸ਼ਹਿ ਕਰਕੇ ਹੋਈ ਹੈ, ਸੋਚੀ ਸਮਝੀ ਸਾਜਿਸ਼ ਦੇ ਤਹਿਤ ਹੋਈ ਹੈ। ਕਦੇ ਵੀ ਕੋਈ ਅੰਦੋਲਨਕਾਰੀ ਆਪਣੇ ਸੰਘਰਸ਼ ਨੂੰ ਢਾਹ ਲਾਉਣ ਲਈ ਇਸ ਤਰ੍ਹਾਂ ਦਾ ਸ਼ਰਮਸਾਰ ਵਾਕਿਆ ਨਹੀਂ ਕਰੇਗਾ। ਇਹ ਸਭ ਸਰਕਾਰ ਅਤੇ ਪ੍ਰਸ਼ਾਸਨ ਦੇ ਖਰੀਦੇ ਹੋਏ ਕਰਿੰਦਿਆਂ ਨੇ ਕਾਰਾ ਕੀਤਾ, ਇਸੇ ਲਈ ਇਹ ਸ਼ਰਮਸਾਰ ਮਰਦਾਨਗੀ ਦੀ ਦਰਿੰਦਗੀ ਸ਼ਰੇਆਮ ਹੋਈ, ਬਾਕਾਇਦਾ ਇਸ ਸ਼ਰਮਸਾਰ ਕਾਰੇ ਦੀ ਖੁੱਲ੍ਹੇਆਮ ਵੀਡੀਉ ਬਣਾਈ ਗਈ, ਸਰਕਾਰ ਅਤੇ ਪ੍ਰਸ਼ਾਸਨ ਦਾ ਇਨ੍ਹਾਂ ਹੈਵਾਨਾਂ ਨੂੰ ਕੋਈ ਖੌਫ ਹੈ ਹੀ ਨਹੀਂ ਸੀ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਬਿਲਕੀਸ ਬਾਨੋ ਦੇ ਦੋਸ਼ੀਆਂ ਵਾਂਗ ਉਨ੍ਹਾਂ ਦੀ ਸਜ਼ਾ ਵੀ ਮਾਫ ਹੋ ਹੀ ਜਾਣੀ ਹੈ। ਜੇਕਰ ਵੇਖਿਆ ਜਾਵੇ, ਤਾਂ ਭਾਰਤ ਵਿਚ ਨਿਹਾਇਤ ਸ਼ਰਮਸਾਰ ਨਿਹਾਇਤ ਘਟੀਆ ਸਰਕਾਰਾਂ ਦੇ ਸ਼ਾਸਣਕਾਲ ਰਹੇ। ਹੁਣ ਸਿਰਫ ਮੰਗ ਖ਼ਾਲਸਾ ਰਾਜ ਦੀ ਹੈ। ਇਸ ਦਰਿੰਦਗੀ ਇਸ ਵਹਿਸ਼ੀਪੁਣੇ ਤੋਂ ਜੇਕਰ ਭਾਰਤ ਦੀ ਜਨਤਾ ਨਿਜਾਤ ਚਾਹੁੰਦੀ ਹੈ, ਤਾਂ ਸ਼ਾਸਨ ਸਿੱਖ ਕੌਮ ਦੇ ਹੱਥ ਦੇ ਕੇ ਵੇਖਣ। ਸਿੱਖ ਆਗੂਆਂ ਦੇ ਹੱਥ ਦੇ ਕੇ ਵੇਖਣ। ਗੁਰੂ ਦੇ ਸਿੰਘ ਗੁਰਬਾਣੀ ਨਾਲ ਇਸ ਕਦਰ ਜੁੜੇ ਹੋਏ ਹਨ ਕਿ ਉਹ ਹਰ ਸਮੇਂ ਆਪਣੇ ਗੁਰੂ ਦਾ ਭੈਅ ਆਪਣੇ ਮਨ ਅੰਦਰ ਰੱਖ ਕੇ ਸਰਬੱਤ ਦਾ ਭਲਾ ਲੋਚਦੇ ਹਨ। ਇਤਿਹਾਸ ਗਵਾਹ ਹੈ ਕਿ ਖ਼ਾਲਸਾ ਰਾਜ ਵਿਚ ਔਰਤ ਦਾ ਸਤਿਕਾਰ ਬੁਲੰਦੀਆਂ ’ਤੇ ਰਿਹਾ ਹੈ। ਸਿੱਖ ਸ਼ਾਸਨ ਹੀ ਇਨ੍ਹਾਂ ਪੀੜਤ ਸੂਬਿਆਂ ਵਿਚ ਮੁੜ ਇੱਜ਼ਤ ਦੀ ਬਹਾਲੀ ਕਰ ਸਕਦਾ ਹੈ। ਹੁਣ ਜਨਤਾ ਨੂੰ ਸੋਚਣ ਦੀ ਲੋੜ ਹੈ ਕਿ ਉਨ੍ਹਾਂ ਮਰਦਾਂ ਦੀ ਦਰਿੰਦਗੀ ਦੇ ਸ਼ਿਕਾਰ ਹੋ ਪੀੜ੍ਹੀ-ਦਰ-ਪੀੜ੍ਹੀ ਇਹ ਜਲਾਲਤ ਸਹਿਣੀ ਹੈ ਜਾਂ ਇਸ ਦਰਿੰਦਗੀ ਦਾ ਅੰਤ ਕਰਣਾ ਹੈ। ਸਿੱਖ ਸ਼ਾਸਕ ਅਤੇ ਸਿੱਖ ਸ਼ਾਸਨ ਹੀ ਅਸੂਲਣ ਤਰੀਕੇ ਨਾਲ ਹੋ ਰਹੇ ਇਸ ਘਾਣ ਦਾ ਅੰਤ ਕਰ ਸਕਦੇ ਹਨ। ਸਿੱਖ ਕੌਮ ਇਨਸਾਫ ਪਸੰਦ ਕੌਮ ਹੈ। ਸਿੱਖ ਕੌਮ ਨੇ ਇਨਸਾਫ ਕਰਣ ਲੱਗਿਆਂ ਖੁਦ ਆਪਣੀ ਕੌਮ ਦੇ ਦੁਸ਼ਟਾਂ ਦਾ ਸੋਧਾ ਵੀ ਲਗਾਇਆ ਹੈ। ਨਾ ਕਿ ਆਪਣੀ ਜਾਤ ਜਾਂ ਆਪਣੇ ਧਰਮ ਦਾ ਪੱਖ ਪੂਰਿਆ ਹੋਵੇ। ਔਰਤਾਂ ਦੀ ਬੇਕਦਰੀ ਜਿਸ ਕਦਰ ਭਾਰਤ ਵਿਚ ਵੱਧ ਰਹੀ ਹੈ, ਉਸ ਵੱਲ ਦੇਖਦੇ ਹੋਏ ਜਨਤਾ ਦੇ ਦਿਲਾਂ ਵਿਚ ਖਾਲਸਾ ਰਾਜ ਦੀ ਸਥਾਪਨਾ ਇੱਕ ਬਹੁਤ ਵੱਡੀ ਮੰਗ ਬਣ ਚੁੱਕੀ ਹੈ।



# ਅਲਵਿਦਾ ! ਦਮਦਾਰ ਲੋਕ ਗਾਇਕੀ ਦੀਆਂ ਸੁਰਾਂ ਦੇ ਸਿਕੰਦਰ: ਸੁਰਿੰਦਰ ਛਿੰਦਾ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪੰਜਾਬੀ ਲੋਕ ਗਾਇਕੀ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾਉਣ ਵਾਲੇ ਮਿੱਠ-ਬੋਲੜੇ ਗਾਇਕ ਦੇ ਤੁਰ ਜਾਣ ਨਾਲ ਸੰਗੀਤ ਦੀ ਦੁਨੀਆਂ ਵਿਚ ਖਲਾਅ ਪੈਦਾ ਹੋ ਗਿਆ ਹੈ। ਦੋਸਤਾਂ-ਮਿੱਤਰਾਂ ਦਾ ਦਿਲਜਾਨੀ ਪਿਆਰ, ਮੁਹੱਬਤ ਦੀਆਂ ਬਾਤਾਂ ਪਾਉਣ ਵਾਲਾ ਸੁਰਿੰਦਰ ਛਿੰਦਾ ਰੂਹ ਦੀ ਖ਼ੁਰਾਕ ਦਿੰਦਾ ਹੋਇਆ ਆਪ ਇਕ ਰੂਹ ਬਣ ਗਿਆ ਹੈ। ਪੰਜਾਬੀ ਲੋਕ ਗਾਇਕੀ ਦੀ ਵਿਰਾਸਤ ਦਾ ਪਹਿਰੇਦਾਰ ਸੁਰਿੰਦਰ ਛਿੰਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਤਾਂ ਕਹਿ ਗਿਆ ਹੈ ਪ੍ਰੰਤੂ ਉਸ ਦੇ ਤੁਰ ਜਾਣ ਨਾਲ ਹੀ ਲੋਕ ਗਾਥਾਵਾਂ ਦੀ ਸ਼ਾਨਦਾਰ ਗਾਇਕੀ ਦਾ ਅੰਤ ਵੀ ਹੋ ਗਿਆ ਹੈ। ਕੁਲਦੀਪ ਮਾਣਕ ਅਤੇ ਸੁਰਿੰਦਰ ਛਿੰਦਾ ਲੋਕ ਗਾਥਾਵਾਂ ਦੀ ਗਾਇਕੀ ਦੇ ਸੱਭਿਆਚਾਰਕ ਥੰਮ੍ਹ ਸਨ, ਇਨ੍ਹਾਂ ਦੋਵਾਂ ਥੰਮ੍ਹਾਂ ਦੇ ਗਿਰਨ ਨਾਲ ਸੱਭਿਆਚਾਰਕ ਵਿਰਾਸਤ ਦੀ ਇਮਾਰਤ ਢਹਿ-ਢੇਰੀ ਹੋ ਗਈ ਹੈ। ਇਕ ਕਿਸਮ ਨਾਲ ਪੰਜਾਬੀ ਲੋਕ ਗਾਇਕੀ ਦੇ ਸ਼ਾਨਦਾਰ ਦੌਰ ਦਾ ਅੰਤ ਹੋ ਗਿਆ ਹੈ। ਆਮ ਤੌਰ 'ਤੇ ਲੋਕ ਗਾਇਕੀ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਬਹੁਤੇ ਗਾਇਕਾਂ ਦੇ ਗੀਤ ਪਰਿਵਾਰਾਂ ਵਿਚ ਬੈਠ ਕੇ ਸੁਣੇ ਨਹੀਂ ਜਾ ਸਕਦੇ ਸਨ। ਉਨ੍ਹਾਂ ਗੀਤਾਂ ਦੇ ਸਿਰ 'ਤੇ ਉਹ ਗਾਇਕ ਪ੍ਰਸਿੱਧੀ ਪ੍ਰਾਪਤ ਕਰਦੇ ਸਨ ਕਿਉਂਕਿ ਨੌਜਵਾਨ ਚੱਕਮੇਂ ਗੀਤਾਂ ਨੂੰ ਪਸੰਦ ਕਰਦੇ ਸਨ ਪ੍ਰੰਤੂ ਸੁਰਿੰਦਰ ਛਿੰਦੇ ਨੂੰ ਮਾਣ ਜਾਂਦਾ ਹੈ ਕਿ ਉਸ ਨੇ ਲੋਕ ਗਾਇਕੀ ਵਿਚ ਪ੍ਰਸਿੱਧੀ ਜਿਓਣਾ ਮੌੜ ਦੀ ਲੋਕ ਗਾਥਾ ਨਾਲ ਪ੍ਰਾਪਤ ਕੀਤੀ ਸੀ। ਜੀਓਣਾ ਮੌੜ ਸੁਰਿੰਦਰ ਛਿੰਦਾ ਦੀ ਗਾਇਕੀ ਦਾ ਸਿਖਰ ਸੀ। ਉਸ ਨੂੰ ਇਹ ਵੀ ਮਾਣ ਜਾਂਦਾ ਹੈ ਕਿ ਉਸ ਦੇ ਗੀਤ ਸਮਾਜ ਦੇ ਹਰ ਵਰਗ ਨੇ ਪਸੰਦ ਕੀਤੇ ਹਨ। ਉਹ ਬਹੁ-ਰੰਗਾ ਅਤੇ ਬਹੁਪੱਖੀ ਗਾਇਕ ਅਤੇ ਸਰਬਾਂਗੀ ਅਦਾਕਾਰ ਸੀ। ਉਸ ਦੀ ਕਮਾਲ ਇਹ ਸੀ ਕਿ ਉਹ ਲੋਕ ਗਾਥਾਵਾਂ ਹਿੱਕ ਦੇ ਜ਼ੋਰ ਨਾਲ ਗਾਉਂਦਾ ਸੀ। ਆਪਣੀ ਗਾਇਕੀ ਦੇ ਪੰਜਾਹ ਸਾਲ ਦੌਰਾਨ ਉਸ ਨੇ ਜ਼ਿੰਦਗੀ ਦੇ ਹਰ ਰੰਗ ਦਾ ਆਨੰਦ ਮਾਣਿਆਂ। ਜੇਕਰ ਉਸ ਨੇ ਜਿਓਣੇ ਮੌੜ ਦੀ ਲੋਕ ਗਾਥਾ ਨਾਲ ਨਾਮਣਾ ਖੱਟਿਆ, ਤਾਂ ਇਸ ਦੇ ਨਾਲ ਹੀ ਉਸ ਨੇ ਉੱਚਾ ਦਰ ਬਾਬੇ ਨਾਨਕ ਦੀ ਗਾਇਕੀ ਨਾਲ ਵੀ ਸਮਾਜ ਵਿਚ ਵਿਸ਼ੇਸ਼ ਦਰਜਾ ਪ੍ਰਾਪਤ ਕੀਤਾ। ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੋਇਆ ਉਨ੍ਹਾਂ ਦੇ ਦਿਲ ਕੱਢ ਕੇ ਲੈ ਗਿਆ ਹੈ। ਸੁਰਿੰਦਰ ਛਿੰਦਾ ਨੂੰ ਲੋਕ ਗਾਇਕੀ ਦਾ ਬਾਦਸ਼ਾਹ ਕਿਹਾ ਜਾ ਸਕਦਾ ਹੈ। ਉਸ ਨੇ ਭਾਵੇਂ ਆਪਣੀ ਗਾਇਕੀ ਦਾ ਸਫਰ 1970 ਵਿਚ ਸ਼ੁਰੂ ਕਰ ਲਿਆ ਸੀ ਪ੍ਰੰਤੂ 1972 ਵਿੱਚ ਉਨ੍ਹਾਂ ਜਸਵੰਤ ਸਿੰਘ ਭੰਵਰਾ ਦੀ ਸ਼ਾਗਿਰਦੀ ਕੀਤੀ ਸੀ। ਉਸ ਨੇ ਗਾਇਕੀ ਨੂੰ ਰਿਆਜ਼ ਕਰਨ ਨਾਲ ਅਜਿਹਾ ਚਮਕਾਇਆ ਕਿ ਉਸ ਦਾ ਨਾਮ ਸੰਸਾਰ ਵਿਚ ਚਮਕਣ ਲੱਗ ਪਿਆ। ਸੁਰਿੰਦਰ ਛਿੰਦਾ ਦੇ ਵਿਵਹਾਰ, ਪਿਆਰ ਅਤੇ ਸਤਿਕਾਰ ਨੇ ਜਸਵੰਤ ਸਿੰਘ ਭੰਵਰਾ ਦੇ ਸੰਗੀਤਕ ਮਨ ਨੂੰ ਅਜਿਹਾ ਮੋਹ ਲਿਆ ਕਿ ਉਹ ਭੰਵਰਾ ਦਾ ਲਾਡਲਾ ਤੇ ਬਿਹਤਰੀਨ ਸ਼ਾਗਿਰਦ ਬਣ ਗਿਆ। ਜਸਵੰਤ ਸਿੰਘ ਭੰਵਰਾ ਨੇ ਹੀ ਸੁਰਿੰਦਰ ਛਿੰਦਾ ਨੂੰ 1975 ਵਿਚ ਗਾਇਕਾ ਸੁਦੇਸ਼ ਕਪੂਰ ਨਾਲ ਦੋਗਾਣੇ ਵਿਚ ਮੌਕਾ ਦਿੱਤਾ। ਫਿਰ ਤਾਂ ਜਿਵੇਂ ਉਸ ਦੀ ਲਾਟਰੀ ਹੀ ਖੁੱਲ੍ਹ ਗਈ, ਉਹ ਲਗਾਤਾਰ ਅੱਗੇ ਹੀ ਵੱਧਦਾ ਗਿਆ। ਉਸ ਤੋਂ ਬਾਅਦ 1977 ਵਿਚ ਨਾਮਵਰ ਗੀਤਕਾਰ ਦੇਵ ਥਰੀਕਿਆਂ ਵਾਲਾ ਦੀਆਂ ਲਿਖੀਆਂ ਚਾਰ ਲੋਕ ਗਾਥਾਵਾਂ 'ਉਚਾ ਬੁਰਜ ਲਾਹੌਰ ਦਾ' ਅਜਿਹਾ ਗਾਇਆ ਕਿ ਉਹ ਲੋਕਾਂ ਦੇ ਦਿਲਾਂ 'ਤੇ ਛਾ ਗਿਆ। ਇਨ੍ਹਾਂ ਲੋਕ ਗਾਥਾਵਾਂ ਨੂੰ ਸੰਗੀਤ ਸੰਗੀਤਕਾਰ ਰਾਮ ਸਰਨ ਦਾਸ ਨੇ ਸੰਗੀਤਬੱਧ ਕੀਤਾ ਸੀ। ਇਨ੍ਹਾਂ ਲੋਕ ਗਾਥਾਵਾਂ ਕਰਕੇ ਸੁਰਿੰਦਰ ਛਿੰਦਾ ਦੀ ਗਾਇਕੀ ਦੀਆਂ ਧੁੰਮਾਂ ਪੈਣ ਲੱਗ ਗਈਆਂ। ਫਿਰ ਤਾਂ ਹਰ ਸਟੇਜ 'ਤੇ ਸੁਰਿੰਦਰ ਛਿੰਦਾ ਦੀ ਧਾਂਕ ਪੈਣ ਲੱਗੀ। ਇਸ ਤੋਂ ਬਾਅਦ 1978 ਵਿਚ ਆਧੁਨਿਕ ਸੰਗੀਤਕਾਰ ਚਰਨਜੀਤ ਆਹੂਜਾ ਨੇ 12 ਲੋਕ ਗਾਥਾਵਾਂ 'ਨੈਣਾਂ ਦੇ ਵਣਜਾਰੇ' ਨੂੰ ਸੰਗੀਤਬੱਧ ਕੀਤਾ, ਜਿਸ ਨੂੰ ਜਦੋਂ ਸੁਰਿੰਦਰ ਛਿੰਦਾ ਦੀ ਆਵਾਜ਼ ਦਾ ਜਾਦੂ ਚੜ੍ਹਿਆ, ਤਾਂ ਨੌਜਵਾਨ ਕਾਲਜਾਂ ਦੇ ਲੜਕੇ ਅਤੇ ਲੜਕੀਆਂ ਉਸ ਦੇ ਦੀਵਾਨੇ ਹੋ ਗਏ। ਸੁਰਿੰਦਰ ਛਿੰਦਾ ਦੀਆਂ ਕਲੀਆਂ ਅਤੇ ਲੋਕ ਗਾਥਾਵਾਂ ਨੂੰ ਲੋਕਾਂ ਨੇ ਅਜਿਹੀ ਪ੍ਰਵਾਨਗੀ ਦਿੱਤੀ ਕਿ ਹਮੇਸ਼ਾ ਜਦੋਂ ਛਿੰਦਾ ਸਟੇਜ 'ਤੇ ਚੜ੍ਹਦਾ, ਤਾਂ ਲੋਕ ਇਕ ਆਵਾਜ਼ ਵਿਚ ਕਲੀਆਂ ਅਤੇ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਦੀ ਗਾਇਕੀ ਦੀ ਵਿਲੱਖਣ ਕਮਾਲ ਇਹੋ ਸੀ ਕਿ ਲੋਕ ਰੁਮਾਂਟਿਕ ਗੀਤਾਂ ਦੀ ਥਾਂ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਨੇ ਪਹਿਲੀ ਕੈਸਟ 1975 ਵਿਚ ਸੁਦੇਸ਼ ਕਪੂਰ ਨਾਲ ਕੱਢਣ ਤੋਂ ਬਾਅਦ ਸਿਰਫ 6 ਸਾਲ ਦੇ ਗਾਇਕੀ ਦੇ ਖੇਤਰ ਤੋਂ ਬਾਅਦ 1981 ਵਿਚ ਦੇਵ ਥਰੀਕਿਆਂ ਵਾਲੇ ਦੀ ਲੋਕ ਗਾਥਾ 'ਜਿਓਣਾ ਮੌੜ' ਗਾਉਣ ਕਰਕੇ ਗਾਇਕੀ ਦੇ ਖੇਤਰ ਵਿਚ ਧਰੂ ਤਾਰੇ ਦੀ ਤਰ੍ਹਾਂ ਚਮਕਣ ਲੱਗ ਗਿਆ ਸੀ। ਉਸ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤੇ ਪਸੰਦ ਕਰਦੇ ਸਨ। ਸੁਰਿੰਦਰ ਛਿੰਦਾ ਨੇ ਜਿਓਣੇ ਮੌੜ ਦੀ ਗਾਥਾ ਦੇ ਨਾਲ ਹੀ 1981 ਵਿਚ 'ਪੁੱਤ ਜੱਟਾਂ ਦੇ ਬੁਲਾਉਣ ਬੱਕਰੇ' ਗੀਤ ਗਾਇਆ, ਜਿਸ ਨੇ ਉਸ ਦੀ ਗਾਇਕੀ ਨੂੰ ਚਾਰ ਚੰਦ ਲਾ ਦਿੱਤੇ। ਇਸ ਸਮੇਂ ਸੁਰਿੰਦਰ ਛਿੰਦੇ ਦੀ ਗਾਇਕੀ ਵਿਚ ਇਤਨਾ ਨਿਖ਼ਾਰ ਆ ਗਿਆ ਕਿ ਉਸ ਦਾ ਸਿੱਕਾ ਚੱਲਣ ਲੱਗ ਪਿਆ। ਉਸ ਨੇ ਦੋਗਾਣੇ ਮਹਿੰਦਰ ਕਪੂਰ, ਸੁਰੇਸ਼ ਵਾਡੇਕਰ, ਅਨੁਰਾਧਾ ਪੌਡਵਾਲ, ਸੁਖਵੰਤ ਸੁੱਖੀ, ਹੰਸ ਰਾਜ ਹੰਸ, ਸੁਦੇਸ਼ ਕਪੂਰ, ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਪਰਮਿੰਦਰ ਸੰਧੂ ਅਤੇ ਰੰਜਨਾ ਨਾਲ ਗਾਏ ਸਨ। ਸੋਲੋ ਗਾਣਿਆਂ ਵਿਚ ਵੀ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਸੁਰਿੰਦਰ ਛਿੰਦਾ ਲੋਕ ਗਾਇਕੀ ਦੇ ਨਾਲ ਹੀ ਬਿਹਤਰੀਨ ਅਦਾਕਾਰ ਸੀ। ਉਸ ਨੂੰ 'ਟੂ ਇਨ ਵਨ' ਕਿਹਾ ਜਾ ਸਕਦਾ ਹੈ। ਉਸ ਨੇ ਡੇਢ ਦਰਜਨ ਫਿਲਮਾਂ ਵਿਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਨੇ 'ਪੁੱਤ ਜੱਟਾਂ ਦੇ', 'ਯਾਰਾਂ ਦਾ ਟਰੱਕ ਬੱਲੀਏ', 'ਬਲਬੀਰੋ ਭਾਬੀ', 'ਕੇਹਰ ਸਿੰਘ ਦੀ ਮੌਤ', 'ਉੱਚਾ ਦਰ ਬਾਬੇ ਨਾਨਕ ਦਾ', 'ਟਰੱਕ ਡਰਾਇਵਰ', 'ਬਦਲਾ ਜੱਟੀ ਦਾ', 'ਜੱਟ ਯੋਧੇ', 'ਬਗਾਵਤ', 'ਜੱਟ ਪੰਜਾਬ ਦਾ' ਆਦਿ ਫ਼ਿਲਮਾਂ ਵਿਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਦੇ ਡਾਇਲਾਗ ਦਮਦਾਰ ਹੁੰਦੇ ਸਨ।

ਸੁਰਿੰਦਰ ਛਿੰਦਾ ਦਾ ਜਨਮ 20 ਮਈ, 1953 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਛੋਟੀ ਇਯਾਲੀ ਵਿਖੇ ਮਾਤਾ ਵਿਦਿਆਵਤੀ ਅਤੇ ਪਿਤਾ ਬਚਨ ਰਾਮ ਦੇ ਘਰ ਹੋਇਆ ਸੀ। ਉਸ ਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਮਲਟੀਪਰਪਜ਼ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ ਸੀ। ਥੋੜ੍ਹੀ ਦੇਰ ਉਹ ਕਿਸੇ ਵਰਕਸ਼ਾਪ ਵਿਚ ਮਕੈਨਿਕੀ ਵੀ ਸਿਖਦਾ ਰਿਹਾ। ਗਾਇਕੀ ਦਾ ਸ਼ੌਕ ਉਸ ਨੂੰ ਸਕੂਲ ਵਿਚ ਪੜ੍ਹਦਿਆਂ ਹੀ ਲੱਗ ਗਿਆ ਸੀ। ਉਹ ਸਕੂਲ ਦੀਆਂ ਸਟੇਜਾਂ 'ਤੇ ਸੱਭਿਅਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲੈਂਦਾ ਰਹਿੰਦਾ। ਕਲਾਕਾਰ ਬਣਨ ਦੀ ਪ੍ਰਵਿਰਤੀ ਉਸ ਨੂੰ ਗਾਉਣ ਲਈ ਪ੍ਰੇਰਦੀ ਰਹਿੰਦੀ ਸੀ। ਫਿਰ ਉਸ ਨੇ ਗਾਇਕੀ ਵੱਲ ਮੁਹਾਰਾਂ ਮੋੜ ਦਿੱਤੀਆਂ। ਉਸ ਦਾ ਵਿਆਹ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀਆਂ ਦੋ ਲੜਕੀਆਂ ਅਤੇ ਦੋ ਲੜਕੇ ਹਨ। ਉਨ੍ਹਾਂ ਦਾ ਇਕ ਲੜਕਾ ਮਨਿੰਦਰ ਛਿੰਦਾ ਗਾਇਕ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਉਸ ਦਾ ਲੜਕਾ ਪਰਿਵਾਰਿਕ ਵਿਰਾਸਤ ਨੂੰ ਬਰਕਰਾਰ ਰੱਖੇਗਾ। ਸੁਰਿੰਦਰ ਛਿੰਦਾ ਦਾ ਨਾਮ ਸੁਰਿੰਦਰ ਪਾਲ ਧੰਮਾ ਸੀ ਪ੍ਰੰਤੂ ਜਦੋਂ ਉਹ ਗਾਇਕੀ ਵਿਚ ਆਇਆ ਤਾਂ ਸੁਰਿੰਦਰ ਛਿੰਦਾ ਹੀ ਲਿਖਣ ਲੱਗ ਪਿਆ। ਉਸ ਦਾ ਪਿਤਾ ਬਚਨ ਰਾਮ ਇਕ ਕਾਰਪੈਂਟਰ ਸੀ ਪ੍ਰੰਤੂ ਇਸ ਦੇ ਨਾਲ ਹੀ ਉਹ ਗਾਇਕ ਵੀ ਸੀ। ਸੁਰਿੰਦਰ ਛਿੰਦਾ ਨੂੰ ਗਾਇਕੀ ਦੀ ਗੁੜ੍ਹਤੀ ਆਪਣੀ ਪਰਿਵਾਰਕ ਵਿਰਾਸਤ ਵਿਚੋਂ ਹੀ ਮਿਲੀ ਸੀ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜਿਸ ਗਵਰਧਨ ਦਾਸ ਤੋਂ ਉਸ ਦੇ ਪਿਤਾ ਬਚਨ ਰਾਮ ਨੇ ਸੰਗੀਤ ਸਿਖਿਆ ਸੀ, ਉਸ ਤੋਂ ਹੀ ਸੁਰਿੰਦਰ ਛਿੰਦੇ ਨੇ ਸੰਗੀਤ ਦੀ ਸਿੱਖਿਆ ਲਈ ਸੀ।

# ਸਤਲੁਜ ਦੇ ਕੰਢੇ ਕੰਢੇ

-ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਹੋਇਆ ਮੱਧਮ ਨਾ ਕਦੀ ਉਦੀ ਯਾਦਾਂ ਦਾ ਚਿਰਾਗ।
ਉਹਦੇ ਵਿਚ ਭਾਵੇਂ ਖ਼ੂਨ ਮੇਰਾ ਬਲਦਾ ਰਿਹਾ।
ਰੋਕ ਸਕਿਆ ਨਾ ਅੱਖੀਆਂ 'ਚ ਆਇਆ ਇਕ ਅੱਥਰੂ।
ਭਾਵੇਂ ਬਹਿਣ ਮੈਂ ਦਰਿਆਵਾਂ ਦੇ ਠੱਲਦਾ ਰਿਹਾ।"

ਮਿਤੀ 01-08-2023 ਨੂੰ ਪਿੰਡ ਚਾਨੀਆਂ ਦੀ ਸੰਗਤ ਵਲੋਂ ਸ. ਜਨਕ ਸਿੰਘ ਜੀ (ਗੰਗਾ ਰਾਮ ਕੇ) ਦੀ ਕੋਸ਼ਿਸ਼ ਸਦਕਾ ਦੁਪਹਿਰ ਦਾ ਲੰਗਰ ਤਿਆਰ ਕਰਕੇ, ਸਤਲੁਜ ਦਰਿਆ (ਗਿੱਦੜਪਿੰਡੀ, ਜਲੰਧਰ) ਵਿਖੇ ਸੰਤ ਬਲਵੀਰ ਸਿੰਘ ਸੀਚੇਵਾਲ ਜੀ ਦੀ ਅਗਵਾਈ 'ਚ ਦਰਿਆ ਦਾ ਬਹਿਣ ਬੰਨ੍ਹਣ ਦੀ ਚੱਲ ਰਹੀ ਕਾਰ ਸੇਵਾ 'ਚ ਸੰਗਤ ਨੂੰ ਵਰਤਾਇਆ ਗਿਆ।

-ਤਸਵੀਰਾਂ ਦੀ ਜ਼ੁਬਾਨੀ













## 4 ਅਗਸਤ ਭੋਗ ’ਤੇ ਵਿਸ਼ੇਸ਼ ਲੇਖ...

# ਤੁਰ ਗਿਆ ਗਾਇਕੀ ਦਾ ਬੇਤਾਜ ਬਾਦਸ਼ਾਹ ਸੁਰਿੰਦਰ ਛਿੰਦਾ


ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)

ਸ਼ੋਮਣੀ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਜਨਮ ਪਿਤਾ ਬਚਨ ਰਾਮ ਦੇ ਘਰ ਮਾਤਾ ਵਿਦਿਆਵੰਤੀ ਦੀ ਕੁੱਖੋਂ 20 ਮਈ 1953 ਨੂੰ ਪਿੰਡ ਇਆਲੀ ਖੁਰਦ (ਨੇੜੇ ਲੁਧਿਆਣਾ) ਵਿਖੇ ਰਾਮਗੜੀਆ ਪਰਿਵਾਰ ਵਿਚ ਹੋਇਆ। ਇਨ੍ਹਾਂ ਦੀ ਪਤਨੀ ਦਾ ਨਾਮ ਜੋਗਿੰਦਰ ਕੌਰ ਹੈ। ਇਨ੍ਹਾਂ ਘਰ ਦੋ ਬੇਟੇ ਅਤੇ ਦੋ ਬੇਟੀਆਂ ਨੇ ਜਨਮ ਲਿਆ।

ਸੁਰਿੰਦਰ ਛਿੰਦਾ ਗਾਇਕੀ ਦੇ ਖੇਤਰ ਵਿਚ ਆਉਣ ਤੋਂ ਪਹਿਲਾਂ ਸਰੂਪ ਮਕੈਨੀਕਲ ਵਰਕਸ ਵਿਚ ਕੰਮ ਕਰਦਾ ਸੀ ਅਤੇ ਸੁਰਿੰਦਰਪਾਲ ਧੰਮੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਆਪਣੇ ਪਿਤਾ ਨੂੰ ਰਿਆਜ਼ ਕਰਦਾ ਵੇਖਦਾ ਸੀ, ਇਸ ਕਰਕੇ ਇਸ ਦੇ ਮਨ ਵਿਚ ਸ਼ੌਂਕ ਪੈਦਾ ਹੋਇਆ। ਫਿਰ ਸਮੇਂ ਨੇ ਅਜਿਹੀ ਕਰਵਟ ਲਈ ਇਹ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਕਰਕੇ ਸੁਰਿੰਦਰ ਛਿੰਦਾ ਦੇ ਨਾਮ ਨਾਲ ਦੇਸ਼-ਪ੍ਰਦੇਸ਼ ਵਿਚ ਮਸ਼ਹੂਰ ਹੋਇਆ।

ਸੁਰਿੰਦਰ ਛਿੰਦਾ ਨੇ ਬਰੀਕੀ ਵਿਚ ਸੁਰਾਂ ਦੀ ਸਿੱਖਿਆ ਉਸਤਾਦ ਜਸਵੰਤ ਭੰਵਰਾ ਜੀ ਤੋਂ ਲਈ ਅਤੇ ਜਸਵੰਤ ਭੰਵਰਾ ਦਾ ਲਾਡਲਾ ਸ਼ਗਿਰਦ ਬਣ ਕੇ ਰਹਿ ਗਿਆ।

1975 ਨੂੰ ਬਾਈ ਸਾਲ ਦੀ ਉਮਰ ਵਿਚ ਇਸ ਦਾ ਪਹਿਲਾ ਗੀਤ "ਮੈਂ ਆਇਆ ਸਬਜੀ ਵਾਲਾ" ਰਿਕਾਰਡ ਹੋ ਕੇ ਮਾਰਕੀਟ ਵਿਚ ਆਇਆ। ਇਹ ਗੀਤ ਸੁਰਿੰਦਰ ਛਿੰਦੇ ਨੇ ਸੰਦੇਸ਼ ਕਪੂਰ ਨਾਲ ਰਿਕਾਰਡ ਕਰਵਾਇਆ ਸੀ। ਇਸ ਗੀਤ ਨੂੰ ਮਿਊਜ਼ਿਕ ਜਸਵੰਤ ਭੰਵਰਾ ਜੀ ਨੇ ਦਿੱਤਾ।

1977 ਵਿਚ ਮਹਾਨ ਗੀਤਕਾਰ ਦੇਵ ਥਰੀਕੇ ਵਾਲੇ ਦੀਆ ਲਿਖੀਆਂ ਚਾਰ ਲੋਕ ਗਥਾਵਾਂ 'ਉਚਾ ਬੁਰਜ ਲਾਹੌਰ ਦਾ' ਦੇ ਟਾਈਟਲ ਹੇਠ ਮਾਰਕੀਟ ’ਚ ਆਈਆਂ ਇਨ੍ਹਾਂ ਨੂੰ ਮਿਊਜ਼ਿਕ ਰਾਮ ਸ਼ਰਨਦਾਸ ਨੇ ਦਿੱਤਾ। ਜਦ ਇਹ ਬਨੇਰਿਆਂ ’ਤੇ ਗੂੰਜਿਆ ਤਾਂ ਹਰ ਪਾਸੇ ਛਿੰਦਾ-ਛਿੰਦਾ ਹੋ ਗਈ। ਭਾਵੇਂ ਉਸ ਟਾਇਮ ਕੁਲਦੀਪ ਮਾਣਕ ਦੇਵ ਥਰੀਕੇ ਵਾਲੇ ਦੀਆਂ ਲੋਕ ਗਥਾਵਾਂ ਅਤੇ ਕਲੀਆਂ ਲੈ ਕੇ ਮਾਰਕੀਟ ’ਚ ਹਾਜ਼ਰ ਹੋ ਚੁੱਕਿਆ ਸੀ ਪਰ ਕੁਲਦੀਪ ਮਾਣਕ ਦੇ ਗਾਉਣ ਦੀ ਆਪਣੀ ਟਿਊਨ ਸੀ, ਛਿੰਦੇ ਦੀ ਆਪਣੀ ਟਿਊਨ ਸੀ, ਸਰੋਤੇ ਦੋਹਾਂ ਨੂੰ ਹੀ ਬੇਹੱਦ ਪਸੰਦ ਕਰਦੇ ਸਨ।

1978 ਵਿਚ ਫਿਰ ਛਿੰਦੇ ਦਾ ਗਾਇਆ ਬਾਰਾਂ ਗੀਤਾਂ ਦਾ ਲੌਂਗ ਪਲੇਅਰ "ਨੈਣਾਂ ਦੇ ਵਣਜਾਰੇ" ਹੇਠ ਮਾਰਕੀਟ ਵਿਚ ਆਇਆ। ਇਸ ਨੂੰ ਚਰਨਜੀਤ ਅਹੂਜਾ ਜੀ ਨੇ ਸੰਗੀਤ ਦਿੱਤਾ ਸੀ। ਇਸ ਨੂੰ ਵੀ ਬੇਹੱਦ ਲੋਕਾਂ ਨੇ ਪਸੰਦ ਕੀਤਾ। ਸੁਰਿੰਦਰ ਛਿੰਦਾ ਦੇਸ਼-ਵਿਦੇਸ਼ ਵਿਚ ਸਥਾਪਿਤ ਕਲਾਕਾਰ ਬਣ ਗਿਆ।

ਸੁਰਿੰਦਰ ਛਿੰਦਾ ਨੇ ਹਰ ਵਿਧਾ ਵਿਚ ਜਿਵੇਂ ਲੋਕ ਗਥਾਵਾਂ, ਕਲੀਆਂ, ਦੋਗਾਣੇ, ਲੋਕ ਤੱਥ, ਉਪੇਰੇ ਫ਼ਿਲਮਾਂ ’ਚ ਗਾਇਆ। ਸਰੋਤਿਆਂ ਨੇ ਇਸ ਦੀ ਗਾਇਕੀ ਨੂੰ ਹਰ ਪਾਸੇ ਹੀ ਪਸੰਦ ਕੀਤਾ। ਕਈ ਕਲਾਕਾਰ ਆਪਣੀ ਗਾਇਕੀ ਨੂੰ ਸਮੇਂ ਦੇ ਨਾਲ ਨਹੀਂ ਤੋਰ ਸਕੇ ਤੇ ਉਹ ਗਾਇਕੀ ਦੇ ਖ਼ੇਤਰ ਵਿਚੋਂ ਅਲੋਪ ਹੋ ਗਏ ਪਰ ਛਿੰਦਾ ਸਮੇਂ ਦੇ ਨਾਲ-ਨਾਲ ਆਪਣੀ ਗਾਇਕੀ ਨੂੰ ਢਾਲਦਾ ਰਿਹਾ।

1981 ਵਿਚ ਦੇਵ ਥਰੀਕੇ ਵਾਲੇ ਦਾ ਲਿਖਿਆ ਅਤੇ ਛਿੰਦੇ ਦਾ ਗਾਇਆ "ਜਿਊਣੇ ਮੌੜ" ਦਾ ਉਪੇਰਾ ਜਦ ਮਾਰਕੀਟ ਵਿਚ ਆਇਆ, ਤਾਂ ਲੋਕਾਂ ਨੇ ਬਹੁਤ ਪਸੰਦ ਕੀਤਾ। ਇਹ ਉਪੇਰਾ ਸਰੋਤਿਆਂ ਦੀ ਜ਼ੁਬਾਨ ’ਤੇ ਚੜ੍ਹ ਗਿਆ। ਹਜੇ ਤਾਂ ਛਿੰਦਾ ਇਸ ਉਪੇਰੇ ਨਾਲ ਚਰਚਾ ਵਿਚ ਸੀ, ਨਾਲ ਲਗਦੀ ਹੀ 'ਫ਼ਿਲਮ ਪੁੱਤ ਜੱਟਾ ਦੇ' ਆ ਗਈ। ਇਸ ਫ਼ਿਲਮ ਵਿਚ ਇਸ ਨੇ ਕੰਮ ਵੀ ਕੀਤਾ ਅਤੇ ਗੀਤ ਵੀ ਗਾਏ। ਇਸ ਫ਼ਿਲਮ ਲਈ ਗਾਇਆ ਗੀਤ 'ਪੁੱਤ ਜੱਟਾ ਦੇ ਬਲਾਉਂਦੇ ਬੱਕਰੇ' ਨੂੰ ਹਜੇ ਵੀ ਲੋਕ ਸੌਂਕ ਨਾਲ ਸੁਣਦੇ ਹਨ। ਇਸ ਨੇ ਹੋਰ ਵੀ ਉਪੇਰੇ ਜੱਟ ਮਿਰਜ਼ਾ ਖਰਲਾਂ ਦਾ, ਸ਼ਹੀਦੇ ਆਜ਼ਮ ਭਗਤ ਸਿੰਘ ਵੀ ਗਾਏ। ਇਸ ਦਾ ਗਾਇਆ 'ਜੰਝ ਚੜੀ ਅਮਲੀ ਦੀ' ਨੂੰ ਵੀ ਲੋਕਾਂ ਨੇ ਬਹੁਤ



ਪਸੰਦ ਕੀਤਾ।

ਸੁਰਿੰਦਰ ਛਿੰਦਾ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ, ਜਿਵੇਂ ਸੁਰਿੰਦਰ ਸੋਨੀਆਂ, ਗੁਲਸ਼ਨ ਕੋਮਲ, ਸੰਦੇਸ਼ ਕਪੂਰ, ਕੁਲਦੀਪ ਕੌਰ, ਸੁਖਵੰਤ ਸੁੱਖੀ, ਹਰਨੀਤ ਨੀਤੂ, ਸੰਦੇਸ਼ ਕੁਮਾਰੀ ਆਦਿ।

ਇਸ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ, ਜਿਵੇਂ ਦੇਵ ਥਰੀਕੇ ਵਾਲਾ, ਅਮਰੀਕ ਤਲਵੰਡੀ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਹਾਕਮ ਬਖਤੜੀ ਵਾਲਾ, ਸਨਮੁੱਖ ਆਜ਼ਾਦ, ਸੇਵਾ ਸਿੰਘ ਨੌਰਥ, ਜਸਵੀਰ ਗੁਣਾਚੌਰੀਆ, ਕਰਨੈਲ ਸਿਵੀਆ, ਬਚਨ ਬੇਦਿਲ਼, ਭੱਟੀ ਭੜੀਵਾਲਾ, ਸਮਸ਼ੇਰ ਸੰਧੂ, ਬੰਤ ਰਾਮਪੁਰ ਵਾਲਾ, ਮੋਹਨ ਬੰਸੀਆਂ ਵਾਲਾ, ਅਮਰ ਸਿੰਘ ਚਮਕੀਲਾ, ਗਿੱਲ ਨੱਥੋਹੇੜੀ ਵਾਲਾ, ਕਾਲਾ ਸੰਘੀਆ ਵਾਲਾ, ਬਿੱਟੂ ਦੌਲਤ ਪੁਰੀਆ, ਲਾਲ ਪਧਿਆਣੇ ਵਾਲਾ, ਕਰਮ ਸਿੰਘ ਜੋਗੀ, ਦਰਸ਼ਨ ਬਰਸਾਲਾਂ ਵਾਲਾ ਆਦਿ। ਇਸ ਦੇ ਗਾਏ ਦੋਗਾਣਿਆਂ ਦੇ ਕੁਝ ਮੁਖੜੇ, 'ਨਵਾਂ ਲੈ ਲਿਆ ਟਰੱਕ', 'ਗੱਡੀ ਛੇ ਸਲੰਡਰ ਦੀ', 'ਜੇਠ ਗੁਗਲ ਦੀ ਧੂਣੀ', 'ਘੁੰਡ ਚੁੱਕ ਮੁਖੜਾ ਦਿਖਾਦੇ', 'ਬੱਦਲਾਂ ਨੂੰ ਪੁੱਛ ਗੋਰੀਏ', 'ਮੈਂ ਡਿਗੀ ਤਿਲਕ ਕੇ', 'ਪੱਟਤਾ ਡਰਾਇਵਰੀ ਨੇ', 'ਦਿਉਰਾ ਸਾਕ ਲਿਆਉਨੀ ਆਂ', 'ਤਾਰਾ ਰੋਂਦੀ ਤੇ ਕਰਲਾਉਂਦੀ', 'ਭਾਈ ਜੀ ਹੈਲਪ ਕਰੀਂ ਮੈਂ ਵੋਟਾਂ ਵਿਚ ਖੜੀ' ਆਦਿ ਸੈਂਕੜੇ ਗੀਤ ਗਾਏ।

ਅਮਰ ਸਿੰਘ ਚਮਕੀਲਾ ਅਤੇ ਕੁਲਦੀਪ ਪਾਰਸ ਸੁਰਿੰਦਰ ਛਿੰਦੇ ਦੇ ਸ਼ਗਿਰਦ ਸਨ, ਜੋ ਨਾਮਵਰ ਗਾਇਕ ਸਨ ਪਰ ਬਹੁਤ ਜਲਦੀ ਹੀ ਇਸ ਦੁਨੀਆਂ ਤੋਂ ਚਲੇ ਗਏ। ਜਦ ਅਮਰ ਸਿੰਘ ਚਮਕੀਲਾ ਗਾਇਕੀ ਵਾਸਤੇ ਸੁਰਿੰਦਰ ਛਿੰਦਾ ਕੋਲ ਆਇਆ ਤਾਂ ਇਸ ਤੋਂ ਪਹਿਲਾਂ ਚਮਕੀਲਾ ਗੀਤਕਾਰ ਹੋਣ ਕਰਕੇ ਇਸ ਦੇ ਲਿਖੇ ਕੁਝ ਗੀਤ ਸੁਰਿੰਦਰ ਛਿੰਦਾ ਨੇ ਗਾ ਦਿੱਤੇ ਸਨ। ਸੁਰਿੰਦਰ ਛਿੰਦਾ ਆਪਣੇ ਉਸਤਾਦ ਜਸਵੰਤ ਭੰਵਰਾ ਦੇ ਆਦਮ ਕੱਦ ਦੇ ਬੁੱਤ ਦੀ ਸੇਵਾ ਦੋ ਸਾਲ ਪਹਿਲਾਂ ਹੀ ਕਰਵਾ ਕੇ ਹੱਟਿਆ ਸੀ। ਇਹ ਬੁੱਤ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਕੋਲ ਲਗਾਇਆ ਗਿਆ ਹੈ। ਸੁਰਿੰਦਰ ਛਿੰਦਾ ਨੂੰ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਗਾਇਕ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕਲਾ ਪਰੀਸ਼ਦ ਵਲੋਂ ਉਸ ਨੂੰ ਪੰਜਾਬ ਗੌਰਵ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਖੁੱਲੇ-ਡੁੱਲੇ ਸਰੀਰ, ਲੰਮੇ ਕੱਦ, ਚੌੜੀ ਛਾਤੀ, ਗਾਇਕੀ ਦਾ ਪਹਿਰਾਵਾ ਪਾ ਸਟੇਜ ’ਤੇ ਚੜ੍ਹ ਕੇ ਸਰੋਤਿਆਂ ਦਾ ਮਨ ਮੋਹ ਲੈਣ ਵਾਲਾ ਸੁਰਿੰਦਰ ਛਿੰਦਾ ਇਕ ਬੀਮਾਰੀ ਕਾਰਨ ਹਸਪਤਾਲ ਦਾਖ਼ਲ ਹੋਇਆ। ਉਸ ਦਾ ਅਪ੍ਰੇਸ਼ਨ ਵੀ ਠੀਕ ਹੋ ਗਿਆ ਸੀ ਪਰ ਸਰੀਰ ਵਿਚੋਂ ਇੰਨਫੈਕਸ਼ਨ ਨਾ ਘਟਣ ਕਾਰਨ ਡੀ.ਐੱਮ.ਸੀ. ਲੁਧਿਆਣਾ ਵਿਖੇ ਤਬਦੀਲ ਕਰਨਾ ਪਿਆ ਪਰ ਜਿਵੇਂ ਰੱਬ ਨੂੰ ਮਨਜ਼ੂਰ ਸੀ, ਕੁਝ ਦਿਨ ਡੀ.ਐੱਮ.ਸੀ. ਵਿਖੇ ਜ਼ਿੰਦਗੀ ਮੌਤ ਨਾਲ ਸੰਘਰਸ਼ ਕਰਦਾ ਹੋਇਆ 26 ਜੁਲਾਈ, 2023 ਸਵੇਰ ਦੇ 6 ਵੱਜ ਕੇ 30 ਮਿੰਟ ’ਤੇ ਪਰਿਵਾਰ, ਰਿਸ਼ਤੇਦਾਰਾਂ ਅਤੇ ਹੋਰ ਚਾਹੁੰਣ ਵਾਲੇ ਦੇਸ਼-ਵਿਦੇਸ਼ ਵਿਚ ਵਸਦੇ ਸਰੋਤਿਆਂ ਨੂੰ ਛੱਡ ਕੇ ਇਹ ਜਿਊਂਦੀ ਜਾਗਦੀ ਆਵਾਜ਼ 48 ਸਾਲ ਲੋਕ ਗਾਇਕੀ ਦੀ ਸੇਵਾ ਕਰਕੇ ਸਦਾ ਲਈ ਖਾਮੋਸ਼ ਹੋ ਗਈ। ਉਹ ਪੰਜਾਬੀ ਲੋਕ ਗਾਇਕੀ ਦੀ ਸੇਵਾ ਬਹੁਤ ਵਧੀਆ ਕਰ ਰਿਹਾ ਸੀ। ਹਜੇ ਉਸ ਦੇ ਜਾਣ ਦਾ ਸਮਾਂ ਨਹੀਂ ਸੀ ਪਰ ਛੇਤੀ ਹੀ ਇਸ ਦੁਨੀਆਂ ਤੋਂ ਚੱਲਿਆ ਗਿਆ। ਪ੍ਰਮਾਤਮਾਂ ਉਸ ਨੂੰ ਆਪਣੇ ਚਰਨਾਂ ’ਚ ਨਿਵਾਸ ਬਖਸ਼ੇ। ਸੁਰਿੰਦਰ ਛਿੰਦੇ ਦਾ ਸਰਮਾਇਆ ਉਸ ਦੇ ਗੀਤਾਂ ਦੀਆਂ ਰਿਕਾਡਿੰਗਾਂ ਸਾਡੇ ਕੋਲ ਮੌਜੂਦ ਹਨ, ਜੋ ਫਿਜ਼ਾ ਵਿਚ ਸਦਾ ਹੀ ਗੂੰਜਦੀਆਂ ਰਹਿਣਗੀਆਂ। ਸੁਰਿੰਦਰ ਛਿੰਦਾ ਦੀ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਭਾਈ ਰਣਧੀਰ ਸਿੰਘ ਨਗਰ ਈ ਬਲਾਕ (ਨੇੜੇ ਉਰੀਐਂਟ ਸਿਨੇਮਾ) 12 ਤੋਂ 2 ਵਜੇ ਤੱਕ ਲੁਧਿਆਣਾ ਵਿਖੇ ਹੋਵੇਗੀ।

## 4 ਅਗਸਤ ਧਰਮ ਯੁੱਧ ਮੋਰਚੇ ’ਤੇ ਵਿਸ਼ੇਸ਼ ਲੇਖ

# ਜਦੋਂ ਸੰਤ ਜਰਨੈਲ ਸਿੰਘ ਜੀ ਦੇ ਮੋਰਚੇ ਦੀ ਵਾਂਗਡੋਰ ਅਕਾਲੀ ਦਲ ਨੇ ਸੰਭਾਲ ਲਈ


ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)

ਸਮੇਂ-ਸਮੇਂ ਸਿੱਖ ਕੌਮ ’ਤੇ ਸੰਕਟ ਪੈਂਦੇ ਰਹੇ। ਸਮੇਂ-ਸਮੇਂ ਇਸ ਦਲੇਰ ਕੌਮ ਨੇ ਸੰਘਰਸ਼ ਕਰ ਕੇ ਮੋਰਚੇ ਲਾ ਕੇ ਸ਼ਹੀਦੀਆਂ ਪਾ ਕੇ ਗ੍ਰਿਫਤਾਰੀਆਂ ਦੇ ਕੇ ਜਬਰ-ਜ਼ੁਲਮ ਦਾ ਟਾਕਰਾ ਕਰਕੇ ਸਿੱਖ ਧਰਮ ਨੂੰ ਚੜ੍ਹਦੀ ਕਲਾਂ ਵਿਚ ਰੱਖਿਆ। ਸਿੱਖ ਕੌਮ ਨੂੰ ਜ਼ਾਲਮ ਸਰਕਾਰਾਂ ਨਾਲ ਨਿਪਟਣ ਲਈ ਕਈ ਮੋਰਚੇ ਲਾਉਣੇ ਪਏ, ਜਿਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋਂ ਦਾ ਮੋਰਚਾ, ਆਦਿ ਇਸ ਤਰਾਂ ਹੀ ਸਮੇਂ ਦੇ ਸੰਕਟ ਨਾਲ ਨਿਪਟਣ ਲਈ ਧਰਮ ਯੁੱਧ ਮੋਰਚਾ ਲੱਗਿਆ।

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਨਾਲ ਹੋਏ ਟਾਕਰੇ ਵਿਚ 13 ਸਿੰਘ ਸ਼ਹੀਦ ਹੋਣ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਚਰਚਾ ਵਿਚ ਆ ਗਏ ਸਨ। ਉਸ ਟਾਇਮ ਤੋਂ ਹੀ ਸਿੱਖ ਕੌਮ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿੱਖ ਕੌਮ ਦੀ ਨੁਮਾਇਦਗੀ ਕਰਨ ਵਾਲਾ ਨਿਧੱੜਕ ਆਗੂ ਮੰਨਣਾ ਸ਼ੁਰੂ ਕਰ ਦਿੱਤਾ ਸੀ।

18 ਜੁਲਾਈ, 1982 ਨੂੰ ਦਮਦਮੀ ਟਕਸਾਲ ਦੇ ਤਿੰਨ ਵਿਆਕਤੀ ਇੱਕ ਥਾਣੇਦਾਰ ਦੇ ਕਤਲ ਕੇਸ ਦੇ ਸਬੰਧ ਵਿਚ ਗ੍ਰਿਫ਼ਤਾਰ ਕਰ ਲਏ। 19 ਜੁਲਾਈ ਨੂੰ ਭਾਈ ਅਮਰੀਕ ਸਿੰਘ ਬਾਬਾ ਠਾਰਾ ਸਿੰਘ ਅਤੇ ਇਕ ਹੋਰ ਸਿੰਘ ਉਨ੍ਹਾਂ ਦੀ ਜਮਾਨਤ ਕਰਵਾਉਣ ਲਈ ਅੰਮ੍ਰਿਤਸਰ ਕੋਰਟ ਵਿਚ ਗਏ ਉੱਥੇ ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਕੇਸ ਵਿਚ ਅਤੇ ਬਾਬਾ ਠਾਰਾ ਸਿੰਘ ਨੂੰ 29 ਨਵੰਬਰ, 1981 ਨੂੰ ਮਹਿਤ ਚੌਕ ਵਿਖੇ ਹੋਏ ਬੰਬ ਧਮਾਕੇ ਦੇ ਦ ਸ਼ ਵਿਚ ਗ੍ਰਿਫ਼ਤਾਰ ਕਰਕੇ ਕੇਸ ਪਾ ਦਿੱਤੇ ਅਤੇ ਅੰਨਾ ਤਸ਼ੱਦਦ ਕੀਤਾ।

ਸੰਤ ਜਰਨੈਲ ਸਿੰਘ ਜੀ ਨੇ ਉਸ ਸ਼ਾਮ ਹੀ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਹਿਤਾ ਚੌਕ ਛੱਡ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ ਵਿਚ ਰਹਿਣਾ ਅਰੰਭ ਕਰ ਦਿੱਤਾ। ਉਸ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਅਰੰਭ ਕਰ ਦਿੱਤਾ। ਪਹਿਲੇ ਦਿਨ 51 ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਰੋਜ਼ਾਨਾ ਜੱਥੇ ਗ੍ਰਿਫ਼ਤਾਰੀ ਦੇਣ ਲੱਗੇ। ਸੰਤ ਜੀ ਨੇ ਕਿਹਾ, ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

25 ਜੁਲਾਈ ਨੂੰ ਸ. ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਆਦਿ ਨੇ ਮੋਰਚੇ ਦੀ ਅਗਲੀ ਰੂਪ-ਰੇਖਾ ਤਿਆਰ ਕਰਕੇ ਜੋ ਸੰਤ ਜੀ ਨੇ ਸੰਗਤਾਂ ਨੂੰ ਦੇਣੀ ਸੀ, ਉਸ ਨੂੰ ਪਾਸ ਕਰਵਾਉਣ ਲਈ ਹਰਿਮੰਦਰ ਸਿੰਘ ਸੰਧੂ ਕੋਲ ਸੰਤ ਜਰਨੈਲ ਸਿੰਘ ਜੀ ਪਾਸ ਭੇਜ ਦਿੱਤੀ। ਉਸ ਟਾਇਮ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ. ਭਾਨ ਸਿੰਘ ਸੰਤ ਜੀ ਕੋਲ ਚਲੇ ਗਏ। ਉਨ੍ਹਾਂ ਸੰਤ ਜਰਨੈਲ ਸਿੰਘ ਜੀ ਨੂੰ ਯਕੀਨ ਦਿਵਾਇਆ, ਕੱਲ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹਗੜ੍ਹ ਸਾਹਿਬ ’ਚ ਹੋਣ ਵਾਲੀ ਮੀਟਿੰਗ ਵਿਚ ਤੁਹਾਡੇ ਮੋਰਚੇ ਨੂੰ ਅਪਣਾ ਲਿਆ ਜਾਵੇਗਾ। ਗੁਰਚਰਨ ਸਿੰਘ ਟੌਹੜਾ ’ਤੇ ਯਕੀਨ ਕਰਕੇ ਸੰਤ ਜੀ ਨੇ ਤਿਆਰ ਕੀਤਾ ਐਲਾਨ ਰੋਕ ਲਿਆ ਅਤੇ ਐਲਾਨ ਕਰ ਦਿੱਤਾ, ਮੋਰਚਾ ਕਾਮਯਾਬੀ ਤੱਕ ਚਲਦਾ ਰਹੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਰਾਜਨੀਤਿਕ ਲੀਡਰਾਂ ਨੂੰ ਆਪਣਾ ਭਵਿੱਖ ਡੁੱਬਦਾ ਨਜ਼ਰ ਆਇਆ। ਉਨ੍ਹਾਂ ਕਿਹਾ ਸਿੱਖਾਂ ਨੇ ਸੰਤ ਭਿੰਡਰਾਂਵਾਲਿਆਂ ਦੇ ਮੋਰਚੇ ਵਿਚ ਰੁੱਚੀ ਵਧਾ ਲੈਣੀ ਹੈ, ਸਾਡੀ ਪੁੱਛ-ਪ੍ਰਤੀਤ ਖ਼ਤਮ ਹੋ ਜਾਣੀ ਹੈ, ਰਾਜਨੀਤਿਕ ਲੀਡਰ ਪਹਿਲਾਂ ਆਪਣਾ ਸਿਆਸੀ ਭਵਿੱਖ ਦੇਖਦੇ ਹਨ, ਬਾਕੀ ਬਾਅਦ ਵਿਚ ਦੇਖਿਆ ਜਾਂਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ। ਸੰਤ ਲੌਂਗੋਵਾਲ ਨੇ ਪਹਿਲਾਂ ਹੀ ਆਪਣੀਆਂ 15 ਮੰਗਾਂ ਸਰਕਾਰ ਨੂੰ ਲਿਖ ਕੇ ਦਿੱਤੀਆਂ ਹੋਈਆਂ ਸਨ, ਉਹ ਮੰਗਾਂ 30 ਸਤੰਬਰ, 1981 ਤੱਕ ਨਾ ਮੰਨੇ ਜਾਣ ਤੋਂ ਬਾਅਦ ਮੋਰਚਾ ਲਾਉਣ ਦਾ ਐਲਾਨ ਕੀਤਾ ਹੋਇਆ ਸੀ। ਪਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ’ਚ ਸੰਤ ਭਿੰਡਰਾਂਵਾਲਿਆਂ ਨੂੰ ਸਰਕਾਰ ਨੇ ਗ੍ਰਿਫ਼ਤਾਰ ਕੀਤੇ ਜਾਣ ਕਰਕੇ ਮੰਗਾਂ ਨਾ ਮੰਨਣ ਦੀ ਸੂਰਤ ਵਿਚ ਮੋਰਚਾ ਲਾਉਣ ਦਾ ਕੰਮ ਵਿਚ ਹੀ ਰਹਿ ਗਿਆ ਸੀ।

ਹੁਣ ਅਕਾਲੀ ਦਲ ਨੇ ਆਪਣੀਆਂ ਉਹ ਮੰਗਾਂ ਮੰਨਵਾਉਣ ਲਈ ਸਿਆਸੀ ਚਾਲ ਖੇਡਦੇ ਹੋਏ 26 ਜੁਲਾਈ ਨੂੰ ਕਾਹਲੀ ਨਾਲ ਅਕਾਲੀ ਦਲ ਦੀ ਕਾਰਜਕਰਨੀ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਸੱਦ ਲਈ, ਤਾਂ ਕਿ ਸੰਤ ਭਿੰਡਰਾਂਵਾਲਿਆਂ ਦੇ ਮੋਰਚੇ ਨੂੰ ਆਪਣੀਆਂ ਮੰਗਾਂ ਵਾਲੇ ਮੋਰਚੇ ਦੀ ਲਪੇਟ ਵਿਚ ਲੈ ਸਕਣ। ਮੀਟਿੰਗ ਵਿਚ ਨਹਿਰ ਰੋਕੂ ਮੋਰਚਾ ਜੋ ਪਟਿਆਲੇ ਜ਼ਿਲ੍ਹੇ ਵਿਚ ਕਪੂਰੀ ਦੇ ਅਸਥਾਨ ’ਤੇ



ਧੀਮੀ ਰਫ਼ਤਾਰ ਨਾਲ ਚੱਲ ਰਿਹਾ ਸੀ, ਉਸ ਨੂੰ ਠੱਪ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜੋ ਰਾਜਨੀਤੀ ਤੋਂ ਅਤੇ ਰਾਜਨੀਤੀਕ ਚਾਲਾਂ ਤੋਂ ਕੋਹਾਂ ਦੂਰ ਸਨ, ਉਨ੍ਹਾਂ ਆਪਣੇ ਮੋਰਚੇ ਦੀ ਕਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੇ ਦਿੱਤੀ ਅਤੇ ਐਲਾਨ ਕਰ ਦਿੱਤਾ, ਮੈਂ ਆਪਣਾ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਲਗਾਏ ਮੋਰਚੇ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਮੋਰਚੇ ਦਾ ਨਾਮ 'ਧਰਮ ਯੁੱਧ ਮੋਰਚਾ' ਰੱਖ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਡਿਕਟੇਟਰਸ਼ਿਪ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ 4 ਅਗਸਤ 1982 ਨੂੰ ਮੋਰਚਾ ਆਰੰਭ ਕਰਨ ਦਾ ਐਲਾਨ ਕਰ ਦਿੱਤਾ।

ਜਦੋਂ ਸਾਰੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਨਾਲ ਲੈ ਕੇ ਇੱਕ ਮੰਚ ’ਤੇ ਇਕੱਠੀ ਹੋਈ, ਤਾਂ ਸਿੱਖ ਸੰਗਤਾਂ ਵਿਚ ਇੱਕਦਮ ਸਰਕਾਰ ਦੇ ਜਬਰ ਤੇ ਜ਼ੁਲਮ ਵਿਰੁੱਧ ਰੋਸ ਭਰ ਗਿਆ। ਸੰਗਤਾਂ ਵਲੋਂ ਮੋਰਚੇ ’ਚ ਗ੍ਰਿਫ਼ਤਾਰੀਆਂ ਦੇਣ ਦਾ ਉਤਸ਼ਾਹ ਅਤੇ ਜੋਸ਼ ਠਾਠਾਂ ਮਾਰ ਰਿਹਾ ਸੀ। ਸਿੱਖ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਸਿੱਖ ਲਹਿਰ ਬਣੀ ਦੇਖ ਕੇ ਅਖੰਡ ਕੀਰਤਨੀ ਜੱਥੇ ਅਤੇ ਚੀਫ ਖਾਲਸਾ ਦੀਵਾਨ ਨੇ ਵੀ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। 23 ਦਸੰਬਰ ਨੂੰ ਦਰਬਾਰ ਸਾਹਿਬ ਵਿਚ ਹੋਈ ਸਾਬਕਾ ਫ਼ੌਜੀਆਂ ਦੀ ਕਨਵੈਨਸ਼ਨ ਵਿਚ ਵੀ ਬਹੁਤ ਜ਼ਿਆਦਾ ਇਕੱਠ ਹੋਇਆ ਸਰਕਾਰ ਦੇ ਡਰਾਵਿਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸਾਬਕਾ ਫ਼ੌਜੀ ਵੀ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ। ਜੱਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਸਾਢੇ ਸਤਾਰਾਂ ਮਹੀਨੇ ਤੋਂ ਦਿੱਲੀ ਵਿਚ ਮੋਰਚਾ ਚਲਾ ਰਹੇ ਸਨ, ਉਹ ਵੀ ਆਪਣਾ ਮੋਰਚਾ ਬੰਦ ਕਰਕੇ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ।

4 ਅਗਸਤ, 1982 ਨੂੰ ਪਹਿਲਾ 500 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ ਸਿੱਖ ਜੱਥਿਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਇੰਨਾ ਜ਼ੋਰ ਫੜ ਗਿਆ ਸੀ, ਸਰਕਾਰ ਨੇ ਮੋਰਚਾ ਫੇਲ੍ਹ ਕਰਨ ਖਾਤਰ 26-27 ਅਗਸਤ ਦੀ ਰਾਤ ਨੂੰ 1000 ਦੇ ਕਰੀਬ ਸਿੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਸ ਗ੍ਰਿਫ਼ਤਾਰੀਆਂ ਦੇਣ ਵਾਲੀ ਚਾਲ ’ਤੇ ਕੋਈ ਅਸਰ ਨਾ ਪਿਆ। ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਨਾਮ ਲਿਖਵਾਉਣ ਵਾਲਿਆਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ। 16 ਅਕਤੂਬਰ ਦੀ ਦੀਵਾਲੀ ਨੂੰ ਮੁੱਖ ਰੱਖਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 11 ਤੋਂ 16 ਅਕਤੂਬਰ ਤੱਕ ਮੋਰਚੇ ਵਿਚ ਤੇਜ਼ੀ ਲਿਆਉਣ ਲਈ ਦਿਨ-ਰਾਤ ਜੱਥੇ ਭੇਜਣੇ ਸ਼ੁਰੂ ਕਰ ਦਿੱਤੇ। ਦਿਵਾਲੀ ਦੇ ਤਿਉਹਾਰ ਨੂੰ ਵੀ ਕਾਲੇ ਦਿਨ ਵਜੋਂ ਮਨਾਉਣ ਦਾ ਐਲਾਨ ਕਰ ਦਿੱਤਾ।

15 ਤਾਰੀਕ ਨੂੰ ਇੰਦਰਾ ਗਾਂਧੀ ਨੇ ਮੋਰਚੇ ਪ੍ਰਤੀ ਝੂਠਾ ਪ੍ਰਚਾਰ ਕਰਕੇ ਕੁਝ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਧੱਕੇ ਨਾਲ ਬਾਹਰ ਕੱਢ ਦਿੱਤੇ। ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿਚ ਇਹ ਖ਼ਬਰਾਂ ਦਾ ਜ਼ੋਰ ਫੜਿਆ ਹੋਇਆ ਸੀ ਕਿ ਭਾਰਤ ਵਿਚ ਸਿੱਖਾਂ (ਘੱਟ ਗਿਣਤੀ) ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀ ਕੋਈ ਮੰਗ ਵੀ ਨਹੀਂ ਮੰਨੀ ਜਾ ਰਹੀ। 19 ਨਵੰਬਰ ਤੋਂ 4 ਦਸੰਬਰ ਤੱਕ ਭਾਰਤ ਵਿਚ ਹੋ ਰਹੀਆਂ ਏਸ਼ੀਅਨ ਖੇਡਾਂ ਵਿਚ ਇੰਦਰਾ ਗਾਂਧੀ ਇਸ ਗੱਲ ਤੋਂ ਡਰਦੀ ਸੀ ਕਿ ਕਿਤੇ ਸਿੱਖ ਕੌਮ ਦਾ ਮਸਲਾ ਏਸ਼ੀਅਨ ਖੇਡਾਂ ਵਿਚ ਨਾ ਉਠ ਖੜ੍ਹੇ।

ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਲਗਭਗ ਛੇ ਮਹੀਨੇ ਅੰਦਰ 70,000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ 100 ਤੋਂ ਵੱਧ ਸਿੱਖ ਸ਼ਹੀਦ ਹੋ ਗਏ ਸਨ।

ਸਮੇਂ-ਸਮੇਂ ਨਾਲ ਸਰਕਾਰ ਵੱਲੋਂ ਭੇਜੇ ਹੋਏ ਨੁਮਾਇੰਦੇ ਸਰਦਾਰ ਸਵਰਨ ਸਿੰਘ, ਫਾਰੂਕ ਅਬਦੁੱਲਾ, ਐੱਲ.ਕੇ. ਅਡਵਾਨੀ, ਮਧੂ ਦੰਡਵਤੇ, ਅਮਰਿੰਦਰ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਆਦਿ ਨਾਲ ਮੀਟਿੰਗਾਂ ਕਰਦੇ ਰਹੇ। ਉਹ ਮੰਗਾਂ ਮੰਨ ਲੈਣ ਦਾ ਵਿਸ਼ਵਾਸ ਦਿਵਾ ਕੇ ਚਲੇ ਜਾਂਦੇ ਪਰ ਇੰਦਰਾ ਗਾਂਧੀ ਦੇ ਦਿਲ ਵਿਚ ਬੇਈਮਾਨੀ ਹੋਣ ਕਰਕੇ ਕੋਈ ਵੀ ਮੰਗ ਸਿਰੇ ਨਾ ਚੜ੍ਹ ਸਕੀ। ਇੱਕ ਵਾਰ ਤਾਂ ਇਸ ਤਰ੍ਹਾਂ ਹੋਇਆ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਇਹ ਕਹਿ ਕੇ ਲਾਰਾ ਲਾ ਦਿੱਤਾ, ਵਿਰੋਧੀ ਧਿਰ ਤੁਹਾਡੀਆਂ ਮੰਗਾਂ ਤੋਂ ਜਾਣੂੰ ਹੋਣਾ ਚਾਹੁੰਦੀ ਹੈ।

ਜੂਨ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ’ਤੇ ਆਪ੍ਰੇਸ਼ਨ ਬਲਿਊ ਸਟਾਰ ਕਰਵਾ ਦਿੱਤਾ। ਇਸ ਵਿਚ ਸਿੱਖਾਂ ਦੇ ਹੱਕ ਜੋ ਮੰਗਾਂ ਦੇ ਰੂਪ ਵਿਚ ਧਰਮ ਯੁੱਧ ਮੋਰਚਾ ਲਾ ਕੇ ਮੰਗ ਰਹੇ ਸਨ, ਉਹ ਟੈਂਕਾਂ ਨਾਲ ਹੋਏ ਹਮਲੇ ਵਿਚ ਬਰੂਦ ਦੇ ਗੋਲਿਆਂ ਵਿਚ ਸਾੜ ਕੇ ਸੁਆਹ ਕਰ ਦਿੱਤੇ। ਧਰਮ ਯੁੱਧ ਮੋਰਚਾ ਅਪ੍ਰੇਸ਼ਨ ਬਲਿਊ ਸਟਾਰ ਦੀ ਭੇਟ ਚੜ੍ਹ ਗਿਆ ਸੀ।

# ਔਰਤਾਂ ਦੀ ਸੁਰੱਖਿਆ ਅਤੇ ਵਧ ਰਹੀ ਔਰਤਾਂ ਵਿਰੁੱਧ ਹਿੰਸਾ





ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)

ਦੁਨੀਆਂ ਭਰ ਵਿਚ ਔਰਤਾਂ ਨੂੰ ਦਿੱਤੇ ਹੱਕਾਂ 'ਚ ਲਗਭਗ ਸਮਾਨਤਾ ਹੈ। ਬਹੁਗਿਣਤੀ ਦੇਸ਼ਾਂ ਵਿਚ ਔਰਤਾਂ ਨੂੰ ਗੁਲਾਮੀ ਅਤੇ ਹਿੰਸਾ ਮੁਕਤੀ, ਸਿੱਖਿਆ, ਮਰਦਾਂ ਬਰੋਬਰ ਤਨਖ਼ਾਹ, ਮਾਲਕੀ ਦੇ ਹੱਕ, ਆਜ਼ਾਦੀ ਨਾਲ ਖਿਆਲ ਪ੍ਰਗਟ ਕਰਨ ਅਤੇ ਵੋਟ ਜਿਹੇ ਹੱਕ ਪ੍ਰਾਪਤ ਹਨ। ਭਾਰਤ ਵਿਚ ਵੀ ਔਰਤ ਨੂੰ ਸੰਵਿਧਾਨ ਦੀ ਧਾਰਾ 14 ਅਧੀਨ ਬਰਾਬਰੀ, ਧਾਰਾ 15(1) ਅਧੀਨ ਵਿਤਕਰੇ ਵਿਰੁੱਧ, ਧਾਰਾ 16 ਅਧੀਨ ਬਰਾਬਰ ਦੇ ਮੌਕੇ ਅਤੇ ਆਰਟੀਕਲ 39 (ਡੀ) ਅਤੇ ਧਾਰਾ 42 ਅਧੀਨ ਮਰਦਾਂ ਬਰਾਬਰ ਤਨਖ਼ਾਹ ਜਿਹੇ ਅਧਿਕਾਰ ਹਨ।

ਐਡੇ ਵੱਡੇ ਅਧਿਕਾਰ ਸੰਵਿਧਾਨ ਵਿਚ ਲਿਖੇ ਹੋਣ ਦੇ ਬਾਵਜੂਦ ਵੀ ਭਾਰਤ ਦੀਆਂ ਲਗਭਗ 70 ਫੀਸਦੀ ਔਰਤਾਂ, ਬੀਬੀਆਂ, ਘਰੇਲੂ ਹਿੰਸਾ ਦੀ ਮਾਰ ਹੇਠ ਹਨ ਜਾਂ ਸ਼ਿਕਾਰ ਹਨ, ਜਿਸ ਨਾਲ ਉਹ ਡਿਪਰੇਸ਼ਨ (ਮਾਨਸਿਕ ਤਣਾਅ) ਅਤੇ ਆਤਮ ਹੱਤਿਆ ਵੱਲ ਵਧਦੀਆਂ ਹਨ। ਇਹ ਸਿੱਧੇ ਤੌਰ 'ਤੇ ਔਰਤਾਂ ਦਾ ਕਤਲ ਨਹੀਂ, ਪਰ ਸਵੈ-ਕਤਲ ਦਾ ਇੱਕ ਵੱਡਾ ਕਾਰਨ ਹੈ।

ਇਹੋ ਗੱਲ ਔਰਤਾਂ ਦੀ ਸਮਾਜ ਵਿਚ ਸੁਰੱਖਿਆ ਦੇ ਮਾਮਲੇ 'ਤੇ ਹੈ, ਜਿਥੇ ਘਰ ਵਿਚ ਅਤੇ ਘਰੋਂ ਬਾਹਰ ਨਿਕਲਦਿਆਂ, ਉਹ ਡਰ, ਅਸੁਰੱਖਿਆ ਨਾਲ ਸੜਕ 'ਤੇ, ਕੰਮ ਵਾਲੀਆਂ ਥਾਵਾਂ 'ਤੇ, ਕਾਲਜਾਂ, ਸਕੂਲਾਂ, ਯੂਨੀਵਰਸਿਟੀਆਂ ਅਤੇ ਹੋਰ ਸਿੱਖਿਆ ਸੰਸਥਾਵਾਂ 'ਚ ਵਿਚਰਦੀਆਂ ਹਨ ਅਤੇ ਆਜ਼ਾਦ ਵਿਚਰਨ ਦੀ ਥਾਂ ਕਿਸੇ ਆਸਰੇ ਦੀ ਭਾਲ 'ਚ ਰਹਿੰਦੀਆਂ ਹਨ, ਅਤੇ ਕਈ ਹਲਾਤਾਂ 'ਚ ਇਹੋ "ਆਸਰੇ" ਉਨ੍ਹਾਂ ਦੀ ਅਸੁਰੱਖਿਆ ਅਤੇ ਤਬਾਹੀ ਦਾ ਕਾਰਨ ਬਣ ਜਾਂਦੇ ਹਨ।

ਕੀ ਘਰੋਂ ਦੁਕਾਨ 'ਤੇ ਇਕੱਲੀ ਨਿਕਲੀ ਔਰਤ ਲੜਕੀ, ਖਰੀਦਦਾਰੀ ਕਰਨ ਵੇਲੇ ਸੁਰੱਖਿਅਤ ਹੈ? ਕੀ ਕਦੇ ਰਾਤ-ਬਰਾਤੇ ਉਸ ਨੂੰ ਇਕੱਲਿਆਂ ਸਫ਼ਰ ਕਰਨਾ ਪੈ ਜਾਵੇ, ਤਾਂ ਉਹ ਸੁਰੱਖਿਅਤ ਹੈ? ਕੀ ਘਰ ਵਿਚ ਲੜਕੀ ਇਕੱਲੀ ਸੁਰੱਖਿਅਤ ਹੈ, ਭਾਵੇਂ ਉਹਦੇ ਆਲੇ-ਦੁਆਲੇ ਭਰਵੀਂ ਆਬਾਦੀ ਹੋਵੇ, ਆਪਣੇ ਰਿਸ਼ਤੇਦਾਰ ਹੋਣ। ਇਹੋ ਜਿਹੇ ਭਰਵੇਂ ਮਾਹੌਲ ਵਿਚ ਵੀ ਲੜਕੀ ਅਸੁਰੱਖਿਅਤ ਹੋ ਜਾਂਦੀ ਹੈ। ਕੀ ਬਸ, ਗੱਡੀ 'ਚ ਸਫ਼ਰ ਵੇਲੇ ਉਹ ਸੁਰੱਖਿਅਤ ਹੈ?

ਅਸਲ ਵਿਚ ਭਾਰਤ ਵਿਚ ਘਰ ਤੋਂ ਲੈ ਕੇ ਦਫ਼ਤਰ ਤੱਕ, ਪਬਲਿਕ ਥਾਵਾਂ ਉਤੇ, ਬੇਗਾਨਿਆਂ ਅਤੇ ਆਪਣਿਆਂ ਵਿਚ ਵੀ ਕਈ ਵਾਰ ਔਰਤ, ਲੜਕੀ ਸੁਰੱਖਿਅਤ ਨਹੀਂ। ਡਰ ਅਤੇ ਅਸੁਰੱਖਿਆ ਦੀ ਇਹ ਭਾਵਨਾ ਔਰਤ ਦੀ ਨਿੱਜੀ ਮਾਨਸਿਕ ਕਮਜ਼ੋਰੀ ਦਾ ਕਾਰਨ ਬਣਦੀ ਹੈ ਅਤੇ ਸਮਾਜ 'ਚ ਕਈ ਹਾਲਤਾਂ ਵਿਚ ਉਹਦੀ ਹੋਂਦ ਖੇਰੂ-ਖੇਰੂ ਹੁੰਦੀ ਜਾਪਦੀ ਹੈ।

ਭਾਰਤ 'ਚ ਔਰਤਾਂ ਵਿਰੁੱਧ ਪੰਜ ਅਪਰਾਧ, ਇੰਡੀਅਨ ਪੀਨਲ ਕੋਡ 'ਚ ਦਰਜ ਹਨ, ਜਿਨ੍ਹਾਂ 'ਚ ਬਲਾਤਕਾਰ ਸਭ ਤੋਂ ਵੱਡਾ ਹੈ। ਅਗਵਾ, ਦਾਜ ਪ੍ਰਤੀ ਜ਼ਬਰਦਸਤੀ, ਘਰੇਲੂ ਹਿੰਸਾ ਅਤੇ ਤਸ਼ੱਦਦ ਆਦਿ ਹੋਰ ਅਪਰਾਧ ਹਨ। ਇਹ ਅਪਰਾਧ ਵਧਦੇ ਜਾ ਰਹੇ ਹਨ ਅਤੇ ਔਰਤਾਂ 'ਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੇ ਹਨ। ਇਸਦਾ ਮੁੱਖ ਕਾਰਨ ਔਰਤਾਂ ਦੀ ਸੁਰੱਖਿਆ ਲਈ ਬਣੇ ਹੋਏ ਕਾਨੂੰਨ ਲਾਗੂ ਨਾ ਕਰਨਾ ਵੀ ਹੈ।

ਦਾਜ ਦਹੇਜ ਵਿਰੁੱਧ ਕਾਨੂੰਨ ਬਣੇ ਹੋਏ ਹਨ ਪਰ ਉਹ ਕਿੰਨੇ ਕੁ ਲਾਗੂ ਹੋ ਰਹੇ ਹਨ? ਬਲਾਤਕਾਰੀਆਂ ਨੂੰ ਕਿੰਨੀਆਂ ਕੁ ਸਜ਼ਾਵਾਂ ਹੋ ਰਹੀਆਂ ਹਨ? ਘਰੇਲੂ ਹਿੰਸਾ ਵਿਰੁੱਧ ਬਣੇ ਕਾਨੂੰਨ ਕਿਥੇ ਤੇ ਕਦੋਂ ਲਾਗੂ ਹੁੰਦੇ ਹਨ? ਭਾਰਤੀ ਸਮਾਜ 'ਚ ਬਣਤਰ ਹੀ ਕੁਝ ਇਹੋ ਜਿਹੀ ਹੈ ਕਿ ਮਰਦ ਦਾ ਹੈਂਕੜਪੁਣਾ, ਰੰਘਰਊਪੁਣਾ ਅਤੇ ਸਮਾਜ ਵਿਚਲਾ ਔਰਤ ਵਿਰੋਧੀ ਵਰਤਾਰਾ ਔਰਤਾਂ ਨੂੰ ਜੀਣ-ਥੀਣ ਲਈ ਸੌਖਿਆ ਸਾਹ ਹੀ ਨਹੀਂ ਲੈਣ ਦੇ ਰਿਹਾ। ਉਨ੍ਹਾਂ ਲਈ ਨਿੱਤ ਨਵੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਇਹ ਸਭ ਕੁਝ ਔਰਤਾਂ ਵਿਰੁੱਧ ਅਪਰਾਧਾਂ 'ਚ ਲਗਾਤਾਰ ਵੱਡਾ ਵਾਧਾ ਕਰ ਰਿਹਾ ਹੈ, ਬਾਵਜੂਦ ਇਸ ਗੱਲ ਦੇ ਵੀ ਕਿ ਲੜਕੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਹਰ ਖੇਤਰ 'ਚ ਮੋਹਰੀ ਰੋਲ ਅਦਾ ਕਰਨ ਲੱਗੀਆਂ ਹਨ।

ਸਾਲ 2016 ਤੋਂ 2021 ਤੱਕ ਲਗਭਗ 22.8 ਲੱਖ ਔਰਤਾਂ ਵਿਰੁੱਧ ਅਪਰਾਧ ਭਾਰਤ ਵਿਚ ਸਰਕਾਰੀ ਰਿਕਾਰਡ 'ਚ ਦਰਜ ਹਨ। ਇਨ੍ਹਾਂ ਵਿਚੋਂ 7 ਲੱਖ, ਧਾਰਾ 498 ਏ.ਆਫ, ਆਈ.ਪੀ.ਸੀ. ਅਧੀਨ ਹਨ। ਇਹ ਧਾਰਾ ਔਰਤ ਵਲੋਂ ਆਪਣੇ ਮਰਦ ਅਤੇ ਰਿਸ਼ਤੇਦਾਰਾਂ ਵਲੋਂ ਕੀਤੀ ਹਿੰਸਾ ਅਤੇ ਕੁੱਟਮਾਰ, ਨਫਰਤੀ ਵਰਤਾਰੇ ਸਬੰਧੀ ਹੈ।

ਰਾਸ਼ਟਰੀ ਕਰਾਈਮ ਰਿਕਾਰਡ ਬਿਓਰੋ ਅਨੁਸਾਰ 2021 ਵਿਚ ਦੇਸ਼ ਭਰ 'ਚ 6589 ਕੇਸ ਦਾਜ ਦਹੇਜ ਸਬੰਧੀ ਕਤਲ ਦੇ ਰਿਕਾਰਡ ਹੋਏ। ਨੈਸ਼ਨਲ ਕਮਿਸ਼ਨ ਫਾਰ ਵੂਮੈਨ ਅਨੁਸਾਰ 2021 ਨਾਲੋਂ 2022 'ਚ ਔਰਤਾਂ ਉਤੇ ਅੱਤਿਆਚਾਰ ਦੀਆਂ ਘਟਨਾਵਾਂ 'ਚ 30 ਫੀਸਦੀ ਵਾਧਾ ਦਰਜ ਕੀਤਾ ਗਿਆ।

ਨੈਸ਼ਨਲ ਕਰਾਈਮ ਰਿਕਾਰਡ ਬਿਓਰੋ ਅਨੁਸਾਰ ਔਰਤਾਂ 'ਤੇ ਅੱਤਿਆਚਾਰ ਹਿੰਸਾ ਆਦਿ ਦੇ 2021 ਵਿਚ 4,28,278 ਕੇਸ ਦਰਜ਼ ਹੋਏ ਜੋ 2020 ਨਾਲੋਂ 56,775 ਵਧ ਸਨ। ਇਨ੍ਹਾਂ ਵਿਚ ਔਰਤਾਂ ਨੂੰ ਅਗਵਾ ਕਰਨ ਅਤੇ ਬਲਾਤਕਾਰ ਦੇ ਕੇਸ 20.8 ਫੀਸਦੀ ਸਨ ਅਤੇ ਮਰਦਾਂ ਵਲੋਂ ਔਰਤਾਂ ਉਤੇ ਘਰੇਲੂ ਹਿੰਸਾ ਦੇ 31.8 ਫੀਸਦੀ ਘਰੇਲੂ ਹਿੰਸਾ ਅਤੇ ਔਰਤਾਂ ਵਿਰੁੱਧ ਅਪਰਾਧ ਵਿਸ਼ਵ ਵਿਆਪੀ ਹਨ।

ਔਰਤਾਂ ਵਿਰੁੱਧ ਅਪਰਾਧ, ਹਿੰਸਾ ਅਤੇ ਅਸੁਰੱਖਿਆ ਦੀ ਭਾਵਨਾ ਵਧਦੀ ਹੀ ਜਾ ਰਹੀ ਹੈ। ਭਾਰਤ ਸਹਿਤ ਦੱਖਣੀ ਏਸ਼ੀਆਂ ਦੇ ਤਿੰਨ ਮੁਲਕਾਂ ਵਿਚ 1,95,000 ਪੁਰਸ਼ਾਂ ਨਾਲ ਰਹਿਣ ਵਾਲੀਆਂ ਔਰਤਾਂ 'ਤੇ ਕੀਤੇ ਇੱਕ ਸਰਵੇਖਣ ਅਨੁਸਾਰ ਹਿੰਸਾ ਦੀਆਂ ਘਟਨਾਵਾਂ 'ਚ ਵਾਧਾ ਹੋ ਰਿਹਾ ਹੈ। ਇਸ ਸਰਵੇਖਣ 'ਚ ਘਰੇਲੂ ਹਿੰਸਾ 'ਚ ਵਾਧੇ ਦਾ ਇੱਕ ਕਾਰਨ ਵਾਤਾਵਰਨ ਵਿਚ ਵਧ ਰਿਹਾ ਤਾਪਮਾਨ ਹੈ। ਜਿਸ ਅਨੁਸਾਰ ਇਕ ਡਿਗਰੀ ਤਾਪਮਾਨ ਦੇ ਵਧਣ ਨਾਲ 4.5 ਫੀਸਦੀ ਹਿੰਸਾ 'ਚ ਵਾਧਾ ਹੁੰਦਾ ਹੈ। ਅਨੁਮਾਨ ਇਹ ਵੀ ਇਸ ਸਰਵੇਖਣ ਵਿਚ ਲਗਾਇਆ ਗਿਆ ਹੈ ਕਿ ਭਾਰਤ, ਨੇਪਾਲ, ਪਾਕਿਸਤਾਨ 'ਚ ਪਰਿਵਾਰ ਹਿੰਸਾ 'ਚ ਇਸ ਸਦੀ ਦੇ ਅੰਤ ਤੱਕ 21.5 ਫੀਸਦੀ ਵਾਧਾ ਹੋਏਗਾ ਅਤੇ ਇਸਦਾ ਸ਼ਿਕਾਰ ਮਹਿਲਾਵਾਂ ਹੋਣਗੀਆਂ। ਪਰਿਵਾਰਕ ਹਿੰਸਾ ਵਿਚ ਸਰੀਰਕ ਹਿੰਸਾ, ਭਾਵਨਾਤਮਕ ਹਿੰਸਾ, ਯੌਨ ਹਿੰਸਾ ਸ਼ਾਮਲ ਹੈ। ਸਰਵੇ ਮੁਤਾਬਕ ਭਾਰਤ ਅਤੇ ਨੇਪਾਲ ਦੇਸ਼ਾਂ ਦੇ ਮੁਕਾਬਲੇ 2 ਫੀਸਦੀ ਵਾਧਾ ਔਰਤਾਂ ਵਿਰੁੱਧ ਅਪਰਾਧ 'ਚ ਹੋਏਗਾ।

ਸਰਕਾਰਾਂ ਵਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਲੜਕੀਆਂ ਅਤੇ ਮਹਿਲਾਵਾਂ ਦੇ ਨਾਲ ਹੋ ਰਹੇ ਅਪਰਾਧ ਘੱਟ ਕੀਤੇ ਜਾਣਗੇ, ਪਰੰਤੂ ਹਾਲਾਤ ਇਹ ਹਨ ਕਿ ਹਰ ਦਿਨ ਕਈ-ਕਈ ਬੱਚੀਆਂ ਅਤੇ ਮਹਿਲਾਵਾਂ ਗਾਇਬ ਹੋ ਰਹੀਆਂ ਹਨ। ਔਰਤਾਂ ਨਾਲ ਗਲਤ ਵਿਵਹਾਰ, ਬਲਾਤਕਾਰ ਆਦਿ ਦੀਆਂ ਮਨੀਪੁਰ ਵਿਚ ਜਿਸ ਕਿਸਮ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਆ ਰਹੀਆਂ ਹਨ, ਉਹ ਤਾਂ ਸ਼ਰਮਨਾਕ ਹਨ ਹੀ, ਪਰ ਦੇਸ਼ ਦੇ ਹੋਰ ਭਾਗਾਂ ਵਿਚ ਇਸ ਤੋਂ ਵੱਖਰੀ ਕਿਸਮ ਦੇ ਮਹਿਲਾਵਾਂ ਨਾਲ ਅਪਰਾਧ ਦਿਲ ਟੁੰਬਣ ਵਾਲੇ ਅਤੇ ਦਿਲ ਕੰਬਾਊ ਹਨ।

ਪਿਛਲੇ ਦਿਨੀਂ ਰਾਜ ਸਭਾ ਵਿਚ ਮਨਿਸਟਰ ਆਫ ਸਟੇਟ ਫਾਰ ਹੋਮ ਅਫੇਅਰ ਅਜੈ ਕੁਮਾਰ ਮਿਸ਼ਰਾ ਨੇ ਪੂਰੇ ਦੇਸ਼ ਵਿਚ ਗਾਇਬ ਲੜਕੀਆਂ ਅਤੇ ਔਰਤਾਂ ਸਬੰਧੀ ਇਹ ਰਿਪੋਰਟ ਸਦਨ ਵਿਚ ਰੱਖੀ ਹੈ।

2019 ਤੋਂ 2021 ਦੌਰਾਨ ਹੋਈਆਂ ਅਪਰਾਧਿਕ ਘਟਨਾਵਾਂ ਦੇ ਮਾਮਲੇ ਇਸ ਵਿਚ ਦਰਜ ਹਨ। ਦਿੱਲੀ, ਜੰਮੂ-ਕਸ਼ਮੀਰ, ਚੰਡੀਗੜ੍ਹ ਵਿਚ ਗਾਇਬ ਔਰਤਾਂ ਦੇ ਕੇਸ ਸਭ ਤੋਂ ਵੱਧ ਹਨ। 2019 ਤੋਂ 2021 ਤੱਕ ਤਿੰਨ ਸਾਲਾਂ ਵਿਚ 18 ਸਾਲਾਂ ਤੋਂ ਘੱਟ ਉਮਰ ਦੀਆਂ 22,919 ਬੱਚੀਆਂ ਅਤੇ 18 ਸਾਲ ਤੋਂ ਜ਼ਿਆਦਾ ਉਮਰ ਦੀਆਂ 61,050 ਔਰਤਾਂ ਗਾਇਬ ਹੋਈਆਂ, ਜਦਕਿ ਜੰਮੂ ਕਸ਼ਮੀਰ 'ਚ ਇਹ ਗਿਣਤੀ 18 ਸਾਲ ਤੋਂ ਘੱਟ ਲੜਕੀਆਂ ਦੀ 1,148 ਅਤੇ 18 ਸਾਲ ਤੋਂ ਵੱਧ ਦੀ 8,617 ਸੀ। ਚੰਡੀਗੜ੍ਹ 'ਚ ਗਾਇਬ ਹੋਣ ਵਾਲੀਆਂ 18 ਸਾਲ ਤੋਂ ਘੱਟ ਬੱਚੀਆਂ 921 ਸਨ ਅਤੇ ਜਦਕਿ 18 ਸਾਲ ਤੋਂ ਵਧ ਉਮਰ ਦੀਆਂ ਮਹਿਲਾਵਾਂ 3,669 ਸਨ। ਪੰਜਾਬ ਵਾਲੀ ਰਿਪੋਰਟ ਵੀ ਚਿੰਤਾਜਨਕ ਹੈ, ਜਿਥੇ ਹਰ ਰੋਜ਼ 2019 ਤੋਂ 2021 ਦੌਰਾਨ 11 ਤੋਂ 15 ਔਰਤਾਂ ਗਾਇਬ ਹੋਈਆਂ, ਭਾਵ 18,908 ਔਰਤਾਂ ਗਾਇਬ ਹੋਈਆਂ ਹਨ।

ਰਿਪੋਰਟ ਵੇਖਣ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤ ਦੇ ਰੂੜੀਵਾਦੀ ਸਮਾਜ ਵਿਚ ਮਹਿਲਾਵਾਂ ਨਾਲ ਨਾ ਬਰਾਬਰ ਦਾ ਸਲੂਕ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਬਣਦੇ ਹੱਕ ਦਿੱਤੇ ਜਾਂਦੇ ਹਨ। ਘਰਾਂ ਵਿਚ ਮਹਿਲਾਵਾਂ ਉਤੇ ਕੁੱਟਮਾਰ ਦੀਆਂ ਘਟਨਾਵਾਂ ਆਮ ਵੇਖਣ ਨੂੰ ਮਿਲਦੀਆਂ ਹਨ ਅਤੇ ਉਹ ਮਰਦਾਂ ਦੀ ਰੰਘਰਊ ਸੋਚ ਦਾ ਸ਼ਿਕਾਰ ਹੁੰਦੀਆਂ ਹਨ।

ਮਹਿਲਾਵਾਂ ਦੇ ਦੇਹ ਵਪਾਰ ਦੀਆਂ ਘਟਨਾਵਾਂ ਸੁਰਖੀਆਂ 'ਚ ਰਹਿੰਦੀਆਂ ਹਨ। ਵੱਡੇ ਸ਼ਹਿਰਾਂ ਦੇ ਹੋਟਲਾਂ ਅਤੇ ਕੁਝ ਇੱਕ ਵਿਸ਼ੇਸ਼ ਥਾਵਾਂ ਉਤੇ ਉਨ੍ਹਾਂ ਦੀ ਦੇਹ ਵੇਚਣ ਦਾ ਧੰਦਾ ਸ਼ਰੇਆਮ ਹੁੰਦਾ ਹੈ। ਇਵੇਂ ਜਾਪਦਾ ਹੈ, ਜਿਵੇਂ ਔਰਤਾਂ ਦੇ ਸਰੀਰ ਨੂੰ ਇੱਕ ਵਸਤੂ ਸਮਝ ਕੇ ਸਮਾਜ ਦੇ ਭੈੜੀ ਸੋਚ ਵਾਲੇ ਦਰਿੰਦੇ ਵਪਾਰ ਕਰਦੇ ਹਨ, ਕਾਲੀ ਕਮਾਈ ਕਰਦੇ ਹਨ। ਇਸੇ ਤਹਿਤ ਹੀ ਵੱਡੇ ਸ਼ਹਿਰਾਂ 'ਚ ਕੰਮ ਕਰਨ ਵਾਲੇ ਦੇਹ ਵਪਾਰੀ ਪਿੰਡਾਂ, ਛੋਟੇ ਸ਼ਹਿਰਾਂ 'ਚੋਂ ਬੱਚੀਆਂ ਨੂੰ ਵਰਗਲਾਕੇ ਲੈ ਜਾਂਦੇ ਹਨ ਅਤੇ ਇਨ੍ਹਾਂ ਸ਼ਹਿਰਾਂ 'ਚ ਚਲ ਰਹੇ "ਕੋਠਿਆਂ" 'ਚ ਉਨ੍ਹਾਂ ਨੂੰ ਵੇਚਦੇ ਹਨ। ਦੇਸ਼ ਵਿਚ ਔਰਤਾਂ ਨਾਲ ਹੁੰਦੇ ਵਿਭਚਾਰ, ਬਲਾਤਕਾਰ, ਅਪਰਾਧਾਂ ਸਬੰਧੀ ਰਿਪੋਰਟ ਤਾਂ ਦਰਦਨਾਕ ਹੈ ਹੀ, ਪਰ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਉੱਤੇ ਉਨ੍ਹਾਂ ਨਾਲ ਹੋ ਰਹੇ ਦੁਪਰਿਆਰੇ ਸਲੂਕ ਅਤੇ ਅਪਰਾਧਾਂ ਦੀ ਰਿਪੋਰਟ ਬਹੁਤ ਸ਼ਰਮਨਾਕ ਹੈ। ਔਰਤਾਂ, ਬੱਚੀਆਂ ਨੂੰ ਜਿਸ ਸਤਿਕਾਰ ਨਾਲ ਪੰਜਾਬ ਵਿਚ ਵੇਖਿਆ ਜਾਂਦਾ ਹੈ ਅਤੇ ਗੁਰੂ ਸਾਹਿਬਾਨ ਵਲੋਂ "ਸੋ ਕਿਉਂ ਮੰਦਾ ਆਖੀਐ, ਜਿਤੁ ਜੰਮੇ ਰਾਜਾਨ" ਦਾ ਫ਼ੁਰਮਾਨ ਹੈ, ਉਥੇ ਔਰਤਾਂ ਦੀ ਇਹ ਦਸ਼ਾ ਦਰਦਨਾਕ ਹੈ। ਕੀ ਨਿੱਤ 15-18 ਮਹਿਲਾਵਾਂ ਦਾ ਪੰਜਾਬ 'ਚੋਂ ਗਾਇਬ ਹੋਣਾ ਸ਼ਰਮਨਾਕ ਨਹੀਂ? ਚੰਡੀਗੜ੍ਹ ਵਰਗੇ ਸ਼ਹਿਰ ਵਿਚ ਜਿਥੇ ਲੋਕਾਂ ਤੋਂ ਵਧੇਰੇ ਨੈਤਿਕ ਕਦਰਾਂ-ਕੀਮਤਾਂ ਦੀ ਤਵੱਜੋ ਕੀਤੀ ਜਾਂਦੀ ਹੈ, ਉਥੇ ਔਰਤਾਂ ਦੀ ਵੱਡੀ ਗਿਣਤੀ ਦਾ ਅਗਵਾ ਤੇ ਗਾਇਬ ਹੋਣਾ ਕੀ ਸੱਭਿਅਕ ਸ਼ਹਿਰ ਦੇ ਮੱਥੇ ਉਤੇ ਕਲੰਕ ਨਹੀਂ ਹੈ?

ਵੈਸੇ ਤਾ ਦੇਸ਼ ਭਾਰਤ ਸੱਭਿਅਕ ਹੋਣ ਦਾ ਦਾਅਵਾ ਕਰਦਾ ਹੈ, ਵਿਸ਼ਵ ਗੁਰੂ ਬਨਣ ਦੇ ਸੁਪਨੇ ਲੈਂਦਾ ਹੈ, ਪਰ ਭਾਰਤੀ ਸਮਾਜ ਵਿਚ ਛੂਆ-ਛੂਤ ਸਿਰੇ ਦੀ ਹੈ। ਅਛੂਤ ਸਮਝਕੇ ਕੁਝ ਮੰਦਰਾਂ 'ਚ ਉਨ੍ਹਾਂ ਦਾ ਦਾਖ਼ਲਾ ਨਹੀਂ ਹੋਣ ਦਿੱਤਾ ਜਾਂਦਾ। ਔਰਤਾਂ ਨੂੰ ਤਾਂ ਕੁਝ ਧਾਰਮਿਕ ਸਥਾਨਾਂ ਉਤੇ ਅੰਦਰ ਜਾ ਕੇ ਦਰਸ਼ਨ ਕਰਨ ਦੀ ਮਨਾਹੀ ਹੈ।

ਔਰਤ ਨੂੰ "ਪੈਰ ਦੀ ਜੁੱਤੀ" ਸਮਝਣ ਦਾ ਵਰਤਾਰਾ ਦੇਸ਼ ਦੇ ਕਈ ਭਾਗਾਂ 'ਚ ਹੈ। ਇਸ ਵਰਤਾਰੇ ਵਿਚੋਂ ਹੀ ਔਰਤਾਂ ਉਤੇ ਤਸ਼ੱਦਦ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਉਨ੍ਹਾਂ ਉਤੇ ਜ਼ੁਲਮ ਹੁੰਦੇ ਹਨ। ਵੈਸੇ ਵੀ ਧਰਮ ਦੇ ਨਾਮ ਉਤੇ, ਦੇਸ਼ਾਂ ਦੇ ਨਾਅ ਉਤੇ ਜਦੋਂ ਜੰਗਾਂ ਹੁੰਦੀਆਂ ਹਨ, ਨਫ਼ਰਤੀ ਅੱਗ ਫੈਲਦੀ ਹੈ, ਉਦੋਂ ਵੀ ਔਰਤਾਂ ਸਭ ਤੋਂ ਪਹਿਲਾਂ ਅਤੇ ਸਭ ਤੋਂ ਵਧ ਨਿਸ਼ਾਨਾ ਬਣਦੀਆਂ ਹਨ। ਉਨ੍ਹਾਂ ਉਤੇ ਹੁੰਦੇ ਜਾਂ ਕੀਤੇ ਜਾਂਦੇ ਜ਼ੁਲਮਾਂ ਦਾ ਚਿੱਠਾਂ ਐਡਾ ਵੱਡਾ ਹੈ ਕਿ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਰਹੀ ਔਰਤਾਂ ਅਤੇ ਲੜਕੀਆਂ ਦੀ ਸੁਰੱਖਿਆ ਦੀ ਗੱਲ, ਅੱਜ ਵੀ ਉਹ ਸੜਕਾਂ 'ਤੇ ਬੇਖੌਫ ਨਹੀਂ ਘੁੰਮ ਸਕਦੀਆਂ। ਕਾਲਜਾਂ, ਸਕੂਲਾਂ ਬਾਹਰ ਖੜ੍ਹੇ ਮਨਚਲੇ ਤਨਜ਼ ਕੱਸਦੇ ਹਨ। ਕਈ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਕਿ ਆਪਣੀਆਂ ਲੜਕੀਆਂ ਨੂੰ ਸੜਕਾਂ ਤੋਂ ਛੇੜਖਾਨੀਆਂ ਤੋਂ ਬਚਾਉਣ ਲਈ ਭਰਾਵਾਂ ਜਾਂ ਪਿਓ ਨੂੰ ਮੌਤ ਦੇ ਮੂੰਹ ਜਾਣਾ ਪਿਆ ਹੈ। ਇਸ ਕਿਸਮ ਦੀਆਂ ਵਾਪਰ ਰਹੀਆਂ ਘਟਨਾਵਾਂ ਸਾਡੇ ਲਾਅ ਐਂਡ ਆਰਡਰ ਦੀ ਸਥਿਤੀ ਉਤੇ ਸਵਾਲ ਚੁੱਕਦੀਆਂ ਹਨ।

ਸਰਕਾਰਾਂ ਨੂੰ ਔਰਤਾਂ ਦੀ ਸੁਰੱਖਿਆ ਪ੍ਰਤੀ ਵਧੇਰੇ ਚੇਤੰਨ ਹੋਣ ਦੀ ਲੋੜ ਹੈ, ਤਾਂ ਕਿ ਉਹ ਬੇਝਿਜਕ ਹੋ ਕੇ ਸਮਾਜ 'ਚ ਵਿਚਰ ਸਕਣ।

# ਬਾਲੀਵੁੱਡ ਦਾ ਚਮਤਕਾਰੀ ਨਿਰਦੇਸ਼ਕ, ਜਿਸ ਦੀ ਹਰੇਕ ਫਿਲਮ ਸੁਪਰ-ਡੁਪਰ ਹਿੱਟ ਹੁੰਦੀ ਹੈ





ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)

ਬਾਲੀਵੁੱਡ ਦੇ ਹੁਣ ਤੱਕ ਦੇ ਇਤਿਹਾਸ ਵਿਚ ਸਿਰਫ ਰਾਜ ਕੁਮਾਰ ਹੀਰਾਨੀ ਉਰਫ ਰਾਜੂ ਹੀਰਾਨੀ ਹੀ ਇੱਕ ਅਜਿਹਾ ਫਿਲਮ ਨਿਰਦੇਸ਼ਕ ਹੈ, ਜਿਸ ਦੀ ਕਦੇ ਵੀ ਕੋਈ ਫਿਲਮ ਫਲਾਪ ਨਹੀਂ ਹੋਈ। ਰਾਜੂ ਹੀਰਾਨੀ ਦਾ ਜਨਮ 20 ਨਵੰਬਰ, 1962 ਨੂੰ ਮਹਾਰਾਸ਼ਟਰ ਦੇ ਸ਼ਹਿਰ ਨਾਗਪੁਰ ਵਿਖੇ ਇੱਕ ਮੱਧ ਵਰਗੀ ਸਿੰਧੀ ਪਰਿਵਾਰ ਵਿਚ ਹੋਇਆ ਸੀ। ਹੀਰਾਨੀ ਦਾ ਪਿਤਾ ਸੁਰੇਸ਼ ਹੀਰਾਨੀ ਇੱਕ ਟਾਈਪਿੰਗ ਇੰਸਟੀਚਿਊਟ ਚਲਾਉਂਦਾ ਸੀ। ਉਸ ਨੇ ਨਾਗਪੁਰ ਤੋਂ ਕਾਮਰਸ ਵਿਚ ਗ੍ਰੈਜੂਏਸ਼ਨ ਕੀਤੀ ਤੇ ਉਸ ਤੋਂ ਬਾਅਦ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਪੂਨਾ ਤੋਂ ਫਿਲਮ ਨਿਰਦੇਸ਼ਨ ਵਿਚ ਡਿਪਲੋਮਾ ਹਾਸਲ ਕੀਤਾ। ਡਿਪਲੋਮਾ ਕਰਨ ਤੋਂ ਬਾਅਦ ਉਹ ਮੁੰਬਈ ਚਲਾ ਗਿਆ ਤੇ ਫਿਲਮ ਨਿਰਦੇਸ਼ਨ ਦੇ ਖੇਤਰ ਵਿਚ ਸੰਘਰਸ਼ ਕਰਨ ਲੱਗ ਪਿਆ। ਪਰ ਜਦੋਂ ਉਸ ਨੂੰ ਸਫਲਤਾ ਨਾ ਮਿਲੀ, ਤਾਂ ਉਹ ਵੱਖ-ਵੱਖ ਕੰਪਨੀਆਂ ਵਾਸਤੇ ਐਡਾਂ ਬਣਾਉਣ ਲੱਗ ਪਿਆ।


ਇਸ ਖੇਤਰ ਵਿਚ ਉਸ ਨੂੰ ਅਪਾਰ ਸਫਲਤਾ ਮਿਲੀ। ਉਸ ਨੇ ਮਾਰੂਤੀ ਸਜ਼ੂਕੀ, ਮਹਿੰਦਰਾ, ਲੌਰੀਅਲ ਸ਼ੈਂਪੂ, ਕਾਈਨੈਟਿਕ ਹਾਂਡਾ, ਫੇਵੀਕੋਲ, ਟੌਇਟਾ ਅਤੇ ਟਾਟਾ ਸਫਾਰੀ ਆਦਿ ਵਰਗੇ ਭਾਰਤ ਦੇ ਪ੍ਰਸਿੱਧ ਬਰਾਂਡਾਂ ਵਾਸਤੇ ਐਡਾਂ ਤਿਆਰ ਕੀਤੀਆਂ। ਉਹ ਇਸ ਖੇਤਰ ਵਿਚ ਕਮਾਲ 'ਤੇ ਕਮਾਲ ਕਰ ਰਿਹਾ ਸੀ ਪਰ ਉਸ ਦੀ ਆਤਮਾ ਫਿਲਮ ਨਿਰਦੇਸ਼ਨ ਵੱਲ ਭਟਕ ਰਹੀ ਸੀ। ਉਸ ਨੇ ਆਪਣੀ ਐਡ ਕੰਪਨੀ ਕੁਝ ਦੇਰ ਲਈ ਆਪਣੇ ਦੋਸਤ ਅਤੇ ਪਾਰਟਨਰ ਕੇਸਰ ਬਵਾਨਾ ਦੇ ਹਵਾਲੇ ਕੀਤੀ ਤੇ ਖੁਦ ਉਸ ਸਮੇਂ ਦੇ ਪ੍ਰਸਿੱਧ ਨਿਰਮਾਤਾ ਨਿਰਦੇਸ਼ਕ ਵਿੱਧੂ ਵਿਨੋਦ ਚੋਪੜਾ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਤੱਕ ਉਹ ਐਡ ਨਿਰਮਾਣ ਖੇਤਰ ਵਿਚ ਵੱਡਾ ਨਾਮ ਬਣ ਚੁੱਕਾ ਸੀ, ਇਸ ਲਈ ਚੋਪੜਾ ਨੇ ਉਸ ਨੂੰ ਹੱਥੋ-ਹੱਥ ਲਿਆ ਤੇ ਆਪਣੀਆਂ ਫਿਲਮਾਂ ਦੀ ਐਡੀਟਿੰਗ ਦਾ ਜ਼ਿੰਮਾ ਸੌਂਪ ਦਿੱਤਾ। ਉਸ ਨੇ ਸਭ ਤੋਂ ਪਹਿਲਾਂ ਚੋਪੜਾ ਦੀ ਫਿਲਮ ਮਿਸ਼ਨ ਕਸ਼ਮੀਰ (2000) ਲਈ ਐਡਿਟਿੰਗ ਕੀਤੀ, ਜੋ ਹਿੱਟ ਰਹੀ। ਪਰ ਹੀਰਾਨੀ ਐਡੀਟਿੰਗ ਦੇ ਖੇਤਰ ਨਾਲ ਬੱਝਣਾ ਨਹੀਂ ਸੀ ਚਾਹੁੰਦਾ।

ਉਸ ਨੇ ਇੱਕ ਸਾਲ ਦਾ ਸਮਾਂ ਲਗਾ ਕੇ ਮੁੰਨਾ ਭਾਈ ਐੱਮ.ਬੀ.ਬੀ.ਐੱਸ. ਦੀ ਸਟੋਰੀ ਅਤੇ ਸਕਰਿਪਟ ਲਿਖਿਆ ਤੇ ਵਿੱਧੂ ਵਿਨੋਦ ਚੋਪੜਾ ਨੂੰ ਇਸ ਫਿਲਮ ਲਈ ਫਾਇਨੈਂਸ ਕਰਨ ਦੀ ਬੇਨਤੀ ਕੀਤੀ। ਪਰ ਚੋਪੜਾ ਨੂੰ ਇਸ ਫਿਲਮ ਦੀ ਕਹਾਣੀ ਐਨੀ ਪਸੰਦ ਆਈ ਕਿ ਉਸ ਨੇ ਖੁਦ ਫਿਲਮ ਪ੍ਰੋਡਿਊਸ ਕਰਨ ਦਾ ਫੈਸਲਾ ਕੀਤਾ ਤੇ ਹੀਰਾਨੀ ਨੂੰ ਡਾਇਰੈਕਸ਼ਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਹ ਫਿਲਮ 2003 ਵਿਚ ਰਿਲੀਜ਼ ਹੋਈ ਤੇ ਇਸ ਨੇ ਟਿਕਟ ਖਿੜਕੀ 'ਤੇ ਤਹਿਲਕਾ ਮਚਾ ਦਿੱਤਾ। ਇਸ ਫਿਲਮ ਨੇ 45 ਕਰੋੜ ਰੁਪਏ ਕਮਾਏ, ਜੋ ਉਸ ਸਮੇਂ ਕਿਸੇ ਅਚੰਭੇ ਤੋਂ ਘੱਟ ਨਹੀਂ ਸਨ। ਇਸ ਫਿਲਮ ਦੀ ਅਪਾਰ ਸਫਲਤਾ ਨੇ ਹੀਰਾਨੀ ਦਾ ਨਾਮ ਸਾਰੇ ਬਾਲੀਵੁੱਡ ਵਿਚ ਪ੍ਰਸਿੱਧ ਕਰ ਦਿੱਤਾ। ਇਸ ਫਿਲਮ ਨੂੰ ਨੈਸ਼ਨਲ ਅਵਾਰਡ, ਫਿਲਮ ਫੇਅਰ ਕਰਿਟਿਕ ਅਵਾਰਡ ਅਤੇ ਫਿਲਮ ਫੇਅਰ ਅਵਾਰਡ ਫਾਰ ਬੈਸਟ ਸਕਰੀਨ ਪਲੇਅ ਮਿਲਿਆ ਤੇ ਹੀਰਾਨੀ ਨੂੰ ਬੈਸਟ ਡਾਇਰੈਕਟਰ ਦਾ ਅਵਾਰਡ ਮਿਲਿਆ। ਭਾਰਤੀ ਫਿਲਮ ਇੰਡਸਟਰੀ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਡਾਇਰੈਕਟਰ ਨੂੰ ਆਪਣੀ ਪਲੇਠੀ ਫਿਲਮ ਵਾਸਤੇ ਐਨੇ ਚੋਟੀ ਦੇ ਅਵਾਰਡ ਮਿਲੇ ਸਨ।

ਮੁੰਨਾ ਭਾਈ ਐੱਮ.ਬੀ.ਬੀ.ਐੱਸ. ਤੋਂ ਬਾਅਦ ਹੀਰਾਨੀ ਨੇ 2006 ਵਿਚ ਲਗੇ ਰਹੋ ਮੁੰਨਾ ਭਾਈ ਤੇ 2009 ਵਿਚ ਥਰੀ ਇਡੀਅਟਸ ਫਿਲਮਾਂ ਨਿਰਦੇਸ਼ਿਤ ਕੀਤੀਆਂ ਤੇ ਇਹ ਦੋਵੇਂ ਫਿਲਮਾਂ ਆਪਣੀ ਰਿਲੀਜ਼ ਦੇ ਸਾਲ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਫਿਲਮਾਂ ਸਾਬਤ ਹੋਈਆਂ। ਲਗੇ ਰਹੋ ਮੁੰਨਾ ਭਾਈ ਨੇ 72 ਕਰੋੜ ਅਤੇ ਥਰੀ ਇਡੀਅਟਜ਼ ਨੇ 83 ਕਰੋੜ ਦੀ ਕਮਾਈ ਕੀਤੀ। ਦੋਵਾਂ ਫਿਲਮਾਂ ਨੂੰ ਨੈਸ਼ਨਲ ਅਵਾਰਡ ਫਾਰ ਬੈਸਟ ਪਾਪੂਲਰ ਫਿਲਮ, ਫਿਲਮ ਫੇਅਰ ਅਵਾਰਡ ਫਾਰ ਬੈਸਟ ਫਿਲਮ, ਬੈਸਟ ਸਕਰੀਨ ਪਲੇਅ ਅਤੇ ਬੈਸਟ ਡਾਇਰੈਕਟਰ ਦੇ ਅਵਾਰਡ ਹਾਸਲ ਹੋਏ। 2014 ਵਿਚ ਆਈ ਪੀ.ਕੇ. ਫਿਲਮ ਨੇ ਤਾਂ ਉਸ ਦਾ ਨਾਮ ਵਿਦੇਸ਼ਾਂ ਤੱਕ ਪ੍ਰਸਿੱਧ ਕਰ ਦਿੱਤਾ। ਇਸ ਫਿਲਮ ਨੇ 103 ਕਰੋੜ ਰੁਪਏ ਕਮਾਏ ਤੇ ਉਹ ਸਾਲ 2014 ਦੀ ਸਭ ਤੋਂ ਵੱਧ ਕਮਾਈ ਵਾਲੀ ਫਿਲਮ ਬਣ ਗਈ। 100 ਕਰੋੜ ਦੀ ਕਮਾਈ ਕਰਨ ਵਾਲੀ ਇਹ ਪਹਿਲੀ ਭਾਰਤੀ ਫਿਲਮ ਸੀ। 2018 ਵਿਚ ਉਸ ਨੇ ਸੰਜੇ ਦੱਤ ਦੀ ਜ਼ਿੰਦਗੀ 'ਤੇ ਆਧਾਰਿਤ ਫਿਲਮ ਸੰਜੂ ਬਣਾਈ, ਜੋ ਸੁਪਰ ਹਿੱਟ ਰਹੀ ਤੇ ਇਸ ਨੇ 67 ਕਰੋੜ ਰੁਪਏ ਦੀ ਕਮਾਈ ਕੀਤੀ। ਇਨ੍ਹਾਂ ਦੋਵਾਂ ਫਿਲਮਾਂ ਨੇ ਵੀ ਬੈਸਟ ਫਿਲਮ ਅਤੇ ਬੈਸਟ ਡਾਇਰੈਕਟਰ ਦਾ ਫਿਲਮ ਫੇਅਰ ਅਵਾਰਡ ਜਿੱਤਿਆ ਅਤੇ ਪੀ.ਕੇ. ਨੇ ਫਿਲਮ ਫੇਅਰ ਬੈਸਟ ਸਕਰੀਨ ਪਲੇਅ ਅਵਾਰਡ ਵੀ ਜਿੱਤਿਆ। ਪੀ.ਕੇ. ਅਤੇ ਥਰੀ ਇਡੀਅਟਸ ਭਾਰਤ ਦੇ ਫਿਲਮੀ ਇਤਿਹਾਸ ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਕ੍ਰਮਵਾਰ ਪੰਜਵੇਂ ਅਤੇ ਸੱਤਵੇਂ ਨੰਬਰ ਦੀਆਂ ਫਿਲਮਾਂ ਹਨ। ਪੀ.ਕੇ. ਕਮਾਈ ਕਰਨ ਦੇ ਹਿਸਾਬ ਨਾਲ ਵਿਸ਼ਵ ਦੀ ਸੱਤਰਵੇਂ ਨੰਬਰ ਦੀ ਫਿਲਮ ਹੈ।

ਅੱਜਕੱਲ੍ਹ ਹੀਰਾਨੀ ਸ਼ਾਹਰੁੱਖ ਖਾਨ ਨੂੰ ਹੀਰੋ ਲੈ ਕੇ ਡੰਕੀ ਨਾਮ ਦੀ ਫਿਲਮ ਬਣਾ ਰਿਹਾ ਹੈ। ਲੱਗਦਾ ਹੈ ਕਿ ਇਹ ਫਿਲਮ ਵੀ ਬਾਕੀ ਫਿਲਮਾਂ ਵਾਂਗ ਸੁਪਰ ਹਿੱਟ ਹੀ ਜਾਵੇਗੀ। ਰਾਜ ਕੁਮਾਰ ਹੀਰਾਨੀ ਪ੍ਰਸਿੱਧ ਕਾਮੇਡੀਅਨ ਬੋਮਨ ਈਰਾਨੀ ਨੂੰ ਆਪਣੇ ਲਈ ਲੱਕੀ ਸਮਝਦਾ ਹੈ, ਉਸ ਨੂੰ ਆਪਣੀ ਹਰੇਕ ਫਿਲਮ ਵਿਚ ਅਹਿਮ ਰੋਲ ਦਿੰਦਾ ਹੈ।

# ਡਾ. ਦਿਲਗੀਰ ਦੀ ਇਤਿਹਾਸਕਾਰੀ-2




ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
(Punjab Mail USA)



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਇਸ ਸਾਲ (555 ਨ: ਸ:) ਦੇ ਕੈਲੰਡਰ ਵਿਚ, 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' 25 ਜੇਠ (8 ਜੂਨ) ਦਾ ਦਰਜ ਹੈ। ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਇਸ ਦਿਨ ਹਾੜ ਵਦੀ 5 ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਿਹਾੜਾ ਮਨਾਇਆ ਤਾਂ ਚੰਦ ਦੇ ਕੈਲੰਡਰ ਦੇ ਮੁਤਾਬਕ ਹਾੜ ਵਦੀ 5 ਨੂੰ ਗਿਆ ਹੈ, ਪਰ ਦਰਜ ਪ੍ਰਵਿਸ਼ਟਿਆਂ (25 ਜੇਠ) ਵਿਚ ਕੀਤਾ ਹੈ। ਅਗਲੇ ਸਾਲ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿਚ ਇਹ ਦਿਹਾੜਾ ਹਾੜ ਵਦੀ 5 ਮੁਤਾਬਕ 12 ਹਾੜ (26 ਜੂਨ) ਦਾ ਦਰਜ ਹੋਵੇਗਾ। ਹੁਣ ਇਹ ਦਿਹਾੜਾ 383 ਦਿਨਾਂ ਪਿੱਛੋਂ ਆਵੇਗਾ, ਜਦੋਂ ਕਿ ਸਾਲ ਵਿਚ 365 ਦਿਨ ਹੁੰਦੇ ਹਨ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਹ ਤਾਰੀਖ ਇਸ ਤਰ੍ਹਾਂ ਦਰਜ ਹੈ;

"ਹਾੜ ਪੰਚ ਪੰਚਵੀ ਜਾਨੁ, ਸ੍ਰੀ ਗੁਰ ਉੱਦਮ ਕੀਨ ਮਹਾਨ।" (ਵੇਦਾਂਤੀ ਵਾਲੀ, ਪੰਨਾ : 210)

ਇਥੇ ਸਿਰਫ "ਹਾੜ ਪੰਚਵੀ" ਦਰਜ ਹੈ। ਪਰ 'ਹਾੜ ਪੰਚਵੀ' ਕਿਹੜੀ, ਭਾਵ ਵਦੀ ਜਾਂ ਸੁਦੀ? ਇਹ ਵੇਰਵਾ ਨਹੀਂ ਹੈ। ਡਾ. ਦਿਲਗੀਰ ਇਸ ਨੂੰ ਹਾੜ ਸੁਦੀ 5 ਮੰਨਦਾ ਹੈ।

ਡਾ. ਦਿਲਗੀਰ ਜੀ ਲਿਖਦੇ ਹਨ, "ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਲੇਖਕ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖਤ ਸਾਹਿਬ ਨੂੰ ਹਾੜ ਸੁਦੀ ਪੰਜ, 1663 ਬਿਕ੍ਰਮੀ, ਵੀਰਵਾਰ ਦੇ ਦਿਨ ਪ੍ਰਗਟ ਕੀਤਾ ਸੀ। ਬਿਕ੍ਰਮੀ ਦੀ ਇਹ ਤਾਰੀਖ ਕੌਮਾਂਤਰੀ (ਗਰੈਗੋਰੀਅਨ) ਕੈਲੰਡਰ ਮੁਤਾਬਿਕ 15 ਜੂਨ 1606 ਬਣਦੀ ਹੈ। ਪਰ ਇਹ ਤਾਰੀਖ ਸਹੀ ਨਹੀਂ ਜਾਪਦੀ, ਕਿਉਂਕਿ ਹਾੜ ਸੁਦੀ 5 ਸੰਮਤ 1663 ਦੇ ਦਿਨ ਐਤਵਾਰ ਸੀ, ਵੀਰਵਾਰ ਨਹੀ"। (ਅਕਾਲ ਤਖਤ ਸਾਹਿਬ, ਫ਼ਲਸਫ਼ਾ ਅਤੇ ਤਵਾਰੀਖ਼, ਚੌਥੀ ਐਡੀਸ਼ਨ, ਪੰਨਾ : 20)

ਡਾ. ਦਿਲਗੀਰ ਦਾ ਇਹ ਲਿਖਣਾ ਕਿ, "ਕਿਉਂਕਿ ਹਾੜ ਸੁਦੀ 5 ਸੰਮਤ 1663 ਦੇ ਦਿਨ ਐਤਵਾਰ ਸੀ ਵੀਰਵਾਰ ਨਹੀ", ਸਹੀ ਨਹੀਂ ਹੈ। ਹਾੜ ਸੁਦੀ 5 ਸੰਮਤ 1663 ਨੂੰ ਦਿਨ ਸੋਮਵਾਰ ਸੀ। "ਬਿਕ੍ਰਮੀ ਦੀ ਤਾਰੀਖ ਕੌਮਾਂਤਰੀ (ਗਰੈਗੋਰੀਅਨ) ਕੈਲੰਡਰ ਮੁਤਾਬਿਕ 15 ਜੂਨ 1606 ਬਣਦੀ ਹੈ" ਮੁੱਢੋਂ ਹੀ ਗਲਤ ਹੈ। ਜੇ ਹਾੜ ਸੁਦੀ 5 ਸੰਮਤ 1663 ਬਿ: ਨੂੰ, ਗਰੈਗੋਰੀਅਨ ਕੈਲੰਡਰ ਵਿਚ ਬਦਲੀ ਕਰੀਏ, ਤਾਂ ਇਹ 10 ਜੁਲਾਈ 1606 ਈ: (ਸੋਮਵਾਰ) ਬਣਦੀ ਹੈ।

ਅੰਗਰੇਜ਼ੀ ਕੈਲੰਡਰ, ਆਪਣੇ ਦੇਸ਼ ਵਿਚ ਅੰਗਰੇਜਾਂ ਨਾਲ ਹੀ ਆਇਆ ਸੀ। ਇੰਗਲੈਂਡ ਨੇ ਜੂਲੀਅਨ ਕੈਲੰਡਰ ਦੀ ਸੋਧ (4 ਅਕਤੂਬਰ 1582 ਈ:) ਨੂੰ 2 ਸਤੰਬਰ 1752 ਈ: ਵਿਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿਚ ਜੂਲੀਅਨ ਨਹੀਂ, ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਅੰਗਰੇਜ਼ਾਂ ਨੇ ਆਪਣੀ ਲੋੜ ਅਨੁਸਾਰ 2 ਸਤੰਬਰ 1752 ਈ: ਤੋਂ ਪਹਿਲੀਆਂ, ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਨੂੰ ਜੂਲੀਅਨ ਵਿਚ ਹੀ ਬਦਲੀ ਕੀਤਾ ਜਾਂ ਕਰਵਾਇਆ ਸੀ। ਉਪਰੋਕਤ ਵਰਨਣ ਤਾਰੀਖ 1752 ਈ: ਤੋਂ ਪਹਿਲਾ ਦੀ ਹੈ। ਇਸ ਲਈ ਇਹ ਜੂਲੀਅਨ ਵਿਚ ਬਦਲੀ ਕਰਨੀ ਪਵੇਗੀ। ਹੁਣ ਜੇ ਡਾ. ਦਿਲਗੀਰ ਵੱਲੋਂ ਲਿਖੀ ਗਈ 15 ਜੂਨ 1606 ਈ: (ਗਰੈਗੋਰਿਅਨ) ਨੂੰ ਜੂਲੀਅਨ ਕੈਲੰਡਰ ਦੀ ਤਾਰੀਖ ਮੰਨ ਲਈਏ, ਤਾਂ ਇਹ 18 ਹਾੜ, ਹਾੜ ਵਦੀ 5 ਸੰਮਤ 1663 ਬਿਕ੍ਰਮੀ ਬਣਦੀ ਹੈ। ਇਸ ਦਿਨ ਐਤਵਾਰ ਸੀ, ਜੋ ਸਹੀ ਤਾਰੀਖ ਹੈ। ਇਥੋਂ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਡਾ. ਦਿਲਗੀਰ, ਵਦੀ-ਸੁਦੀ ਵਿਚ ਹੀ ਨਹੀਂ ਉਲਝਿਆ, ਉਹ ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦੇ ਅੰਤਰ ਨੂੰ ਵੀ ਸਮਝਣ ਤੋਂ ਅਸਮਰੱਥ ਹੈ।

ਡਾ. ਦਿਲਗੀਰ ਅੱਗੇ ਲਿਖਦਾ ਹੈ, "ਗੁਰੂ ਅਰਜਨ ਸਾਹਿਬ ਨੂੰ 1606 ਵਿਚ, 25 ਮਈ ਦੇ ਦਿਨ, ਗ੍ਰਿਫਤਾਰ ਕਰਕੇ 30 ਮਈ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਦੇ 15 ਦਿਨ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਕਾਲ ਤਖਤ ਪ੍ਰਗਟ ਕਰਦਾ ਦੱਸਿਆ ਗਿਆ ਹੈ"। (ਪੰਨਾ ਉਹੀ) 30 ਮਈ 1606 ਜੂਲੀਅਨ ਮੁਤਾਬਕ ਗੁਰੂ ਜੀ ਦੀ ਸ਼ਹੀਦੀ 2 ਹਾੜ, ਜੇਠ ਸੁਦੀ 4 ਸੰਮਤ 1663 ਬਿ: ਨੂੰ ਹੋਈ ਸੀ। ਇਹ ਸਹੀ ਤਾਰੀਖ ਹੈ। ਡਾ. ਦਿਲਗੀਰ ਦੀ ਲਿਖਤ ਮੁਤਾਬਕ, 30 ਮਈ ਤੋਂ 15 ਦਿਨ ਮਗਰੋਂ ਹਾੜ ਸੁਦੀ 5 ਆਈ ਸੀ। ਇਥੇ ਡਾ. ਦਿਲਗੀਰ ਫੇਰ ਟਪਲਾ ਖਾ ਗਿਆ। 30 ਮਈ/ਜੇਠ ਸੁਦੀ 4 ਤੋਂ 15 ਦਿਨ ਪਿੱਛੋਂ ਹਾੜ ਵਦੀ 4 ਆਈ ਸੀ, ਨਾ ਕਿ ਹਾੜ ਸੁਦੀ 5, ਹਾੜ ਸੁਦੀ 5 ਤਾਂ 30 ਜੂਨ ਦਿਨ ਸੋਮਵਾਰ ਨੂੰ ਸੀ। 30 ਜੂਨ, 30 ਮਈ ਤੋਂ 31 ਦਿਨ ਪਿੱਛੋਂ ਆਉਂਦੀ ਹੈ, ਨਾ ਕਿ 15 ਦਿਨ ਪਿੱਛੋਂ। ਇਹ ਹੈ 80 ਕਿਤਾਬਾਂ ਦੇ ਲੇਖਕ ਇਤਿਹਾਸਕਾਰ ਦਾ ਕੈਲੰਡਰ ਸਬੰਧੀ ਗਿਆਨ।

ਡਾ. ਦਿਲਗੀਰ ਜੀ ਆਪਣੀ ਦੂਜੀ ਐਡੀਸ਼ਨ ਵਿਚ ਲਿਖਦੇ ਹਨ, "ਨੋਟ:- 15 ਜੂਨ 1606 ਦੀ ਤਾਰੀਖ ਪ੍ਰੋ: ਹਰਬੰਸ ਸਿੰਘ (ਪਟਿਆਲਾ) ਵਾਲਿਆਂ ਦਿੱਤੀ ਹੈ। ਮੈਂ ਆਪਣੀ ਅੰਗਰੇਜ਼ੀ ਕਿਤਾਬ "ਦ ਅਕਾਲ ਤਖਤ" ਵਿਚ ਹਾੜ ਸੁਦੀ 5 (1606) ਲਿਖੀ ਹੈ। ਪ੍ਰੋ: ਹਰਬੰਸ ਸਿੰਘ ਜੀ ਦੀ ਤਾਰੀਖ ਦੇ ਦਿਨ ਸ਼ੁਕਰਵਾਰ ਬਣਦਾ ਹੈ। ਸੋ ਹੋ ਸਕਦਾ ਹੈ ਕਿ ਹਾੜ ਸੁਦੀ 5 ਨੂੰ 17 ਜੂਨ ਬਣਦੀ ਹੋਵੇ। ਕਿਤਾਬ ਦੀ ਅਗਲੀ ਐਡੀਸ਼ਨ ਤੱਕ ਦੇਸੀ ਤਾਰੀਖ ਅਤੇ ਅੰਗਰੇਜ਼ੀ ਤਾਰੀਖ ਦਾ ਨਿਬੇੜਾ ਹੋ ਜਾਵੇਗਾ। ਪਰ ਹਾਲ ਦੀ ਘੜੀ 15/17 ਜੂਨ ਜਾਂ ਘੱਟੋ ਘੱਟ ਹਾੜ ਸੁਦੀ 5 ਹੀ ਠੀਕ ਹੈ।...ਉਪਰਲੇ ਸਾਰੇ ਵਿਚਾਰ ਤੋਂ ਇਕ ਗੱਲ ਸਾਫ਼ ਲੱਗਦੀ ਹੈ ਕਿ ਸੋਹਣ ਕਵੀ, ਜਿਸ ਨੇ 1718 'ਚ ਕਿਤਾਬ ਲਿਖੀ ਸਭ ਤੋਂ ਪੁਰਾਣਾ ਸੋਮਾ ਹੈ, ਦੀ ਤਾਰੀਖ ਪੰਜ ਹਾੜ ਸੰਮਤ 1663 (1606 ਸੰਨ) ਹੀ ਹੋਵੇਗੀ"। (ਪੰਨਾ 12-13)

ਇਸ ਤੋਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਡਾ. ਦਿਲਗੀਰ ਨੂੰ ਕੈਲੰਡਰ ਬਾਰੇ ਮੁੱਢਲੀ ਜਾਣਕਾਰੀ ਨਹੀਂ ਹੈ। ਹਾਂ! ਇਕ ਗੱਲ, ਇਸ ਕਿਤਾਬ ਵਿਚ (ਦੂਜੀ ਐਡੀਸ਼ਨ) ਬੜੀ ਦਿਲਚਸਪ ਹੈ। ਉਹ ਹੈ, 'ਕਿਸੇ ਪਟਿਆਲੇ ਵਾਲੇ ਭਾਈ' ਦਾ ਜ਼ਿਕਰ। ਡਾ. ਦਿਲਗੀਰ ਜੀ ਲਿਖਦੇ ਹਨ, "ਉਹ ਭਾਈ ਜੀ ਅੰਗਰੇਜ਼ੀ ਦਾ ਚੰਗਾ ਵਾਕਿਫ਼ ਨਾ ਹੋਣ ਕਰ ਕੇ ਸਾਬਿਤ ਕਰਦੇ ਹਨ ਕਿ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੀ ਨੀਂਹ ਰੱਖਣ ਦੇ ਦਿਨ ਵਾਲੀ ਗੱਲ ਸਮਝ ਨਹੀਂ ਪਈ। ਚਲੋ, ਕੋਈ ਗੱਲ ਨਹੀਂ ਲਿਖਤਾਂ ਚੋਰੀ ਹੁੰਦੀਆਂ ਰਹਿੰਦੀਆਂ ਹਨ" (ਪੰਨਾ : 7)

ਡਾ. ਦਿਲਗੀਰ ਜੀ, ਅਕਾਲ ਤਖਤ ਸਾਹਿਬ ਦੀ ਨੀਂਹ ਰੱਖਣ ਦੇ ਦਿਨ ਵਾਲੀ ਗੱਲ ਨਾ ਸਮਝ ਪੈਣ ਬਾਰੇ ਤਾਂ, ਮੈਂ ਵੀ 'ਪਟਿਆਲੇ ਵਾਲੇ ਭਾਈ' ਨਾਲ ਸਹਿਮਤ ਹਾਂ। ਭਲਾ ਆਹ ਕਿਹੜੀ ਤਾਰੀਖ ਹੋਈ "ਹਾੜ ਸੁਦੀ 5 (1606)"। ਇਸ ਦਾ ਭਾਵ ਹੈ ਹਾੜ ਸੁਦੀ 5, ਸੰਮਤ 1606 ਬਿਕ੍ਰਮੀ। ਤਾਰੀਖ ਚੰਦ ਦੀ ਸਾਲ ਅੰਗਰੇਜ਼ੀ, ਵਾਹ ਭਾਈ ਜੀ ਵਾਹ! ਤੁਹਾਡਾ ਇਹ ਲਿਖਣਾ ਵੀ, "ਪ੍ਰੋ: ਹਰਬੰਸ ਸਿੰਘ ਜੀ ਦੀ ਤਾਰੀਖ ਦੇ ਦਿਨ ਸ਼ੁਕਰਵਾਰ ਬਣਦਾ ਹੈ", ਸਹੀ ਨਹੀਂ ਹੈ। ਪ੍ਰੋ: ਹਰਬੰਸ ਸਿੰਘ ਵਾਲੀ ਤਾਰੀਖ, 15 ਜੂਨ 1606 ਈ: ਨੂੰ ਦਿਨ ਐਤਵਾਰ ਸੀ। "ਸੋ ਹੋ ਸਕਦਾ ਹੈ ਕਿ ਹਾੜ ਸੁਦੀ 5 ਨੂੰ 17 ਜੂਨ ਬਣਦੀ ਹੋਵੇ" ਬਾਰੇ ਬੇਨਤੀ ਹੈ ਕਿ ਹਾੜ ਸੁਦੀ 5 ਨੂੰ 30 ਜੂਨ ਸੀ ਅਤੇ " ਪੰਜ ਹਾੜ ਸੰਮਤ 1663" ਵਾਲੇ ਦਿਨ 2 ਜੂਨ, 1606 ਈ: ਦਿਨ ਸੋਮਵਾਰ ਸੀ।

ਹੁਣ ਜਦੋਂ 'ਪਟਿਆਲੇ ਵਾਲੇ ਭਾਈ' ਦੀ ਗੱਲ ਚੱਲ ਹੀ ਪਈ ਹੈ, ਤਾਂ ਪਾਠਕਾਂ ਦੀ ਦਿਲਚਸਪੀ ਲਈ ਇਕ ਹੋਰ ਜਾਣਕਾਰੀ ਵੀ ਸਾਂਝੀ ਕਰ ਹੀ ਲੈਂਦੇ ਹਾਂ। ਇਹ ਲੇਖ ਲਿਖਣ ਵੇਲੇ ਮੈਂ ਜਦੋਂ ਕਿਤਾਬਾਂ ਫੋਲ ਰਿਹਾ ਸੀ, ਤਾਂ ਜਦੋਂ ਮੈਂ "ਸਿਰੀ ਅਕਾਲ ਤਖਤ ਸਾਹਿਬ-ਇਤਿਹਾਸਕ ਵਿਸ਼ਲੇਸ਼ਣ" ਨਾਮ ਦੀ ਕਿਤਾਬ 'ਤੇ ਪੰਛੀ ਝਾਤ ਪਾਈ, ਤਾਂ ਉਥੇ ਵੀ ਬੜੀ ਦਿਲਚਸਪ ਜਾਣਕਾਰੀ ਮਿਲੀ। 'ਪਟਿਆਲੇ ਵਾਲੇ ਭਾਈ ਜੀ' ਲਿਖਦੇ ਹਨ, "ਪਿਛਲੇ ਸਾਲਾਂ ਵਿਚ ਇਕ ਕਿਸੇ ਹਰਜਿੰਦਰ ਸਿੰਘ ਦਿਲਗੀਰ ਨਾਂ ਦੇ ਲੇਖਕ ਨੇ ਵੀ ਅਕਾਲ ਤਖਤ ਸਾਹਿਬ ਬਾਰੇ ਇਕ ਪੁਸਤਕ ਛਪਵਾਈ ਹੈ, ਜਿਸ ਵਿਚ ਅਕਾਲ ਤਖਤ ਸਾਹਿਬ ਬਾਰੇ ਸਪੱਸ਼ਟ ਕਰਨ ਦੀ ਬਜਾਏ, ਸਗੋਂ ਭੁਲੇਖੇ ਜ਼ਿਆਦਾ ਪਾਏ ਗਏ ਹਨ। ਮਿਸਾਲ ਦੇ ਤੌਰ 'ਤੇ ਸਭ ਤੋਂ ਪਹਿਲਾਂ ਤਾਂ ਇਸ ਵਿਚ ਅਕਾਲ ਤਖਤ ਸਾਹਿਬ ਦੀ ਸਥਾਪਨਾ ਦਾ ਦਿੱਤਾ ਗਿਆ ਸਾਲ (1609 ਈ:) ਹੀ ਗਲਤ ਹੈ। ਦੂਜਾ ਇਸ ਵਿਚ ਲਿਖਿਆ ਗਿਆ ਹੈ ਕਿ ਕੋਈ ਦੇਸ ਰਾਜ ਨਾਂ ਦਾ ਇਕ ਮੋਨਾ ਅਤੇ ਸਹਿਜਧਾਰੀ ਵਿਅਕਤੀ ਵੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਰਿਹਾ ਸੀ"। (ਪੰਨਾ 3) ਚਲੋ, ਆਪਾਂ ਕੀ ਲੈਣਾ ਇਨ੍ਹਾਂ ਗੱਲਾਂ ਤੋਂ। ਅਜਿਹੀ ਨੋਕ-ਝੋਕ ਤਾਂ ਚਲਦੀ ਹੀ ਰਹਿੰਦੀ ਹੈ, ਵੱਡੇ-ਵੱਡੇ ਵਿਦਵਾਨਾਂ ਵਿਚ।

ਡਾ. ਹਰਜਿੰਦਰ ਸਿੰਘ ਦਿਲਗੀਰ ਵੱਲੋਂ 8 ਜੂਨ 2023 ਨੂੰ ਪਾਈ ਗਈ ਇਕ ਪੋਸਟ "ਅਖੌਤੀ ਅਕਾਲ ਤਖ਼ਤ ਦੇ ਮਿਥਹਾਸ ਨੂੰ ਪ੍ਰਚਾਰਨਾ ਬੰਦ ਕਰੋ", ਸਾਂਝੇ ਸੱਜਣਾਂ ਰਾਹੀ ਪ੍ਰਾਪਤ ਹੋਈ ਹੈ। ਜਿਸ ਦੇ 7 ਨੁਕਤਿਆਂ 'ਚ ਦੋ ਨੁਕਤਿਆਂ 'ਤੇ ਵਿਚਾਰ ਕਰਨੀ ਮੈਂ ਜ਼ਰੂਰੀ ਸਮਝਦਾ ਹਾਂ।

ਡਾ. ਦਿਲਗੀਰ ਜੀ ਆਪਣੀ ਇਸ ਪੋਸਟ ਵਿਚ ਲਿਖਦੇ ਹਨ, "ਅੱਜ ਬਹੁਤ ਸਾਰੇ ਫ਼ੇਸਬੁਕੀਏ ਸੱਜਣ "ਅਕਾਲ ਤਖ਼ਤ ਦੀ ਸਿਰਜਣਾ" ਦੀਆਂ "ਵਧਾਈਆਂ" ਪਾ ਰਹੇ ਹਨ। ਪਹਿਲੀ ਗੱਲ ਤਾਂ ਇਸ ਨਾਲ ਪੁਰੇਵਾਲ ਨਾਰਾਜ਼ ਹੋ ਜਾਵੇਗਾ ਕਿਉਂਕਿ ਇਹ ਤਾਰੀਖ਼ ਤਾਂ ਜੂਲੀਅਨ ਕੈਲੰਡਰ ਦੀ ਹੈ, ਨਾ ਕਿ ਪੁਰੇਵਾਲੀ ਕੈਲੰਡਰ ਦੀ। ਹੋ ਸਕਦਾ ਹੈ ਪੁਰੇਵਾਲ ਦੇ ਜੂਨੀਅਰ ਸਰਬਜੀਤ ਸੈਕਰਾਮੈਂਟੋ ਦਾ "ਬਿਆਨ" ਆ ਵੀ ਚੁੱਕਾ ਹੋਵੇ"।

ਜਿਵੇ ਉੱਪਰ ਪੜ੍ਹ ਚੁੱਕੇ ਹੋ ਕਿ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿਚ ਇਸ ਸਾਲ 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' 25 ਹਾੜ/ 8 ਜੂਨ ਦਾ ਦਰਜ ਹੈ। ਡਾ. ਦਿਲਗੀਰ ਲਿਖਦਾ ਹੈ, ਜੇ ਇਸ ਤਾਰੀਖ 'ਤੇ ਵਧਾਈਆਂ ਦਿੱਤੀਆਂ, ਤਾਂ ਪੁਰੇਵਾਲ ਨਾਰਾਜ਼ ਹੋ ਜਾਵੇਗਾ, "ਕਿਉਂਕਿ ਇਹ ਤਾਰੀਖ਼ ਤਾਂ ਜੂਲੀਅਨ ਕੈਲੰਡਰ ਦੀ ਹੈ, ਨਾ ਕਿ ਪੁਰੇਵਾਲੀ ਕੈਲੰਡਰ ਦੀ"।

ਲਉ ਜੀ, ਡਾ. ਦਿਲਗੀਰ ਦੀ ਖੋਜ ਮੁਤਾਬਕ 8 ਜੂਨ, 2023 ਈ:, ਜੂਲੀਅਨ ਕੈਲੰਡਰ ਦੀ ਤਾਰੀਖ ਹੈ। ਇਹ ਵਿਅਕਤੀ ਪਿਛਲੇ ਦੋ ਦਹਾਕਿਆਂ ਤੋਂ ਸ. ਪਾਲ ਸਿੰਘ ਪੁਰੇਵਾਲ ਦਾ ਵਿਰੋਧ ਕਰ ਰਿਹਾ ਹੈ, ਜਿਸ ਨੂੰ ਵਦੀ-ਸਦੀ ਅਤੇ ਜੂਲੀਅਨ-ਗਰੈਗੋਰੀਅਨ ਦੇ ਫ਼ਰਕ ਦਾ ਵੀ ਨਹੀਂ ਪਤਾ। ਪਹਿਲਾ ਜੂਲੀਅਨ ਦੀ ਤਾਰੀਖ (15 ਜੂਨ) ਨੂੰ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਲਿਖਦਾ ਹੈ, ਹੁਣ 8 ਜੂਨ ਗਰੈਗੋਰੀਅਨ ਨੂੰ ਜੂਲੀਅਨ ਦੀ ਤਾਰੀਖ ਲਿਖ ਰਿਹਾ ਹੈ।

ਡਾ. ਦਿਲਗੀਰ ਜੀ ਅੱਗੇ ਲਿਖਦੇ ਹਨ, "ਹੋ ਸਕਦਾ ਹੈ ਪੁਰੇਵਾਲ ਦੇ ਜੂਨੀਅਰ ਸਰਬਜੀਤ ਸੈਕਰਾਮੈਂਟੋ ਦਾ "ਬਿਆਨ" ਆ ਵੀ ਚੁੱਕਾ ਹੋਵੇ"।

ਡਾ. ਦਿਲਗੀਰ ਜੀ, ਜੇ ਤੁਸੀਂ ਨਾਨਕਸ਼ਾਹੀ ਕੈਲੰਡਰ ਦੇ ਦਰਸ਼ਨ ਕੀਤੇ ਹੁੰਦੇ, ਤਾਂ ਤੁਹਾਨੂੰ ਪਤਾ ਹੋਣਾ ਸੀ ਕਿ ਨਾਨਕਸ਼ਾਹੀ ਕੈਲੰਡਰ ਦੇ ਮਹੀਨੇ ਜਨਵਰੀ-ਫਰਵਰੀ ਨਹੀਂ, ਚੇਤ-ਵੈਸਾਖ ਹਨ। 8 ਜੂਨ ਨਾਨਕਸ਼ਾਹੀ ਕੈਲੰਡਰ ਦੀ ਨਹੀਂ, ਗਰੈਗੋਰੀਅਨ ਕੈਲੰਡਰ ਦੀ ਤਾਰੀਖ ਹੈ, ਜਿਸ ਨੂੰ ਤੁਸੀਂ ਜੂਲੀਅਨ ਕੈਲੰਡਰ ਦੀ ਤਾਰੀਖ ਦੱਸ ਰਹੇ ਹੋ। ਨਾਨਕਸ਼ਾਹੀ ਕੈਲੰਡਰ ਵਿਚ 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' 18 ਹਾੜ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਪਿਛਲੇ ਦਹਾਕੇ ਦੇ ਕੈਲੰਡਰ ਵੇਖ ਲਓ, ਹਰ ਸਾਲ ਇਹ ਦਿਹਾੜਾ ਨਾਨਕਸ਼ਾਹੀ ਕੈਲੰਡਰ ਮੁਤਾਬਕ 18 ਹਾੜ ਦਾ ਹੀ ਦਰਜ ਹੈ।

ਇਸ ਸਾਲ (555 ਨ ਸ) ਇਹ ਦਿਹਾੜਾ 25 ਜੇਠ/8 ਜੂਨ ਦਾ ਦਰਜ ਕਰਨ ਦਾ ਕਾਰਨ, ਮੇਰੇ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ (1 ਚੇਤ, 554 ਨ ਸ) ਨੂੰ ਲਿਖਿਆ ਪੱਤਰ ਹੈ। ਜਿਸ ਵਿਚ ਮੈਂ ਲਿਖਿਆ ਸੀ, "ਸੰਮਤ 552 ਦੇ ਕੈਲੰਡਰ ਨੂੰ ਧਿਆਨ ਨਾਲ ਵੇਖੋ। ਮੀਰੀ-ਪੀਰੀ ਦਾ ਦਿਹਾੜਾ 17 ਹਾੜ ਦਾ ਦਰਜ ਹੈ, ਜਦੋਂਕਿ ਥੜੇ ਦੀ ਉਸਾਰੀ 18 ਹਾੜ ਦੀ ਦਰਜ ਹੈ। ਕੀ ਇਹ ਇਤਿਹਾਸ ਨਾਲ ਖਿਲਵਾੜ ਨਹੀਂ? ਜੇ ਅਜੇ ਵੀ ਨਾ ਜਾਗੇ ਤਾਂ ਧਰਮ ਪ੍ਰਚਾਰ ਕਮੇਟੀ ਨੇ ਅਗਲੇ ਸਾਲ (ਸੰਮਤ 555) ਦੇ ਕੈਲੰਡਰ ਵਿਚ ਮੀਰੀ-ਪੀਰੀ ਦਾ ਦਿਹਾੜਾ, ਥੜੇ ਦੀ ਉਸਾਰੀ (18 ਹਾੜ) ਤੋਂ 4 ਦਿਨ ਪਹਿਲਾ ਦਾ (14 ਹਾੜ) ਦਰਜ ਕਰ ਦੇਣਾ ਹੈ। ਦੱਸੋ, ਨਵੀਂ ਪੀੜ੍ਹੀ ਇਸ ਤੋਂ ਕੀ ਸੇਧ ਲਵੇਗੀ?"

ਮੈਂ ਤਾਂ ਇਹ ਸੋਚਿਆ ਸੀ ਕਿ ਸ਼੍ਰੋਮਣੀ ਕਮੇਟੀ, ਮੀਰੀ-ਪੀਰੀ ਦਾ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ 6 ਸਾਵਣ ਦਾ ਕਰ ਦੇਵੇਗੀ। ਪਰ ਉਨ੍ਹਾਂ ਨੇ 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' ਵਦੀ-ਸੁਦੀ ਮੁਤਾਬਕ, ਹਾੜ ਵਦੀ 5 ਦਾ ਕਰ ਦਿੱਤਾ। ਜੋ ਇਸ ਸਾਲ 8 ਜੂਨ ਨੂੰ ਆਇਆ ਸੀ। ਹੁਣ ਇਹ ਦਿਹਾੜਾ 383 ਦਿਨਾਂ ਪਿੱਛੋਂ 26 ਜੂਨ, 2024 ਈ: ਨੂੰ ਆਵੇਗਾ।

ਡਾ. ਦਿਲਗੀਰ ਜੀ ਦੀ ਪੋਸਟ ਵਿਚੋਂ ਦੂਜਾ ਨੁਕਤਾ, ਉਹ ਹੈ ਇਸ ਪੋਸਟ ਦਾ ਛੇਵਾਂ ਨੁਕਤਾ।

ਡਾ. ਦਿਲਗੀਰ ਜੀ ਲਿਖਦੇ ਹਨ, "ਮੈਂ ਅੱਗੇ ਵੀ ਐਲਾਨ ਕਰ ਚੁੱਕਾ ਹਾਂ ਕਿ ਮੈਂ 5 ਲੱਖ ਰੁਪੈ ਦਾ ਈਨਾਮ ਦੇਵਾਂਗਾ, ਜੋ ਸਾਬਿਤ ਕਰ ਦੇਵੇ ਕਿ ਕਿਸੇ ਗੁਰੂ ਨੇ ਕੋਈ ਤਖ਼ਤ ਬਣਾਇਆ ਸੀ"।

ਮੇਰੇ ਸਾਹਮਣੇ ਡਾ. ਦਿਲਗੀਰ ਜੀ ਦੀ ਕਿਤਾਬ, 'ਅਕਾਲ ਤਖਤ ਸਾਹਿਬ ਫ਼ਲਸਫ਼ਾ ਅਤੇ ਤਵਾਰੀਖ਼" (ਚੌਥੀ ਐਡੀਸ਼ਨ) ਪਈ ਹੈ, ਇਸ ਦੇ ਦੂਜੇ ਅਧਿਆਇ, "ਅਕਾਲ ਤਖਤ ਸਾਹਿਬ ਦਾ ਪ੍ਰਗਟ ਹੋਣਾ" ਵਿਚ ਡਾ. ਦਿਲਗੀਰ ਜੀ ਲਿਖਦੇ ਹਨ,

"ਇਹ ਨੁਕਤਾ ਬੜਾ ਅਹਿਮ ਹੈ ਕਿ ਤਖ਼ਤ ਛੇਵੀਂ ਪਾਤਸ਼ਾਹੀ, ਗੁਰੂ ਹਰਿਗੋਬਿੰਦ ਸਾਹਿਬ (19.6.1590-3.3.1644) ਨੇ ਪ੍ਰਗਟ ਕੀਤਾ ਸੀ ਪਰ ਉਨ੍ਹਾਂ ਨੇ ਇਸ ਨੂੰ ਸਿੱਖਾਂ ਦਾ ਤਖ਼ਤ ਆਖਣ ਦੀ ਬਜਾਇ ਅਕਾਲ ਪੁਰਖ ਦਾ ਤਖ਼ਤ ਕਿਉਂ ਆਖਿਆ?...

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਸਾਹਿਬ ਨੂੰ ਪ੍ਰਗਟ ਕੀਤਾ ਸੀ, ਤਾਂ ਉਨ੍ਹਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ, ਉਨ੍ਹਾਂ ਦੇ ਬੋਲਾਂ, ਉਨ੍ਹਾਂ ਦੀ ਸਿੱਖਿਆ ਦੇ ਮਾਅਨਿਆਂ ਵਿਚ ਹੀ ਪ੍ਰਗਟ ਕੀਤਾ ਸੀ। ... ਇਸੇ ਕਰਕੇ ਛੇਵੇਂ ਪਾਤਿਸ਼ਾਹ ਨੇ ਸਿੱਖ ਦੀ ਵਫ਼ਾਦਾਰੀ ਨੂੰ ਅਕਾਲ ਪੁਰਖ ਦੀ ਵਫ਼ਾਦਾਰੀ ਐਲਾਨਿਆ ਅਤੇ ਗੁਰੂ ਨਾਨਕ ਸਾਹਿਬ ਦੇ ਹੁਕਮ ਹੇਠ ਅਕਾਲ ਪੁਰਖ ਦਾ ਤਖ਼ਤ ਪ੍ਰਗਟ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਤਾਂ ਆਪ ਖ਼ੁਦ ਵੀ ਇਸ ਤਖਤ ਦੇ ਮਾਲਿਕ ਨਹੀਂ ਬਣੇ। ਉਹ ਤਾਂ ਇਸ ਤਖ਼ਤ ਦੇ ਸਰਬਰਾਹ ਸਨ।

ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ, ਇਸ ਕਰਕੇ ਇਸ ਨੂੰ ਬਣਾਉਣ ਵਾਲਾ ਤਾਂ ਵਾਹਿਗੁਰੂ ਆਪ ਹੀ ਹੈ। ਵਾਹਿਗੁਰੂ ਦੇ ਹੁਕਮ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਪ੍ਰਗਟ ਕੀਤਾ ਸੀ ਤੇ ਇਸ ਦੇ ਪ੍ਰਗਟ ਕਰਨ ਦੀ ਰਸਮ ਵਜੋਂ ਤਖ਼ਤ ਸਾਹਿਬ ਦੇ ਥੜ੍ਹਾ ਸਾਹਿਬ ਦੀ ਉਸਾਰੀ ਕਰਵਾਈ ਸੀ। ਅਕਾਲ ਤਖਤ ਸਾਹਿਬ ਦੇ ਥੜ੍ਹੇ ਦਾ ਨੀਂਹ ਪੱਥਰ ਛੇਵੇਂ ਪਾਤਿਸ਼ਾਹ ਨੇ ਆਪ ਰੱਖਿਆ ਸੀ ਅਤੇ ਬਾਕੀ ਦੀ ਸੇਵਾ ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਨਿਭਾਈ ਸੀ"। (ਪੰਨਾ : 19, ਇਹ ਵਾਰਤਾ ਪੰਜਵੀਂ ਐਡੀਸ਼ਨ ਦੇ ਪੰਨਾ : 71 'ਤੇ ਵੀ ਦਰਜ ਹੈ)

ਡਾ. ਦਿਲਗੀਰ ਦੀ ਸ਼ਰਤ, "ਮੈਂ 5 ਲੱਖ ਰੁਪੈ ਦਾ ਈਨਾਮ ਦੇਵਾਂਗਾ, ਜੋ ਸਾਬਿਤ ਕਰ ਦੇਵੇ ਕਿ ਕਿਸੇ ਗੁਰੂ ਨੇ ਕੋਈ ਤਖ਼ਤ ਬਣਾਇਆ ਸੀ", ਮੁਤਾਬਕ ਮੈਂ ਇਨ੍ਹਾਂ ਦੀ ਕਿਤਾਬ 'ਅਕਾਲ ਤਖਤ ਸਾਹਿਬ ਫ਼ਲਸਫ਼ਾ ਅਤੇ ਤਵਾਰੀਖ਼" ਦੇ ਹਵਾਲੇ ਨਾਲ ਹੀ ਇਹ ਸਾਬਿਤ ਕਰ ਦਿੱਤਾ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੀ ਬਣਾਇਆ ਸੀ।

ਡਾ. ਦਿਲਗੀਰ ਨੇ ਪਿਛਲੇ ਸਾਲ (23 ਸਤੰਬਰ 2022) ਵੀ ਚੈਲੰਜ ਕੀਤਾ ਸੀ, "ਮੇਰਾ ਚੈਲੰਜ ਹੈ: ਮੈਂ ਪੰਜ ਲੱਖ ਰੁਪੈ ਦੇਵਾਂਗਾ, ਜੋ ਇਹ ਸਾਬਿਤ ਕਰ ਦੇਵੇ ਕਿ "ਪੁਰੇਵਾਲ ਦਾ ਅਖੌਤੀ ਨਾਨਕਸ਼ਾਹੀ ਕੈਲੰਡਰ ਭਾਰਤੀ ਸ਼ੱਕ ਸੰਮਤ (1957) ਦੀ 100% ਨਕਲ ਨਹੀਂ ਹੈ... ਪੁਰੇਵਾਲ ਦੇ ਭਗਤੋ! ਪੰਜ ਲੱਖ ਰੁਪੈ ਜਿੱਤੋ"।

ਇਸ ਦੇ ਜਵਾਬ ਵਿਚ ਮੈਂ ਇਹ ਲਿਖਿਆ ਸੀ, "ਡਾ. ਦਿਲਗੀਰ ਜੀ, ਮੈਂ ਤੁਹਾਡਾ ਚੈਲੰਜ ਪ੍ਰਵਾਨ ਕਰਦਾ ਹਾਂ। ਤੁਸੀਂ ਤਾਂ ਮੈਨੂੰ ਬਲੌਕ ਕੀਤਾ ਹੋਇਆ ਹੈ, ਇਸ ਵਾਸਤੇ ਮੈਂ ਆਪ ਜੀ ਨੂੰ ਸੱਦਾ ਦਿੰਦਾ ਹਾਂ ਕਿ ਆਓ ਮੇਰੇ ਫੇਸਬੁੱਕ ਪੇਜ ਉੱਪਰ ਲਿਖਣ ਦਾ ਸੱਦਾ ਪ੍ਰਵਾਨ ਕਰੋ, ਤਾਂ ਜੋ ਸਾਰਿਆਂ ਦੇ ਸਾਹਮਣੇ ਤੁਹਾਡੇ ਦਾਵਿਆਂ ਦੀ ਪੜਤਾਲ ਕੀਤੀ ਜਾ ਸਕੇ"। ਪਰ, ਡਾ. ਦਿਲਗੀਰ ਜੀ ਦੜ ਵੱਟ ਗਏ ਸਨ। ਮੈਂ ਆਪਣੇ ਤਜ਼ਰਬੇ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਡਾ. ਹਰਜਿੰਦਰ ਸਿੰਘ ਦਿਲਗੀਰ ਨੇ, ਜਵਾਬ ਹੁਣ ਵੀ ਨਹੀਂ ਦੇਣਾ। ਧੰਨਵਾਦ।

# ਕੀ ਸਰਕਾਰਾਂ ਹੜ੍ਹਾਂ ਤੋਂ ਬਾਅਦ ਦੀਆਂ ਚੁਣੌਤੀ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਲਈ ਤਿਆਰ ਹੈ?

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)





ਹੜ੍ਹ ਇੱਕ ਆਮ ਕੁਦਰਤੀ ਵਾਤਾਵਰਨ ਆਫ਼ਤ ਹੈ, ਜੋ ਹਰ ਸਾਲ ਵਾਪਰਦੀ ਹੈ। ਹਾਲਾਂਕਿ, ਜੋ ਅਸੀਂ ਦੇਖ ਰਹੇ ਹਾਂ ਉਹ ਸਾਲ ਦਰ ਸਾਲ ਹੜ੍ਹਾਂ ਦੀ ਵਧਦੀ ਤੀਬਰਤਾ ਹੈ। ਇਹ ਹੜ੍ਹ ਇਸ ਮਹਾਂਮਾਰੀ ਦੇ ਦੌਰਾਨ ਭਾਰਤ ਵਿਚ ਵਧੇਰੇ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ।

2020 ਵਿਚ ਆਏ ਹੜ੍ਹਾਂ ਨੇ ਭਾਰਤ ਵਿਚ ਬਹੁਤ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕੀਤਾ ਸੀ, ਖਾਸ ਤੌਰ 'ਤੇ ਅਸਾਮ, ਕਰਨਾਟਕ, ਕੇਰਲ, ਮਹਾਰਾਸ਼ਟਰ, ਗੁਜਰਾਤ, ਕੋਲਕਾਤਾ, ਬਿਹਾਰ ਅਤੇ ਹੋਰ ਬਹੁਤ ਸਾਰੇ। ਮੌਜੂਦਾ ਹੜ੍ਹਾਂ ਨੂੰ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ ਮੰਨਿਆ ਜਾਂਦਾ ਹੈ। ਹੁਣ ਹੋ ਰਹੇ ਹੜ੍ਹਾਂ ਨੂੰ 1924 ਵਿਚ ਆਏ ਹੜ੍ਹਾਂ ਨਾਲੋਂ ਵੱਡਾ ਮੰਨਿਆ ਜਾ ਸਕਦਾ ਹੈ।

ਹਾਲ ਹੀ ਵਿਚ, ਭਾਰੀ ਮੀਂਹ ਨੇ ਪੂਰੇ ਉੱਤਰੀ ਭਾਰਤ ਵਿਚ ਹਫੜਾ-ਦਫੜੀ ਮਚਾਈ ਹੋਈ ਹੈ। ਪੰਜਾਬ ਤੋਂ ਇਲਾਵਾ ਜੰਮੂ-ਕਸ਼ਮੀਰ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵੀ ਇਸ ਭਿਆਨਕ ਹੜ੍ਹ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਪਹਿਲਾਂ ਹੀ ਹੋਏ ਵਿਆਪਕ ਨੁਕਸਾਨ ਦਾ ਮੁਲਾਂਕਣ ਕਰਨਾ ਇੱਕ ਬਹੁਤ ਹੀ ਚੁਣੌਤੀਪੂਰਨ ਕੰਮ ਹੈ। ਭਾਰੀ ਹੜ੍ਹਾਂ ਅਤੇ ਬਾਰਸ਼ਾਂ ਨੂੰ ਕੋਈ ਵੀ ਕਾਬੂ ਨਹੀਂ ਕਰ ਸਕਦਾ, ਪਰ ਸਬੰਧਤ ਸਰਕਾਰਾਂ ਲਈ ਸਮੇਂ ਸਿਰ ਅਜਿਹੀਆਂ ਚੁਣੌਤੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਆਪਣੇ ਆਪ ਨੂੰ ਢੁਕਵੇਂ ਰੂਪ ਵਿਚ ਤਿਆਰ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।

ਹਾਲਾਂਕਿ, ਵਿਗੜਦੀ ਸਥਿਤੀ ਨੂੰ ਦੇਖਦੇ ਹੋਏ, ਸਰਕਾਰਾਂ ਨੇ ਆਪਣੇ ਪ੍ਰਸ਼ਾਸਨ ਨੂੰ ਇਸ ਦੇ ਹੱਲ ਲਈ ਹਰ ਸੰਭਵ ਉਪਾਅ ਕਰਨ ਦੀ ਬੇਨਤੀ ਕੀਤੀ ਹੈ। ਮੁੱਖ ਮੰਤਰੀਆਂ ਸਮੇਤ ਉੱਚ ਅਤੇ ਹੇਠਲੇ ਪੱਧਰ ਦੇ ਸਰਕਾਰੀ ਅਧਿਕਾਰੀ ਜ਼ਮੀਨੀ ਪੱਧਰ 'ਤੇ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ ਅਤੇ ਲੋਕਾਂ ਨੂੰ ਭਰੋਸਾ ਦਿਵਾ ਰਹੇ ਹਨ। ਹਾਲਾਂਕਿ, ਇਹ ਵਿਆਪਕ ਤੌਰ 'ਤੇ ਜਾਣਿਆ ਜਾਂਦਾ ਹੈ ਕਿ ਸਬੰਧਤ ਸਰਕਾਰਾਂ ਨੇ ਕੁਝ ਮਹੀਨੇ ਪਹਿਲਾਂ ਰਾਜ ਵਿਚ ਬਰਸਾਤ ਦੇ ਮੌਸਮ ਦੌਰਾਨ ਸੰਭਾਵਿਤ ਸਥਿਤੀਆਂ ਲਈ ਲੋੜੀਂਦੀਆਂ ਤਿਆਰੀਆਂ ਨਹੀਂ ਕੀਤੀਆਂ ਸਨ। ਇਨ੍ਹਾਂ ਤਿਆਰੀਆਂ ਵਿਚ, ਬਰਸਾਤੀ ਨਾਲਿਆਂ ਦੀ ਸਫ਼ਾਈ ਅਤੇ ਸ਼ਹਿਰਾਂ ਵਿਚ ਸੀਵਰੇਜ ਦਾ ਸਹੀ ਪ੍ਰਬੰਧਨ ਸ਼ਾਮਲ ਹੋਣਾ ਚਾਹੀਦਾ ਸੀ। ਹਾਲਾਂਕਿ ਜ਼ਮੀਨੀ ਪੱਧਰ 'ਤੇ ਅਜਿਹੀਆਂ ਤਿਆਰੀਆਂ ਨਹੀਂ ਕੀਤੀਆਂ ਗਈਆਂ ਸਨ। ਉਂਜ ਸਬੰਧਤ ਸਿਆਸੀ ਤੇ ਸਰਕਾਰੀ ਅਧਿਕਾਰੀ ਕਈ ਹੋਰ ਕੰਮਾਂ 'ਤੇ ਲੱਗੇ ਹੋਏ ਸਨ। ਹੁਣ ਜਦੋਂ ਕੌੜੀ ਹਕੀਕਤ ਸਾਡੇ ਸਾਹਮਣੇ ਹੈ, ਤਾਂ ਪ੍ਰਸ਼ਾਸਨ ਨੇ ਆਪਣੀ ਪੂਰੀ ਕੋਸ਼ਿਸ਼ ਕਰਨੀ ਸ਼ੁਰੂ ਕੀਤੀ ਹੋਈ ਹੈ।

ਜ਼ਮੀਨ ਖਿਸਕਣ ਕਾਰਨ ਪਹਾੜਾਂ ਦੀਆਂ ਕਈ ਸੜਕਾਂ ਬੰਦ ਹੋ ਗਈਆਂ ਹਨ। ਦਰਿਆਵਾਂ ਦੇ ਪਾਣੀ ਦੇ ਵਧਦੇ ਪੱਧਰ ਨੇ ਸਾਰੇ ਖੇਤਰਾਂ ਵਿਚ ਤਬਾਹੀ ਮਚਾਈ ਹੋਈ ਹੈ। ਕਈ ਪੁਲਾਂ ਦੀ ਹਾਲਤ ਖਸਤਾ ਹੈ ਤੇ ਕਈ ਆਪਣਾ ਆਪ ਕੁਦਰਤੀ ਆਫ਼ਤ ਅੱਗੇ ਕੁਰਬਾਨ ਹੋ ਚੁੱਕੇ ਹਨ। ਖੇਤਾਂ ਵਿਚ ਝੋਨਾ, ਮੱਕੀ, ਗੰਨੇ ਅਤੇ ਚਾਰੇ ਦੀ ਫ਼ਸਲ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਹੈ। ਭਾਰਤ ਨੇ ਬਾਹਰ ਪ੍ਰਦੇਸ਼ਾਂ ਨੂੰ ਭੇਜੇ ਜਾ ਰਹੇ ਚੌਲ 'ਤੇ ਰੋਕ ਲਗਾ ਦਿੱਤੀ ਹੈ, ਜਿਸ ਕਰਕੇ ਕਈ ਦੇਸ਼ ਇਸ ਦਾ ਸਾਹਮਣਾ ਕਰਨਗੇ, ਅਤੇ ਚੌਲਾ ਦੀਆਂ ਕੀਮਤਾਂ ਅਸਮਾਨੀ ਚੜ੍ਹ ਜਾਣਗੀਆਂ। ਕੈਨੇਡਾ ਵਿਚ ਬਹੁਤ ਸਾਰੇ ਲੋਕਾਂ ਨੇ ਹੁਣ ਤੋਂ ਹੀ ਚੌਲ ਅਤੇ ਤੇਲ ਖਰੀਦ ਕੇ ਸਟੋਰ ਕਰਨੇ ਸ਼ੁਰੂ ਕਰ ਦਿੱਤੇ ਹਨ।

ਇਸ ਤੋਂ ਇਲਾਵਾ, ਗਵਰਨਿੰਗ ਅਧਿਕਾਰੀ ਸ਼ੁਰੂ ਵਿਚ ਡੈਮ ਦੇ ਸ਼ਟਰ ਖੋਲ੍ਹਣ ਤੋਂ ਝਿਜਕਦੇ ਸਨ, ਇਸ ਗੱਲ ਦੇ ਬਾਵਜੂਦ ਕਿ ਡੈਮ ਜਲਦੀ ਹੀ ਆਪਣੀ ਵੱਧ ਤੋਂ ਵੱਧ ਸਟੋਰੇਜ ਸਮਰੱਥਾ ਤੱਕ ਪਹੁੰਚ ਜਾਣਗੇ। ਇਹ ਝਿਜਕ ਉਨ੍ਹਾਂ ਦੀ ਉਮੀਦ ਤੋਂ ਪੈਦਾ ਹੋਈ ਕਿ ਭਾਰੀ ਬਾਰਸ਼ ਆਖਰਕਾਰ ਘੱਟ ਜਾਵੇਗੀ। ਉਨ੍ਹਾਂ ਨੇ ਇਹ ਵੀ ਉਮੀਦ ਕੀਤੀ ਕਿ ਇਨ੍ਹਾਂ ਡੈਮਾਂ ਦੇ ਸ਼ਟਰ ਖੋਲ੍ਹਣ ਦੀ ਕੋਈ ਲੋੜ ਨਹੀਂ ਹੋਵੇਗੀ, ਜਿਵੇਂ ਕਿ ਪਿਛਲੇ ਸਾਲਾਂ ਵਿਚ ਕੀਤਾ ਗਿਆ ਸੀ, ਜਦੋਂ ਸਟੋਰੇਜ ਸਮਰੱਥਾ ਆਪਣੀ ਵੱਧ ਤੋਂ ਵੱਧ ਸੀਮਾ ਤੱਕ ਪਹੁੰਚ ਗਈ ਸੀ। ਜ਼ਰੂਰੀ ਤੌਰ 'ਤੇ, ਉਹ ਉਨ੍ਹਾਂ ਵਿਅਕਤੀਆਂ ਦੀ ਸਹਾਇਤਾ ਕਰ ਰਹੇ ਸਨ, ਜਿਨ੍ਹਾਂ ਨੇ ਇਨ੍ਹਾਂ ਨਦੀਆਂ ਦੇ ਕਿਨਾਰਿਆਂ ਦੇ ਨਾਲ ਢਾਂਚਾ ਬਣਾਇਆ ਹੈ ਜਾਂ ਇਨ੍ਹਾਂ ਨਦੀਆਂ ਦੇ ਤੱਟਾਂ ਵਿਚ ਖੇਤੀ ਵੀ ਕਰ ਰਹੇ ਹਨ। ਜੇਕਰ ਡੈਮਾਂ ਨੂੰ ਕੁਝ ਦਿਨ ਪਹਿਲਾਂ ਸੀਮਤ ਸੰਚਾਰ ਨਾਲ ਖੋਲ੍ਹਿਆ ਜਾਂਦਾ, ਤਾਂ ਉਹ ਹੜ੍ਹਾਂ ਦੀ ਤੀਬਰਤਾ ਨੂੰ ਬਿਹਤਰ ਢੰਗ ਨਾਲ ਕੰਟਰੋਲ ਕਰ ਸਕਦੇ ਸਨ। ਲਗਾਤਾਰ ਹੋ ਰਹੀ ਬਰਸਾਤ ਕਾਰਨ ਸਾਰੇ ਹਿਸਾਬ-ਕਿਤਾਬ ਉਲਝ ਗਏ, ਜਿਸ ਨਾਲ ਸਰਕਾਰ ਬੇਵੱਸ ਹੋ ਗਈ। ਸਿੱਟੇ ਵਜੋਂ, ਉਹ ਇੱਕ ਤੋਂ ਬਾਅਦ ਇੱਕ, ਅਤੇ ਪਾਣੀ ਦੇ ਇੱਕ ਮਹੱਤਵਪੂਰਨ ਵਹਾਅ ਦੇ ਨਾਲ, ਲਗਭਗ ਸਾਰੇ ਡੈਮਾਂ ਨੂੰ ਤੁਰੰਤ ਖੋਲ੍ਹਣ ਲਈ ਮਜਬੂਰ ਹੋਏ। ਮੌਜੂਦਾ ਹੜ੍ਹਾਂ ਦਾ ਮੁੱਖ ਕਾਰਨ ਉੱਪਰ ਦੱਸੇ ਗਏ ਸਾਰੇ ਕਾਰਕਾਂ ਦਾ ਸਮੂਹਿਕ ਨਤੀਜਾ ਹੈ।

ਪੰਜਾਬ ਪ੍ਰਸ਼ਾਸਨ ਵੱਲੋਂ ਆਪਣੇ ਆਪਦਾ ਰਾਹਤ ਫੰਡ ਜਾਰੀ ਕਰਨ ਦੇ ਐਲਾਨ ਦੇ ਬਾਵਜੂਦ, ਮੌਜੂਦਾ ਸਥਿਤੀ ਦੇ ਮੱਦੇਨਜ਼ਰ ਅਜੇ ਵੀ ਇੱਕ ਮਹੱਤਵਪੂਰਨ ਯਤਨ ਦੀ ਲੋੜ ਹੈ। ਸਰਕਾਰ ਦੇ ਨਾਲ-ਨਾਲ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਹੈ ਅਤੇ ਆਪਣੇ ਸਮਰਥਕਾਂ ਨੂੰ ਪ੍ਰਭਾਵਿਤ ਇਲਾਕਿਆਂ 'ਚ ਜਾ ਕੇ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਵਾਇਆ ਹੈ। ਇਸ ਤੋਂ ਇਲਾਵਾ ਕਈ ਸਮਾਜ ਸੇਵੀ ਸੰਸਥਾਵਾਂ ਨੇ ਵੀ ਰਾਹਤ ਕਾਰਜ ਸ਼ੁਰੂ ਕੀਤੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨਾਲ ਜੁੜੇ ਕਈ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਪ੍ਰਭਾਵਿਤ ਵਿਅਕਤੀਆਂ ਨੂੰ ਖਾਣ-ਪੀਣ, ਰਿਹਾਇਸ਼ ਅਤੇ ਹੋਰ ਜ਼ਰੂਰਤਾਂ ਵਿਚ ਸਹਾਇਤਾ ਕਰਨ। ਸਮੱਸਿਆ ਬੇਹੱਦ ਗੰਭੀਰ ਹੈ ਅਤੇ ਸਾਰੀਆਂ ਧਿਰਾਂ ਦੇ ਸਾਂਝੇ ਯਤਨਾਂ ਦੇ ਬਾਵਜੂਦ ਸਫਲਤਾ ਨਹੀਂ ਮਿਲੀ ਹੈ। ਵਰਤਮਾਨ ਵਿਚ, ਸਮਾਜ ਦੇ ਹਰ ਖੇਤਰ ਨੂੰ ਆਪਣੇ ਵਿਲੱਖਣ ਤਰੀਕਿਆਂ ਨਾਲ ਇਸ ਵਿਨਾਸ਼ਕਾਰੀ ਆਫ਼ਤ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਚਾਹੀਦਾ ਹੈ। ਅਜੋਕੇ ਸਮੇਂ ਵਿਚ ਇਸ ਕਾਰਜ ਨੂੰ ਪਹਿਲ ਦੇਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਮੁੱਚੇ ਸਮਾਜ ਦੀ ਜ਼ਿੰਮੇਵਾਰੀ ਹੈ।

ਇਹ ਸਾਡੇ ਅੱਗੇ ਵਧਣ ਲਈ ਅੱਖਾਂ ਖੋਲ੍ਹਣ ਵਾਲੇ ਵਜੋਂ ਕੰਮ ਕਰਨਗੇ। ਜੇਕਰ ਅਸੀਂ ਆਪਣੀ ਵਰਤਮਾਨ ਕਾਰਵਾਈ ਨੂੰ ਜਾਰੀ ਰੱਖਦੇ ਹਾਂ ਅਤੇ ਕੁਦਰਤ ਨੂੰ ਨੁਕਸਾਨ ਪਹੁੰਚਾਉਣਾ ਜਾਰੀ ਰੱਖਦੇ ਹਾਂ, ਤਾਂ ਕੁਦਰਤ ਆਖਰਕਾਰ ਆਪਣੇ ਆਪ ਹੀ ਜਵਾਬ ਦੇਵੇਗੀ। ਜੇਕਰ ਸਰਕਾਰਾਂ ਸਾਡੇ ਸੂਬੇ ਦੇ ਹਿੱਤਾਂ ਦੀ ਅਣਦੇਖੀ ਕਰਕੇ ਭੂ-ਮਾਫੀਆ, ਖੱਡ ਮਾਫੀਆ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਦਾ ਸਮਰਥਨ ਕਰਦੀਆਂ ਰਹੀਆਂ, ਤਾਂ ਆਉਣ ਵਾਲੇ ਸਮੇਂ ਵਿਚ ਸਾਨੂੰ ਵੀ ਅਜਿਹੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇਗਾ।

ਇੱਕ ਵਾਰ ਜਦੋਂ ਇਹ ਹੜ੍ਹ ਬੰਦ ਹੋ ਜਾਂਦੇ ਹਨ, ਅਗਲੀ ਚੁਣੌਤੀ ਇਹ ਤੱਥ ਹੋਵੇਗੀ ਕਿ ਮਨੁੱਖੀ ਨਿਵਾਸ ਕਾਰਨ ਲੋਕਾਂ ਅਤੇ ਭਾਈਚਾਰਿਆਂ ਨੂੰ ਵੱਖ-ਵੱਖ ਸਮੇਂ ਲਈ ਪਾਣੀ ਭਰੇ ਖੇਤਰਾਂ ਵਿਚ ਰਹਿਣ ਦਾ ਕਾਰਨ ਬਣਦਾ ਹੈ। ਰਹਿਣ ਦੀਆਂ ਸਥਿਤੀਆਂ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਭੋਜਨ ਦੀ ਉਪਲਬਧਤਾ ਵਰਗੀਆਂ ਜ਼ਰੂਰੀ ਸੇਵਾਵਾਂ ਦੇ ਵਿਘਨ ਦੇ ਨਾਲ, ਸਿਹਤ ਸੰਬੰਧੀ ਕਈ ਸਥਿਤੀਆਂ ਦਾ ਕਾਰਨ ਬਣ ਸਕਦੀਆਂ ਹਨ।

ਕੀ ਇਸ ਸਭ ਲਈ ਹਰ ਸੂਬੇ ਦੀਆਂ ਸਰਕਾਰਾਂ ਅਤੇ ਫੈਡਰਲ ਸਰਕਾਰ ਤਿਆਰ ਹੈ? ਕਿਉਂਕਿ ਹੜ੍ਹਾਂ ਦੇ ਨਾਲ-ਨਾਲ ਤਾਪਮਾਨ ਦਾ ਉਤਰਾਅ-ਚੜ੍ਹਾਅ ਵੀ ਮਨੁੱਖਾਂ ਲਈ ਨਵੀਆਂ ਬਿਮਾਰੀਆਂ ਦਾ ਕਾਰਨ ਬਣ ਜਾਂਦਾ ਹੈ। ਮਲੇਰੀਆ ਵਰਗੀਆਂ ਬਿਮਾਰੀਆਂ ਸਭ ਤੋਂ ਆਮ ਵੈਕਟਰ ਦੁਆਰਾ ਪੈਦਾ ਹੋਣ ਵਾਲੀਆਂ ਬਿਮਾਰੀਆਂ ਹਨ, ਜੋ ਲੰਬੇ ਸਮੇਂ ਦੇ ਮੌਸਮੀ ਤਬਦੀਲੀਆਂ ਲਈ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਭਾਰਤ ਵਿਚ ਮਲੇਰੀਆ ਅਤੇ ਅਤਿਅੰਤ ਮੌਸਮੀ ਘਟਨਾਵਾਂ ਦੇ ਵਿਚ ਸਬੰਧਾਂ ਦੀ ਲੰਬੇ ਸਮੇਂ ਤੋਂ ਵਿਆਪਕ ਖੋਜ ਕੀਤੀ ਗਈ ਹੈ। ਪਿਛਲੀ ਸਦੀ ਦੇ ਸ਼ੁਰੂਆਤੀ ਹਿੱਸੇ ਵਿਚ, ਪੰਜਾਬ ਖੇਤਰ, ਜੋ ਕਿ ਦਰਿਆ ਦੁਆਰਾ ਸਿੰਜਿਆ ਗਿਆ ਸੀ, ਨੂੰ ਵਾਰ-ਵਾਰ ਮਲੇਰੀਆ ਮਹਾਂਮਾਰੀ ਦਾ ਸਾਹਮਣਾ ਕਰਨਾ ਪਿਆ ਸੀ। ਸ਼ੁਰੂਆਤੀ ਤੌਰ 'ਤੇ, ਇਹ ਪਛਾਣ ਕੀਤੀ ਗਈ ਸੀ ਕਿ ਬਹੁਤ ਜ਼ਿਆਦਾ ਮੌਨਸੂਨ ਬਾਰਿਸ਼ ਅਤੇ ਵੱਧ ਨਮੀ ਦਾ ਮੱਛਰਾਂ ਦੇ ਪ੍ਰਜਨਨ ਅਤੇ ਬਚਾਅ ਨੂੰ ਵਧਾ ਕੇ ਮਹੱਤਵਪੂਰਣ ਪ੍ਰਭਾਵ ਪੈਂਦਾ ਹੈ।

ਹੁਣ ਹਰ ਕਿਸੇ ਲਈ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਪ੍ਰਤੀ ਸੁਚੇਤ ਰਹਿਣ ਅਤੇ ਗ੍ਰੀਨਹਾਉਸ ਗੈਸਾਂ ਦੀ ਵਰਤੋਂ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰਨ ਦਾ ਸਮਾਂ ਹੈ। ਇਹ ਗੈਸਾਂ ਵਧਦੀ ਗਲੋਬਲ ਵਾਰਮਿੰਗ ਅਤੇ ਧਰਤੀ ਦੇ ਤਾਪਮਾਨ ਵਿਚ ਬਾਅਦ ਵਿਚ ਵਧਣ ਲਈ ਜ਼ਿੰਮੇਵਾਰ ਹਨ, ਜੋ ਹੜ੍ਹਾਂ ਅਤੇ ਨਵੀਆਂ ਬਿਮਾਰੀਆਂ ਦੇ ਪੈਦਾ ਹੋਣ ਦਾ ਕਾਰਨ ਬਣਦੀਆਂ ਹਨ।

ਹੜ੍ਹ ਅਕਸਰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ ਕਿਉਂਕਿ ਉਹ ਮਲ ਅਤੇ ਹੋਰ ਨੁਕਸਾਨਦੇਹ ਜਰਾਸੀਮ ਨਾਲ ਪਾਣੀ ਦੇ ਸਰੋਤਾਂ ਨੂੰ ਦੂਸ਼ਿਤ ਕਰਦੇ ਹਨ। ਇਸ ਗੰਦਗੀ ਦੇ ਨਤੀਜੇ ਵਜੋਂ ਬਿਮਾਰੀਆਂ ਫੈਲਦੀਆਂ ਹਨ ਜਿਵੇਂ ਕਿ:

- ਹੈਜ਼ਾ ਬੈਕਟੀਰੀਆ ਕਾਰਨ ਹੋਣ ਵਾਲੀ ਇੱਕ ਛੂਤ ਵਾਲੀ ਬਿਮਾਰੀ ਹੈ, ਜਿਸ ਦੇ ਨਤੀਜੇ ਵਜੋਂ ਤੀਬਰ ਦਸਤ, ਉਲਟੀਆਂ ਅਤੇ ਡੀਹਾਈਡਰੇਸ਼ਨ ਹੁੰਦਾ ਹੈ।
- ਟਾਈਫਾਈਡ ਇੱਕ ਸੰਕਰਮਣ ਹੈ, ਜੋ ਸਾਲਮੋਨੇਲਾ ਟਾਈਫਾਈ ਬੈਕਟੀਰੀਆ ਦੇ ਕਾਰਨ ਹੁੰਦਾ ਹੈ। ਇਹ ਇੱਕ ਕਦਮ ਪੌੜੀ ਪੈਟਰਨ ਦੇ ਨਾਲ ਤੇਜ਼ ਬੁਖਾਰ, ਸਿਰ ਦਰਦ ਅਤੇ ਪਾਚਨ ਸਮੱਸਿਆਵਾਂ ਵਰਗੇ ਲੱਛਣਾਂ ਦਾ ਕਾਰਨ ਬਣਦਾ ਹੈ।
- ਹੈਪੇਟਾਈਟਸ ਏ ਇੱਕ ਵਾਇਰਲ ਲਾਗ ਹੈ, ਜੋ ਜਿਗਰ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਪੀਲੀਆ, ਥਕਾਵਟ ਅਤੇ ਪੇਟ ਵਿਚ ਦਰਦ ਵਰਗੇ ਲੱਛਣ ਪੈਦਾ ਹੁੰਦੇ ਹਨ।
- ਦਸਤ ਦੀਆਂ ਬਿਮਾਰੀਆਂ ਵਿਚ ਕਈ ਤਰ੍ਹਾਂ ਦੇ ਬੈਕਟੀਰੀਆ ਅਤੇ ਵਾਇਰਲ ਲਾਗ ਸ਼ਾਮਲ ਹੁੰਦੇ ਹਨ, ਜੋ ਦਸਤ, ਉਲਟੀਆਂ ਅਤੇ ਡੀਹਾਈਡਰੇਸ਼ਨ ਵਰਗੇ ਲੱਛਣਾਂ ਦਾ ਕਾਰਨ ਬਣਦੇ ਹਨ।

ਹੜ੍ਹ ਮੱਛਰਾਂ ਦੇ ਪ੍ਰਜਨਨ ਲਈ ਅਨੁਕੂਲ ਸਥਿਤੀਆਂ ਬਣਾਉਂਦੇ ਹਨ, ਜੋ ਬਦਲੇ ਵਿਚ ਵੈਕਟਰ ਦੁਆਰਾ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਮੌਜੂਦਗੀ ਨੂੰ ਵਧਾਉਂਦਾ ਹੈ, ਜਿਵੇਂ ਕਿ:

- ਮਲੇਰੀਆ ਇੱਕ ਬਿਮਾਰੀ ਹੈ, ਜੋ ਮੱਛਰਾਂ ਦੁਆਰਾ ਫੈਲਦੀ ਹੈ ਅਤੇ ਪਲਾਜ਼ਮੋਡੀਅਮ ਵਜੋਂ ਜਾਣੇ ਜਾਂਦੇ ਪਰਜੀਵੀਆਂ ਕਾਰਨ ਹੁੰਦੀ ਹੈ। ਇਹ ਬੁਖਾਰ, ਠੰਢ ਅਤੇ ਫਲੂ ਵਰਗੀ ਬਿਮਾਰੀ ਵਰਗੇ ਲੱਛਣਾਂ ਦਾ ਕਾਰਨ ਬਣਦਾ ਹੈ।
- ਡੇਂਗੂ ਏਡੀਜ਼ ਮੱਛਰ ਦੁਆਰਾ ਫੈਲਦਾ ਹੈ ਅਤੇ ਤੇਜ਼ ਬੁਖਾਰ, ਤੀਬਰ ਸਿਰ ਦਰਦ ਅਤੇ ਨਾਲ ਹੀ ਜੋੜਾਂ ਅਤੇ ਮਾਸਪੇਸ਼ੀਆਂ ਵਿਚ ਦਰਦ ਵਰਗੇ ਲੱਛਣਾਂ ਦੀ ਅਗਵਾਈ ਕਰਦਾ ਹੈ।
- ਚਿਕਨਗੁਨੀਆ ਇੱਕ ਵਾਇਰਲ ਬਿਮਾਰੀ ਹੈ, ਜੋ ਏਡੀਜ਼ ਮੱਛਰ ਦੁਆਰਾ ਫੈਲਦੀ ਹੈ ਅਤੇ ਇਸਦੇ ਨਤੀਜੇ ਵਜੋਂ ਬੁਖਾਰ ਅਤੇ ਗੰਭੀਰ ਜੋੜਾਂ ਵਿਚ ਦਰਦ ਹੁੰਦਾ ਹੈ।

**ਸਾਹ ਦੀਆਂ ਬਿਮਾਰੀਆਂ**: ਹੜ੍ਹਾਂ ਕਾਰਨ ਲੰਬੇ ਸਮੇਂ ਲਈ ਪਾਣੀ ਦੇ ਖੜੋਤ ਅਤੇ ਗਿੱਲੀ ਸਥਿਤੀਆਂ ਹੋ ਸਕਦੀਆਂ ਹਨ, ਜੋ ਉੱਲੀ ਦੇ ਵਿਕਾਸ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਸਥਿਤੀਆਂ ਸਾਹ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ।

ਨਿਮੂਨੀਆ ਬੈਕਟੀਰੀਆ ਜਾਂ ਵਾਇਰਸ ਕਾਰਨ ਹੋਣ ਵਾਲੀ ਇੱਕ ਲਾਗ ਹੈ, ਜਿਸ ਦੇ ਨਤੀਜੇ ਵਜੋਂ ਫੇਫੜਿਆਂ ਵਿਚ ਸੋਜ ਹੁੰਦੀ ਹੈ।

ਹੜ੍ਹ ਦੇ ਪਾਣੀ ਦੇ ਲੰਬੇ ਸਮੇਂ ਤੱਕ ਸੰਪਰਕ ਦੇ ਕਾਰਨ ਚਮੜੀ ਦੀ ਲਾਗ ਵਿਕਸਿਤ ਹੋ ਸਕਦੀ ਹੈ, ਜੋ ਬੈਕਟੀਰੀਆ ਨਾਲ ਦੂਸ਼ਿਤ ਹੋ ਸਕਦੀ ਹੈ ਅਤੇ ਮਾੜੀ ਸਫਾਈ ਅਭਿਆਸਾਂ ਦੁਆਰਾ ਵਧ ਸਕਦੀ ਹੈ।

**ਫੰਗਲ ਇਨਫੈਕਸ਼ਨ**: ਨਮੀ ਵਾਲੀਆਂ ਸਥਿਤੀਆਂ ਵਿਚ ਫੰਗਲ ਚਮੜੀ ਦੀ ਲਾਗ ਹੋਣ ਦਾ ਜ਼ੋਖਮ ਵੱਧ ਹੁੰਦਾ ਹੈ।

**ਸੱਪ ਦੇ ਡੰਗ ਅਤੇ ਕੀੜੇ-ਮਕੌੜੇ**: ਹੜ੍ਹਾਂ ਦੇ ਦੌਰਾਨ, ਸੱਪ ਆਪਣੇ ਕੁਦਰਤੀ ਨਿਵਾਸ ਸਥਾਨ ਤੋਂ ਬਾਹਰ ਨਿਕਲ ਸਕਦੇ ਹਨ, ਜਿਸ ਨਾਲ ਸੱਪ ਦੇ ਡੰਗਣ ਦਾ ਖ਼ਤਰਾ ਵਧ ਜਾਂਦਾ ਹੈ।

ਹੜ੍ਹਾਂ ਦੌਰਾਨ ਅਤੇ ਬਾਅਦ ਵਿਚ ਸਾਵਧਾਨੀ ਵਰਤਣੀ ਬਹੁਤ ਜ਼ਰੂਰੀ ਹੈ। ਕੁਝ ਸਾਵਧਾਨੀਆਂ ਵਿਚ ਪਾਣੀ ਨੂੰ ਉਬਾਲ ਕੇ ਪੀਣਾ ਸੁਰੱਖਿਅਤ ਹੈ, ਚੰਗੀ ਸਫਾਈ ਦਾ ਅਭਿਆਸ ਕਰਨਾ ਅਤੇ ਬਿਮਾਰੀ ਦੇ ਕੋਈ ਲੱਛਣ ਦਿਖਾਈ ਦੇਣ 'ਤੇ ਤੁਰੰਤ ਡਾਕਟਰੀ ਸਹਾਇਤਾ ਲੈਣੀ ਸ਼ਾਮਲ ਹੈ। ਅਧਿਕਾਰੀ ਰਾਹਤ ਪ੍ਰਦਾਨ ਕਰਨ, ਪੀਣ ਵਾਲੇ ਸਾਫ਼ ਪਾਣੀ ਦੀ ਪਹੁੰਚ ਨੂੰ ਯਕੀਨੀ ਬਣਾਉਣ ਅਤੇ ਪ੍ਰਭਾਵਿਤ ਭਾਈਚਾਰਿਆਂ ਨੂੰ ਲੋੜੀਂਦੀਆਂ ਸੈਨੀਟੇਸ਼ਨ ਸੇਵਾਵਾਂ ਪ੍ਰਦਾਨ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਤਿਆਰ ਰਹਿਣਾ ਚਾਹਿੰਦਾ ਹੈ, ਨਹੀਂ ਤਾਂ ਇਸ ਦੇ ਭਿਆਨਕ ਨਤੀਜੇ ਸਾਹਮਣੇ ਆ ਸਕਦੇ ਹਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic



Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਸੀਂ ਚੀਜ਼ਾਂ ਭੁੱਲਦੇ ਕਿਉਂ ਹਾਂ?






ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA)


ਵਧਦੀ ਉਮਰ ਨਾਲ ਦਿਮਾਗ਼ ਦੇ ਸੁੰਗੜਨ ਅਤੇ ਨਵੀਆਂ ਚੀਜ਼ਾਂ ਨੂੰ ਯਾਦ ਰੱਖਣ ਵਿਚਲੀ ਦਿੱਕਤ, ਆਮ ਹੀ ਦਿਸਦੀ ਹੈ। ਪਰ ਜੇ ਇਹ ਦਿੱਕਤ ਛੋਟੀ ਉਮਰ ਵਿਚ ਦਿਸਣ ਲੱਗ ਪਵੇ, ਤਾਂ ਉਸ ਦੇ ਕਾਰਨਾਂ ਬਾਰੇ ਜ਼ਰੂਰ ਪਤਾ ਹੋਣਾ ਚਾਹੀਦਾ ਹੈ।

ਇਹ ਮੰਨੀ ਪ੍ਰਮੰਨੀ ਗੱਲ ਹੈ ਕਿ 65 ਸਾਲ ਦੀ ਉਮਰ ਤੋਂ ਬਾਅਦ ਹਰ ਪੰਜ ਸਾਲਾਂ ਬਾਅਦ ਪਹਿਲਾਂ ਨਾਲੋਂ ਦੁੱਗਣੀ ਯਾਦਾਸ਼ਤ ਦੀ ਕਮੀ ਹੋਣ ਲੱਗ ਪੈਂਦੀ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਸੰਤੁਲਿਤ ਖ਼ੁਰਾਕ, ਵਧੀਆ ਦੋਸਤੀਆਂ, ਮੇਲ-ਜੋਲ, ਕਸਰਤ ਆਦਿ ਨਾਲ ਵਡੇਰੀ ਉਮਰ ਤੱਕ ਯਾਦਾਸ਼ਤ ਤੇਜ਼ ਰੱਖੀ ਜਾ ਸਕਦੀ ਹੈ।

ਦੂਜੇ ਪਾਸੇ ਨੌਜਵਾਨਾਂ ਦੇ ਸਰੀਰ ਵਿਚ ਪਾਣੀ ਦੀ ਕਮੀ ਦੇ ਦੌਰਾਨ ਪੜ੍ਹੀਆਂ ਚੀਜ਼ਾਂ ਨੂੰ ਯਾਦ ਰੱਖਣ ਵਿਚ ਵੀ ਦਿੱਕਤ ਹੋ ਜਾਂਦੀ ਹੈ। ਯਾਨੀ ਹਮੇਸ਼ਾ ਵੱਡੀ ਬੀਮਾਰੀ ਹੀ ਨਹੀਂ, ਬਲਕਿ ਸਿਰਫ਼ ਪਾਣੀ ਦੀ ਕਮੀ ਵੀ ਭੁੱਲਣ ਦਾ ਕਾਰਨ ਬਣ ਸਕਦੀ ਹੈ। ਇੰਜ ਹੀ ਥਾਇਰਾਇਡ ਹਾਰਮੋਨਾਂ ਦੀ ਗੜਬੜੀ (ਘੱਟ ਕੰਮ ਕਰਨਾ) ਵਿਚ ਹੁੰਦਾ ਹੈ।

ਰਾਤ ਭਰ ਬਹਿ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪਤਾ ਹੈ ਕਿ ਕਿਵੇਂ ਸਵੇਰੇ ਪੇਪਰ ਤੋਂ ਪਹਿਲਾਂ ਸਾਰੀਆਂ ਪੜ੍ਹੀਆਂ ਚੀਜ਼ਾਂ ਭੁੱਲ ਜਾਂਦੀਆਂ ਹਨ। ਇਸ ਤੱਥ ਦੀ ਵਿਗਿਆਨਿਕ ਵਿਆਖਿਆ ਕੀਤੀ ਜਾ ਚੁੱਕੀ ਹੈ। ਦਰਅਸਲ ਸੌਣ ਦੌਰਾਨ ਪਹਿਲਾਂ ਦੀਆਂ ਪੜ੍ਹੀਆਂ ਜਾਂ ਯਾਦ ਕੀਤੀਆਂ ਚੀਜ਼ਾਂ ਨੂੰ ਪਕੀਆਂ ਕਰਨ ਦਾ ਕੰਮ ਦਿਮਾਗ਼ ਅੰਦਰ ਚੱਲਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਨੀਂਦਰ ਦਾ ਸਮਾਂ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ। ਅੱਠ ਘੰਟੇ ਦੀ ਨੀਂਦਰ, ਰੋਜ਼ਾਨਾ ਦੀ ਕਸਰਤ, ਸੌਣ ਸਮੇਂ ਕੌਫ਼ੀ ਜਾਂ ਸ਼ਰਾਬ ਨਾ ਪੀਣੀ, ਯਾਦ ਕੀਤੀਆਂ ਚੀਜ਼ਾਂ ਨੂੰ ਪੱਕਿਆਂ ਕਰਨ ਵਿਚ ਮਦਦ ਕਰਦੇ ਹਨ।

## ਕੁੱਝ ਹੋਰ ਚੀਜ਼ਾਂ ਦਾ ਅਸਰ :-

1. **ਦਵਾਈਆਂ** :- ਨੀਂਦਰ ਵਾਲੀਆਂ ਦਵਾਈਆਂ ਯਾਦਾਸ਼ਤ ਉੱਤੇ ਮਾੜਾ ਪ੍ਰਭਾਵ ਛੱਡਦੀਆਂ ਹਨ। ਇਸ ਦੇ ਨਾਲੋਂ-ਨਾਲ ਜ਼ੁਕਾਮ, ਬਲੱਡ ਪ੍ਰੈੱਸ਼ਰ, ਤਣਾਓ, ਢਹਿੰਦੀ ਕਲਾ ਆਦਿ ਲਈ ਵਰਤੀਆਂ ਜਾ ਰਹੀਆਂ ਦਵਾਈਆਂ ਵੀ ਯਾਦਾਸ਼ਤ ਘਟਾ ਦਿੰਦੀਆਂ ਹਨ। ਇਹ ਅਸਰ ਹਰ ਕਿਸੇ ਉੱਤੇ ਇੱਕੋ ਜਿਹਾ ਨਹੀਂ ਹੁੰਦਾ। ਹਰ ਸਰੀਰ ਵੱਖੋ-ਵੱਖ ਤਰ੍ਹਾਂ ਦਵਾਈਆਂ ਦਾ ਅਸਰ ਅਪਣਾਉਂਦਾ ਹੈ, ਇਸੇ ਲਈ ਕੁੱਝ ਜਣੇ ਜ਼ੁਕਾਮ ਦੀਆਂ ਤਿੰਨ ਗੋਲੀਆਂ ਰੋਜ਼ ਖਾਣ ਬਾਅਦ ਵੀ ਚੁਸਤ ਰਹਿੰਦੇ ਹਨ ਤੇ ਕੁੱਝ ਅੱਧੀ ਗੋਲੀ ਨਾਲ ਹੀ ਮੂਧੇ ਪੈ ਜਾਂਦੇ ਹਨ।

ਜੇ ਜ਼ਿਆਦਾ ਨਸ਼ਾ ਮਹਿਸੂਸ ਹੋ ਰਿਹਾ ਹੋਵੇ, ਤਾਂ ਦਵਾਈ ਦੀ ਖ਼ੁਰਾਕ ਘਟਾ ਦੇਣੀ ਚਾਹੀਦੀ ਹੈ ਜਾਂ ਦਵਾਈ ਬਦਲ ਲੈਣੀ ਚਾਹੀਦੀ ਹੈ।

2. **ਸ਼ੱਕਰ ਰੋਗ** :- ਸਰੀਰ ਅੰਦਰ ਵਧੀ ਹੋਈ ਸ਼ੱਕਰ ਲਹੂ ਦੀਆਂ ਮਹੀਨ ਨਾੜੀਆਂ ਨੂੰ ਸੁੰਗੇੜ ਦਿੰਦੀ ਹੈ, ਜਿਸ ਨਾਲ ਦਿਮਾਗ਼ ਵੱਲ ਜਾਂਦਾ ਲਹੂ ਘੱਟ ਜਾਂਦਾ ਹੈ ਤੇ ਯਾਦਾਸ਼ਤ ਵੀ ਘੱਟ ਹੋ ਜਾਂਦੀ ਹੈ। ਇਸੇ ਤਰ੍ਹਾਂ ਇਨਸੂਲਿਨ ਦੀ ਵਾਧੂ ਮਾਤਰਾ ਵੀ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਘਟਾ ਕੇ ਦਿਮਾਗ਼ ਦੇ ਸੈੱਲਾਂ ਦਾ ਨੁਕਸਾਨ ਕਰ ਦਿੰਦੀ ਹੈ। ਇੰਜ ਡੀਮੈਂਸ਼ੀਆ ਰੋਗ (ਭੁੱਲ ਜਾਣਾ) ਹੋਣ ਦੇ ਆਸਾਰ ਵੱਧ ਜਾਂਦੇ ਹਨ।

ਜੇ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਸਹੀ ਰੱਖੀ ਜਾਵੇ ਅਤੇ ਸਹੀ ਖ਼ੁਰਾਕ ਖਾਧੀ ਜਾਵੇ, ਤਾਂ ਯਾਦਾਸ਼ਤ ਦੇਰ ਤੱਕ ਸਹੀ ਰੱਖੀ ਜਾ ਸਕਦੀ ਹੈ। ਇਸ ਦੇ ਨਾਲ ਰੈਗੂਲਰ ਕਸਰਤ ਵੀ ਬਹੁਤ ਫ਼ਾਇਦੇਮੰਦ ਹੈ।

3. **ਜੀਨ** :- ਟੱਬਰ ਦੇ ਜੀਨਾਂ ਉੱਤੇ ਬਹੁਤ ਕੁੱਝ ਆਧਾਰਿਤ ਹੁੰਦਾ ਹੈ। ਜੇ ਘਰ ਵਿਚ ਪਹਿਲਾਂ ਵੱਡਿਆਂ ਦੀ ਯਾਦਾਸ਼ਤ ਛੋਟੀ ਉਮਰ ਵਿਚ ਘੱਟ ਰਹੀ ਹੋਵੇ, ਤਾਂ ਅੱਗੋਂ ਬੱਚਿਆਂ ਵਿਚ ਵੀ ਅਜਿਹਾ ਵੇਖਣ ਨੂੰ ਮਿਲ ਸਕਦਾ ਹੈ। ਕਮਾਲ ਤਾਂ ਇਹ ਹੈ ਕਿ ਕਈ ਵਾਰ ਜੌੜੇ ਜੰਮੇ ਬੱਚਿਆਂ ਵਿਚੋਂ ਇੱਕ ਦੀ ਯਾਦਾਸ਼ਤ ਘਟੀ ਵੇਖੀ ਗਈ, ਜਦਕਿ ਦੂਜਾ ਠੀਕ-ਠਾਕ ਰਿਹਾ। ਇਸ ਸੰਬੰਧੀ ਡਾਕਟਰੀ ਖੋਜ ਹਾਲੇ ਅਧੂਰੀ ਹੈ।

4. **ਪਾਸਾ ਮਾਰਿਆ ਜਾਣਾ** :- ਦਿਮਾਗ਼ ਦੇ ਇੱਕ ਹਿੱਸੇ ਵਿਚ ਰੋਕੇ ਸਦਕਾ ਲਹੂ ਦਾ ਘਟਣਾ, ਦਿਲ ਦੇ ਰੋਗ, ਬਲੱਡ ਪ੍ਰੈੱਸ਼ਰ ਦਾ ਵਧਣਾ, ਸਿਗਰਟ ਪੀਣੀ ਆਦਿ ਕਾਰਨਾਂ ਨਾਲ ਜਦੋਂ ਪਾਸਾ ਮਾਰਿਆ ਜਾਵੇ ਤਾਂ ਯਾਦਾਸ਼ਤ ਉੱਤੇ ਵੀ ਕਾਫ਼ੀ ਫ਼ਰਕ ਪੈ ਜਾਂਦਾ ਹੈ।

ਮੂੰਹ ਦਾ ਵਿਲਕਣਾ, ਬਾਂਹ ਦੀ ਕਮਜ਼ੋਰੀ ਅਤੇ ਬੋਲਣ ਵਿਚ ਅੜਚਨ, ਪਾਸਾ ਮਾਰੇ ਜਾਣ ਦੇ ਮੁੱਢਲੇ ਲੱਛਣ ਹੁੰਦੇ ਹਨ।

5. **ਸਿਗਰਟਨੋਸ਼ੀ** :- ਇਹ ਲਹੂ ਦੀਆਂ ਨਾੜੀਆਂ ਉੱਤੇ ਮਾੜਾ ਪ੍ਰਭਾਵ ਪਾਉਂਦੀ ਹੈ। ਇਸੇ ਲਈ ਪਾਸਾ ਮਾਰੇ ਜਾਣ ਦੇ ਨਾਲ ਯਾਦਾਸ਼ਤ ਵੀ ਘਟਾਉਂਦੀ ਹੈ।

6. **ਦਿਲ ਦੇ ਰੋਗ** :- ਲਹੂ ਦੀਆਂ ਨਾੜੀਆਂ ਅੰਦਰ ਜੰਮਦੇ ਥੱਪੇ ਹਾਰਟ ਅਟੈਕ ਦਾ ਖ਼ਤਰਾ ਵੀ ਵਧਾਉਂਦੇ ਹਨ ਤੇ ਨਾਲੋਂ-ਨਾਲ ਪਾਸਾ ਮਾਰੇ ਜਾਣ ਅਤੇ ਯਾਦਾਸ਼ਤ ਘਟਣ ਦਾ ਵੀ।

ਇਹੋ ਸਭ ਕੁੱਝ ਬਲੱਡ ਪ੍ਰੈੱਸ਼ਰ ਦੇ ਵਾਧੇ ਨਾਲ ਹੁੰਦਾ ਹੈ। ਇਸੇ ਲਈ ਸੰਤੁਲਿਤ ਖ਼ੁਰਾਕ, ਕਸਰਤ, ਤਣਾਓ ਘਟਾਉਣਾ, ਧਿਆਨ ਲਾਉਣਾ ਆਦਿ ਕਾਫ਼ੀ ਅਸਰਦਾਰ ਸਾਬਤ ਹੋਏ ਹਨ। ਬਲੱਡ ਪ੍ਰੈੱਸ਼ਰ ਘਟਾਉਣ ਲਈ ਦਵਾਈ ਜ਼ਰੂਰ ਲੈਣੀ ਚਾਹੀਦੀ ਹੈ।

7. **ਢਹਿੰਦੀ ਕਲਾ ਅਤੇ ਤਣਾਓ** :- ਘਬਰਾਹਟ, ਤਣਾਓ ਅਤੇ ਢਹਿੰਦੀ ਕਲਾ ਦੇ ਨਾਲ ਗੁੱਸਾ ਸਿਰਫ਼ ਆਪਣੇ ਸਰੀਰ ਅਤੇ ਦਿਮਾਗ਼ ਦਾ ਹੀ ਨਾਸ ਮਾਰਦੇ ਹਨ। ਇਸੇ ਲਈ ਯਾਦਾਸ਼ਤ ਘਟਾਉਣ ਨਾਲੋਂ ਜ਼ਿੰਦਗੀ ਨੂੰ ਰੱਜ ਕੇ ਜੀਉਣ ਅਤੇ ਸਕਾਰਾਤਮਕ ਸੋਚ ਨਾਲ ਵਧੀਆ ਸਮਾਂ ਲੰਘਾਇਆ ਜਾ ਸਕਦਾ ਹੈ।

8. **ਸਿਰ ਦੀ ਸੱਟ** :- ਇਕਦਮ ਵੱਜੀ ਸੱਟ ਨਾਲ ਉਸ ਸਮੇਂ ਬਾਰੇ ਕੁੱਝ ਵੀ ਚੇਤੇ ਨਹੀਂ ਰਹਿੰਦਾ। ਸੱਟ ਠੀਕ ਹੋਣ ਬਾਅਦ ਵੀ ਉਹ ਯਾਦ ਕਈ ਵਾਰ ਵਾਪਸ ਨਹੀਂ ਆਉਂਦੀ ਤੇ ਅੱਗੋਂ ਵੀ ਗੱਲਾਂ ਛੇਤੀ ਭੁੱਲਣ ਲੱਗ ਪੈਂਦੀਆਂ ਹਨ। ਪੂਰਾ ਆਰਾਮ, ਸਹੀ ਸਮੇਂ ਸਿਰ ਲਈਆਂ ਦਵਾਈਆਂ, ਪਿਆਰ-ਦੁਲਾਰ, ਹੱਲਾਸ਼ੇਰੀ ਅਤੇ ਸਹੀ ਖ਼ੁਰਾਕ ਯਾਦਾਸ਼ਤ 'ਚ ਵਾਧਾ ਕਰ ਸਕਦੀ ਹੈ।

ਬੌਕਸਿੰਗ ਵਰਗੀਆਂ ਖੇਡਾਂ ਵਿਚ ਲਗਾਤਾਰ ਸਿਰ ਉੱਤੇ ਵਜਦੀਆਂ ਸੱਟਾਂ ਨਾਲ ਵੀ ਵਡੇਰੀ ਉਮਰ ਤੋਂ ਪਹਿਲਾਂ ਹੀ ਯਾਦਾਸ਼ਤ ਘਟਣ ਲੱਗ ਪੈਂਦੀ ਹੈ। ਜੇ ਹਲਕੀ ਸੱਟ ਵੱਜੀ ਹੋਵੇ ਪਰ ਨਜ਼ਰ ਧੁੰਧਲੀ ਪੈਂਦੀ ਦਿਸੇ, ਚੱਕਰ, ਘਬਰਾਹਟ, ਦਿਲ ਕੱਚਾ ਅਤੇ ਕੁੱਝ ਸਮਝ ਨਾ ਪੈ ਰਹੀ ਹੋਵੇ, ਤਾਂ ਤੁਰੰਤ ਡਾਕਟਰ ਕੋਲ ਜਾਣਾ ਚਾਹੀਦਾ ਹੈ।

9. **ਮੋਟਾਪਾ** :- ਮੋਟਾਪੇ ਦੇ ਸ਼ਿਕਾਰ ਲੋਕਾਂ ਵਿਚ ਵੀ ਅਧੇੜ ਉਮਰ ਤੋਂ ਪਹਿਲਾਂ ਹੀ ਯਾਦਾਸ਼ਤ ਦੀ ਕਮੀ ਵੇਖਣ ਨੂੰ ਮਿਲੀ ਹੈ। ਮੋਟਾਪੇ ਵਿਚ ਦਿਲ ਦੇ ਰੋਗ ਵੀ ਜਲਦੀ ਹੁੰਦੇ ਹਨ, ਜਿਹੜੇ ਦਿਮਾਗ਼ ਦੀਆਂ ਨਸਾਂ ਉੱਤੇ ਅਸਰ ਪਾ ਸਕਦੇ ਹਨ। ਇਸੇ ਲਈ ਖ਼ੁਰਾਕ ਸਹੀ ਕਰਕੇ ਰੋਜ਼ਾਨਾ ਕਸਰਤ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

10. **ਕਸਰਤ ਨਾ ਕਰਨੀ** :- ਜਿਨ੍ਹਾਂ ਵਿਚ ਯਾਦਾਸ਼ਤ ਦੀ ਕਮੀ ਹੋ ਚੁੱਕੀ ਹੋਵੇ, ਉਨ੍ਹਾਂ ਨੂੰ ਵੀ ਜੇ ਰੈਗੂਲਰ ਕਸਰਤ ਕਰਵਾਈ ਜਾਵੇ ਤਾਂ ਯਾਦਾਸ਼ਤ ਵਿਚ ਫ਼ਾਇਦਾ ਹੁੰਦਾ ਵੇਖਿਆ ਗਿਆ ਹੈ। ਇਸੇ ਗੱਲ ਤੋਂ ਹੀ ਸਮਝ ਆ ਜਾਂਦੀ ਹੈ ਕਿ ਕਸਰਤ ਦੀ ਕਮੀ ਕਿਵੇਂ ਦਿਮਾਗ਼ ਨੂੰ ਸੁੰਨ ਕਰ ਕੇ ਰੱਖ ਦਿੰਦੀ ਹੈ। ਭਾਵੇਂ ਦੌੜਿਆ ਜਾਵੇ, ਨੱਚਿਆ ਜਾਵੇ, ਤੈਰਿਆ ਜਾਵੇ ਜਾਂ ਤੇਜ਼ ਤੁਰਿਆ ਜਾਵੇ, ਹਫ਼ਤੇ ਵਿਚ ਘੱਟੋ-ਘੱਟ ਪੰਜ ਦਿਨ 40 ਮਿੰਟ ਕਸਰਤ ਕਰਨੀ ਜ਼ਰੂਰੀ ਹੈ।

11. **ਖ਼ੁਰਾਕ** :- ਜਿਹੜੀ ਖ਼ੁਰਾਕ ਦਿਲ ਲਈ ਸਿਹਤਮੰਦ ਹੋਵੇ, ਉਹੀ ਖ਼ੁਰਾਕ ਦਿਮਾਗ਼ ਨੂੰ ਵੀ ਚੁਸਤ-ਦਰੁਸਤ ਰੱਖਦੀ ਹੈ। ਛਾਣਬੂਰੇ ਵਾਲਾ ਆਟਾ, ਫਲ, ਸਬਜ਼ੀਆਂ, ਮੱਛੀ, ਸੁੱਕੇ ਮੇਵੇ, ਓਲਿਵ ਤੇਲ, ਬਲੂਬੈਰੀ, ਐਵੋਕੈਡੋ, ਰਾਗੀ ਦਾ ਆਟਾ, ਕੋਧਰੇ ਦਾ ਆਟਾ, ਹਰੀਆਂ ਫਲੀਆਂ ਆਦਿ, ਵਧੀਆ ਹਨ।

ਲਾਲ ਮੀਟ ਨਾ ਬਰਾਬਰ ਹੀ ਖਾਣਾ ਚਾਹੀਦਾ ਹੈ। ਵਾਧੂ ਥਿੰਦਾ ਅਤੇ ਮਿੱਠਾ ਵੀ ਨਹੀਂ ਖਾਣਾ ਚਾਹੀਦਾ। ਇੰਜ ਹੀ ਵਾਧੂ ਲੂਣ ਵੀ ਨੁਕਸਾਨ ਕਰਦਾ ਹੈ।

12. ਸਿਰ ਅੰਦਰ ਰਸੌਲੀ, ਕੀਟਾਣੂਆਂ ਦਾ ਹਮਲਾ

13. **ਵਿਟਾਮਿਨ ਬੀ 12 ਦੀ ਕਮੀ** :- ਦਿਮਾਗ਼ ਦੇ ਸੈੱਲ ਅਤੇ ਸਰੀਰ ਦੇ ਲਾਲ ਸੈੱਲਾਂ ਨੂੰ ਸਹੀ ਰੱਖਣ ਵਿਚ ਇਹ ਸਹਾਈ ਹੁੰਦਾ ਹੈ। ਇਸੇ ਲਈ ਇਸ ਦੀ ਕਮੀ ਨਾਲ ਯਾਦਾਸ਼ਤ ਘੱਟ ਹੋ ਸਕਦੀ ਹੈ।

ਵਿਟਾਮਿਨ ਬੀ 12 ਜ਼ਿਆਦਾਤਰ ਮਾਸਾਹਾਰੀ ਖ਼ੁਰਾਕ ਵਿਚ ਹੁੰਦਾ ਹੈ।

14. **ਸ਼ਰਾਬ** :- ਸ਼ਰਾਬ ਦਿਮਾਗ਼ ਵੱਲ ਜਾਂਦੀਆਂ ਨਾੜੀਆਂ ਭੀੜੀਆਂ ਕਰ ਦਿੰਦੀ ਹੈ। ਦਿਮਾਗ਼ ਵੱਲ ਜਾਂਦੇ ਲਹੂ ਦੀ ਕਮੀ ਸਦਕਾ ਯਾਦਾਸ਼ਤ ਘੱਟ ਹੋ ਜਾਂਦੀ ਹੈ।

15. ਕੈਨੋਲਾ ਤੇਲ, ਕੌਰਨ ਤੇਲ ਤੇ ਸੈਫਲਾਵਰ ਤੇਲ (ਸਬਜ਼ੀਆਂ ਤੋਂ ਬਣੇ ਤੇਲ)

ਇਨ੍ਹਾਂ ਵਿਚ ਓਮੇਗਾ 6 ਫੈਟੀ ਏਸਿਡ ਵੱਧ ਹੁੰਦਾ ਹੈ, ਜੋ ਓਮੇਗਾ ਤਿੰਨ ਫੈਟੀ ਏਸਿਡ ਦਾ (ਮੱਛੀ, ਅਖ਼ਰੋਟ) ਦਾ ਅਸਰ ਘਟਾ ਦਿੰਦਾ ਹੈ। ਇਸ ਤਰ੍ਹਾਂ ਯਾਦਾਸ਼ਤ ਘਟਣੀ ਸ਼ੁਰੂ ਹੋ ਜਾਂਦੀ ਹੈ।

16. **ਸੋਡੇ ਤੇ ਐਨਰਜੀ ਡਰਿੰਕਸ** :- ਸੰਨ 2013 ਅਤੇ 2017 'ਚ ਹੋਈਆਂ ਖੋਜਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮਿੱਠੇ ਠੰਡੇ ਸੋਡੇ ਦਿਮਾਗ਼ ਦੇ ਯਾਦਾਸ਼ਤ ਵਾਲੇ ਹਿੱਸੇ ਦਾ ਨਾਸ ਮਾਰ ਦਿੰਦੇ ਹਨ। ਇਨ੍ਹਾਂ ਨਾਲ ਸ਼ੱਕਰ ਰੋਗ ਹੋਣ ਦਾ ਖ਼ਤਰਾ ਵੀ ਵੱਧ ਹੋ ਜਾਂਦਾ ਹੈ।

17. **ਬਰੈੱਡ, ਪਾਸਤਾ, ਚੌਲ, ਆਲੂ** :- ਇਨ੍ਹਾਂ ਦਾ ਗਲਾਈਸੀਮਿਕ ਇੰਡੈਕਸ ਵੱਧ ਹੋਣ ਸਦਕਾ ਇਨ੍ਹਾਂ ਨੂੰ ਖਾਂਦੇ ਸਾਰ ਸਰੀਰ ਅੰਦਰ ਇਨਸੂਲਿਨ ਝਟਪਟ ਵੱਧ ਜਾਂਦੀ ਹੈ। ਜੇ ਇਹ ਰੈਗੂਲਰ ਵਰਤੇ ਜਾਂਦੇ ਹੋਣ ਤਾਂ ਦਿਮਾਗ਼ ਦੇ ਯਾਦਾਸ਼ਤ ਦੇ ਸੈਂਟਰ ਦਾ ਨੁਕਸਾਨ ਹੋ ਸਕਦਾ ਹੈ।

18. **ਤਲੀਆਂ ਚੀਜ਼ਾਂ** :- 18,080 ਲੋਕਾਂ 'ਤੇ ਹੋਈ ਖੋਜ ਨੇ ਸਪੱਸ਼ਟ ਕੀਤਾ ਹੈ ਕਿ ਤਲੀਆਂ ਚੀਜ਼ਾਂ ਜਿਵੇਂ ਫਰੈਂਚ ਫਰਾਈਜ਼, ਫਰਾਈਡ ਚਿਕਨ, ਡੋਨੱਟ ਆਦਿ ਵੱਧ ਖਾਂਦੇ ਰਹਿਣ ਵਾਲਿਆਂ 'ਚ ਯਾਦਾਸ਼ਤ ਦੀ ਕਮੀ ਛੇਤੀ ਹੋ ਜਾਂਦੀ ਹੈ।

ਇੰਜ ਹੀ ਡਾਈਟ ਸੋਡੇ ਪੀਣ ਵਾਲਿਆਂ ਵਿਚ ਵੀ ਲੱਭਿਆ ਗਿਆ।

ਪ੍ਰੋਸੈੱਸਡ ਖਾਣੇ ਵੀ ਓਨੇ ਹੀ ਹਾਨੀਕਾਰਕ ਲੱਭੇ ਗਏ।

### ਕਿਹੜੇ ਖਾਣੇ ਯਾਦਾਸ਼ਤ ਸਹੀ ਰੱਖਣ ਲਈ ਫਾਇਦੇਮੰਦ ਸਾਬਤ ਹੋ ਚੁੱਕੇ ਹਨ ?

1. **ਮੱਛੀ** :- ਸਾਰਡੀਨ, ਟਰਾਉਟ, ਟੂਨਾ ਆਦਿ ਓਮੇਗਾ ਤਿੰਨ ਫੈਟੀ ਏਸਿਡ ਭਰਪੂਰ ਹਨ। ਦਿਮਾਗ਼ ਦਾ 60 ਫੀਸਦੀ ਹਿੱਸਾ ਥਿੰਦੇ ਦਾ ਭਰਿਆ ਪਿਆ ਹੈ, ਜਿਸ ਵਿਚ ਜ਼ਿਆਦਾਤਰ ਓਮੇਗਾ ਤਿੰਨ ਫੈਟੀ ਏਸਿਡ ਹੁੰਦੇ ਹਨ।

2. **ਸਵੇਰ ਵੇਲੇ ਪੀਤੀ ਕੌਫ਼ੀ** :- ਇਸ ਵਿਚਲੀ ਕੈਫ਼ੀਨ ਅਤੇ ਐਂਟੀਆਕਸੀਡੈਂਟ ਦਿਮਾਗ਼ ਨੂੰ ਚੁਸਤ ਅਤੇ ਸਿਹਤਮੰਦ ਰੱਖਦੇ ਹਨ। ਕੌਫ਼ੀ ਡੋਪਾਮੀਨ ਵੀ ਵਧਾ ਕੇ ਚੰਗਾ ਮਹਿਸੂਸ ਕਰਵਾਉਂਦੀ ਹੈ।

ਦਿਨ ਵਿਚ ਦੋ ਵਾਰ ਪੀਤੀ ਕੌਫ਼ੀ (ਬਹੁਤ ਸਟਰੌਂਗ ਨਾ ਹੋਵੇ) ਦੇਰ ਤੱਕ ਯਾਦਾਸ਼ਤ ਸਹੀ ਰੱਖਣ ਵਿਚ ਮਦਦ ਕਰਦੀ ਹੈ। ਚੇਤੇ ਰਹੇ ਕਿ ਇਸ ਵਿਚ ਮਿੱਠਾ ਬਿਲਕੁਲ ਨਹੀਂ ਪਾਉਣਾ ਹੁੰਦਾ।

3. **ਬਲੂਬੈਰੀਆਂ** :- ਐਂਥੋਸਾਇਆਨਿਨ ਸਦਕਾ ਇਨ੍ਹਾਂ ਨੂੰ ਖਾਣ ਨਾਲ ਦਿਮਾਗ਼ ਦੇ ਸੈੱਲਾਂ ਵਿਚਲੇ ਜੋੜ ਅਤੇ ਉਨ੍ਹਾਂ ਦਾ ਕੰਮ ਕਾਰ ਸਹੀ ਰਹਿੰਦਾ ਹੈ। ਹਫ਼ਤੇ ਵਿਚ ਘੱਟੋ-ਘੱਟ ਤਿੰਨ ਦਿਨ ਨਾਸ਼ਤੇ ਵਿਚ ਅੱਧੀ ਕੌਲੀ ਬਲੂਬੈਰੀਆਂ ਖਾ ਲੈਣੀਆਂ ਚਾਹੀਦੀਆਂ ਹਨ।

4. **ਹਲਦੀ** :- ਇੱਕ ਗੱਲ ਤਾਂ ਪੱਕੀ ਹੈ ਕਿ ਹਲਦੀ ਸਿੱਧਾ ਦਿਮਾਗ਼ 'ਚ ਪਹੁੰਚ ਨਹੀਂ ਸਕਦੀ। ਸਦੀਆਂ ਤੋਂ ਲੋਕ ਸੋਜ਼ਿਸ਼ ਘਟਾਉਣ, ਸੱਟ ਫੇਟ ਦੀ ਪੀੜ ਘਟਾਉਣ ਲਈ ਅਤੇ ਖੰਘ ਜ਼ੁਕਾਮ ਲਈ ਹਲਦੀ ਦੀ ਵਰਤੋਂ ਕਰਦੇ ਰਹੇ ਹਨ। ਇਹ ਸਾਰੇ ਅਸਰ ਹਲਦੀ ਵਿਚਲੇ ਕੁਰਕੁਮਿਨ ਸਦਕਾ ਦਿਸਦੇ ਹਨ। ਇਹੀ ਸੋਚ ਕੇ ਘਟੀ ਯਾਦਾਸ਼ਤ ਵਾਲੇ ਮਰੀਜ਼ਾਂ ਨੂੰ ਹਲਦੀ ਖੁਆਈ ਗਈ। ਹਲਦੀ ਵਿਚਲੇ ਐਂਟੀਆਕਸੀਡੈਂਟ ਅਤੇ ਕੁਰਕੁਮਿਨ ਨੇ ਦਿਮਾਗ਼ ਅੰਦਰ ਜੰਮੇ ਐਮੀਲਾਇਡ ਥੱਬੇ ਖੋਰ ਦਿੱਤੇ ਅਤੇ ਸਿਰੋਟੋਨਿਨ ਦੇ ਨਾਲ ਡੋਪਾਮੀਨ ਦੀ ਮਾਤਰਾ ਵਧਾ ਕੇ ਢਹਿੰਦੀ ਕਲਾ ਵੀ ਕਾਫ਼ੂਰ ਕਰ ਦਿੱਤੀ। ਸਿਰਫ਼ ਏਥੇ ਹੀ ਬਸ ਨਹੀਂ ਹੋਈ ਬਲਕਿ ਦਿਮਾਗ਼ ਵਿਚ ਨਵੇਂ ਸੈੱਲ ਬਣਾਉਣ ਵਿਚ ਵੀ ਹਲਦੀ ਦਾ ਵਧੀਆ ਅਸਰ ਲੱਭਿਆ। ਇਹ "ਨਿਊਰੋਟਰੋਪਿਕ ਫੈਕਟਰ" ਸਦਕਾ ਹੋਇਆ। ਖੋਜ ਵਿਚ ਸਾਰੇ ਮਰੀਜ਼ਾਂ ਨੂੰ 500 ਤੋਂ 2000 ਮਿਲੀਗ੍ਰਾਮ ਕੱਚੀ ਹਲਦੀ ਵਿਚ ਰੋਜ਼ ਕਾਲੀ ਮਿਰਚ ਰਲਾ ਕੇ ਦਿੱਤੀ ਗਈ ਸੀ। ਇਹ ਤਿੰਨ ਮਹੀਨੇ ਲਗਾਤਾਰ ਖਾਧੀ ਗਈ ਸੀ।

5. **ਬਰੌਕਲੀ** :- ਵਿਟਾਮਿਨ ਕੇ ਭਰਪੂਰ ਬਰੌਕਲੀ ਵੀ ਵਧੀਆ ਅਸਰ ਵਿਖਾਉਂਦੀ ਹੈ। ਇੱਕ ਕੱਪ ਰੋਜ਼ ਬਰੌਕਲੀ ਖਾਣ ਨਾਲ ਦਿਮਾਗ਼ ਵਿਚਲੇ ਸਫਿੰਗੋਲਿਪਿਡ ਵਧ ਗਏ ਲੱਭੇ, ਜੋ ਦਿਮਾਗ਼ ਦੇ ਸੈੱਲਾਂ ਦੇ ਕੰਮ ਕਾਰ ਲਈ ਲੋੜੀਂਦੇ ਹਨ।

6. **ਪੇਠੇ ਦੇ ਬੀਜ** :- ਮੈਗਨੀਸ਼ੀਅਮ, ਲੋਹ ਕਣ, ਜ਼ਿੰਕ ਅਤੇ ਕੌਪਰ ਦੇ ਨਾਲ ਢੇਰ ਸਾਰੇ ਐਂਟੀਆਕਸੀਡੈਂਟ ਦਿਮਾਗ਼ ਲਈ ਬਿਹਤਰੀਨ ਸਾਬਤ ਹੋ ਚੁੱਕੇ ਹਨ। ਰੋਜ਼ ਨਾਸ਼ਤੇ ਵਿਚ ਇੱਕ ਚਮਚ ਤਿੰਨ ਮਹੀਨੇ ਲਗਾਤਾਰ ਖਾ ਲੈਣੇ ਚਾਹੀਦੇ ਹਨ।

7. **ਡਾਰਕ ਚਾਕਲੇਟ** :- ਇਸ ਕਾਲੀ ਕੌੜੀ ਚਾਕਲੇਟ ਵਿਚ ਫਲੇਵੋਨਾਇਡ, ਕੈਫ਼ੀਨ ਅਤੇ ਐਂਟੀਆਕਸੀਡੈਂਟ ਭਰੇ ਪਏ ਹਨ। ਵਧਦੀ ਉਮਰ ਨਾਲ ਸੁੰਗੜਦਾ ਦਿਮਾਗ਼ ਵੀ ਇਸ ਦੀ ਵਰਤੋਂ ਨਾਲ ਦੇਰ ਤੱਕ ਚੁਸਤ ਦਰੁੱਸਤ ਰਹਿ ਸਕਦਾ ਹੈ। ਇਹ ਮੂਡ ਵੀ ਵਧੀਆ ਕਰ ਦਿੰਦੀ ਹੈ।

8. **ਸੁੱਕੇ ਮੇਵੇ** :- ਕੁੱਝ ਔਰਤਾਂ ਉੱਤੇ ਸੰਨ 2014 ਵਿਚ ਹੋਈ ਖੋਜ ਅਨੁਸਾਰ ਸੁੱਕੇ ਮੇਵੇ ਲਗਾਤਾਰ ਰੋਜ਼ ਇੱਕ ਮੁੱਠੀ ਖਾਣ ਵਾਲੀਆਂ ਔਰਤਾਂ ਦੀ ਯਾਦਾਸ਼ਤ ਦੂਜਿਆਂ ਨਾਲੋਂ ਵੱਧ ਤੇਜ਼ ਲੱਭੀ। ਓਮੇਗਾ ਤਿੰਨ ਫੈਟੀ ਏਸਿਡ, ਵਿਟਾਮਿਨ ਈ, ਐਂਟੀਆਕਸੀਡੈਂਟ ਸਦਕਾ ਇਹ ਅਸਰ ਲੱਭੇ।

9. **ਸੰਤਰੇ** :- ਇੱਕ ਵਿਚਕਾਰਲੇ ਮੇਲ ਦਾ ਸੰਤਰਾ ਰੋਜ਼ ਖਾਣਾ ਵੀ ਲਾਹੇਵੰਦ ਹੋ ਸਕਦਾ ਹੈ। ਇਸ ਵਿਚਲੇ ਵਿਟਾਮਿਨ ਸੀ ਸਦਕਾ ਇਹ ਅਸਰ ਦਿਸਦੇ ਹਨ।

10. **ਅੰਡੇ** :- ਵਿਟਾਮਿਨ ਬੀ 6, 12, ਫੋਲੇਟ ਅਤੇ ਕੋਲੀਨ ਜਿੱਥੇ ਯਾਦਾਸ਼ਤ ਵਧਾਉਣ ਵਿਚ ਮਦਦ ਕਰਦੇ ਹਨ, ਉੱਥੇ ਮੂਡ ਵੀ ਵਧੀਆ ਕਰ ਦਿੰਦੇ ਹਨ।

ਇੱਕ ਅੰਡੇ ਦੇ ਪੀਲੇ ਹਿੱਸੇ ਵਿਚ 112 ਮਿਲੀਗ੍ਰਾਮ ਕੋਲੀਨ ਹੈ, ਜੋ ਦਿਮਾਗ਼ ਨੂੰ ਚੁਸਤ-ਦਰੁੱਸਤ ਰੱਖਣ ਵਿਚ ਸਹਾਈ ਸਾਬਤ ਹੋ ਚੁੱਕੀ ਹੈ।

11. **ਹਰੀ ਚਾਹ** :- ਇਸ ਵਿਚਲਾ ਕੈਫ਼ੀਨ, ਥੀਆਨੀਨ (ਅਮਾਈਨੋ ਏਸਿਡ) ਦਿਮਾਗ਼ ਅੰਦਰ 'ਗਾਬਾ' ਵਧਾ ਕੇ ਦਿਮਾਗ਼ ਦੀ ਤਰਥੱਲੀ ਘਟਾ ਕੇ ਜਿੱਥੇ ਆਨੰਦ ਮਹਿਸੂਸ ਕਰਵਾਉਂਦੇ ਹਨ, ਉੱਥੇ ਸੈੱਲਾਂ ਦੀ ਗਿਣਤੀ ਵੀ ਘਟਣ ਨਹੀਂ ਦਿੰਦੇ।

ਬਸ ਇੱਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਇਹ ਖਾਣੇ ਜਾਦੂ ਟੂਣੇ ਵਾਂਗ ਅਸਰ ਨਹੀਂ ਵਿਖਾਉਂਦੇ, ਬਲਕਿ ਰੋਜ਼ ਖਾਂਦੇ ਰਹਿਣ ਨਾਲ ਹੀ ਚੰਗਾ ਅਸਰ ਛੱਡਦੇ ਹਨ।

**ਸਾਰ** :-ਹਰ ਸਾਲ ਦੁਨੀਆਂ ਭਰ ਵਿਚ 3.2 ਮਿਲੀਅਨ ਲੋਕ ਕਸਰਤ ਨਾ ਕਰਨ ਸਦਕਾ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਕੁੱਝ ਮੋਟਾਪੇ ਦੇ ਸ਼ਿਕਾਰ ਹੋ ਕੇ ਅਨੇਕ ਬੀਮਾਰੀਆਂ ਸਹੇੜ ਲੈਂਦੇ ਹਨ।

ਅੱਜ ਦੇ ਦਿਨ ਪੂਰੀ ਦੁਨੀਆਂ ਵਿਚ 55 ਮਿਲੀਅਨ ਲੋਕ ਯਾਦਾਸ਼ਤ ਦੀ ਕਮੀ ਨਾਲ ਜੂਝ ਰਹੇ ਹਨ ਅਤੇ ਹਰ ਸਾਲ ਇਸ ਗਿਣਤੀ 'ਚ 10 ਮਿਲੀਅਨ ਵਾਧਾ ਹੋ ਜਾਂਦਾ ਹੈ। ਬਹੁਤਿਆਂ ਨੂੰ ਇੰਜ ਹੀ ਧੱਕੇ ਖਾਣ ਲਈ ਘਰੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਬਥੇਰੇ ਘਰਾਂ ਅੰਦਰ ਬੰਨ੍ਹ ਕੇ ਰੱਖ ਦਿੱਤੇ ਜਾਂਦੇ ਹਨ। ਬਥੇਰੇ ਗ਼ਰੀਬ ਘਰਾਂ ਵਿਚਲੇ ਇਸ ਬੀਮਾਰੀ ਨਾਲ ਜੂਝਦੇ ਇਲਾਜ ਖੁਣੋਂ ਮੌਤ ਦੇ ਮੂੰਹ ਵੱਲ ਚਲੇ ਜਾਂਦੇ ਹਨ।

ਅੱਜ ਦੇ ਦਿਨ ਦੁਨੀਆਂ ਵਿਚਲੇ ਸਭ ਤੋਂ ਵੱਧ ਡੀਮੈਂਸ਼ੀਆ ਦੇ ਮਰੀਜ਼ ਕਤਰ, ਦੁਬਈ, ਬਹਿਰੀਨ, ਸਾਊਦੀ ਅਰਬ, ਓਮਾਨ, ਕੁਵੈਤ ਤੇ ਇਰਾਕ ਵਿਚ ਹਨ।

ਇਸ ਸਮੇਂ ਵਿਸ਼ਵ ਪੱਧਰ 'ਤੇ ਇਹ ਐਲਾਨ ਕਰ ਦਿੱਤਾ ਗਿਆ ਹੈ ਕਿ ਜੇ ਵੇਲੇ ਸਿਰ ਕਦਮ ਨਾ ਪੁੱਟੇ ਗਏ, ਤਾਂ ਸੰਨ 2050 ਤੱਕ ਡੀਮੈਂਸ਼ੀਆ ਦੇ ਮਰੀਜ਼ਾਂ ਦੀ ਗਿਣਤੀ ਹੁਣ ਤੋਂ ਤਿੰਨ ਗੁਣਾ (153 ਮਿਲੀਅਨ) ਵੱਧ ਹੋ ਜਾਣ ਵਾਲੀ ਹੈ, ਜੋ ਬਹੁਤ ਜ਼ਿਆਦਾ ਖ਼ਤਰਨਾਕ ਸਾਬਤ ਹੋ ਸਕਦੀ ਹੈ। ਅੱਜ ਦੇ ਦਿਨ ਭਾਰਤ ਵਿਚ ਵੀ 10 ਮਿਲੀਅਨ ਤੋਂ ਵੱਧ ਮਰੀਜ਼ ਭੁੱਲ ਜਾਣ ਦੀ ਬੀਮਾਰੀ ਨਾਲ ਜੂਝ ਰਹੇ ਹਨ, ਜਿਨ੍ਹਾਂ ਵਿਚੋਂ 60 ਸਾਲ ਦੀ ਉਮਰ ਤੋਂ ਵੱਧ 80 ਫੀਸਦੀ ਹਨ ਤੇ ਬਾਕੀ ਛੋਟੀ ਉਮਰ ਦੇ।

ਇਨ੍ਹਾਂ ਅੰਕੜਿਆਂ ਤੋਂ ਸਮਝ ਆ ਜਾਂਦੀ ਹੈ ਕਿ ਮੌਜੂਦਾ ਲੇਖ ਕੀ ਅਹਿਮੀਅਤ ਰੱਖਦਾ ਹੈ।

### ਕਿਵੇਂ ਪਤਾ ਲੱਗੇ ਕਿ ਭੁੱਲਣ ਦੀ ਬੀਮਾਰੀ ਸੀਰੀਅਸ ਹੋ ਰਹੀ ਹੈ ?

1. ਇੱਕੋ ਸਵਾਲ ਬਾਰ-ਬਾਰ ਪੁੱਛਿਆ ਜਾ ਰਿਹਾ ਹੋਵੇ
2. ਆਮ ਜਿਹੇ ਸ਼ਬਦ ਵੀ ਬੋਲਣ ਲੱਗਿਆਂ ਭੁੱਲਣ ਲੱਗ ਪੈਣ
3. ਲਫ਼ਜ਼ਾਂ ਵਿਚ ਗੜਬੜੀ ਜਿਵੇਂ ਮੇਜ਼ ਨੂੰ ਮੰਜਾ ਕਹਿ ਦੇਣਾ
4. ਕਿਸੇ ਚੀਜ਼ ਨੂੰ ਬਣਾਉਣ ਲੱਗਿਆਂ ਉਸ ਦਾ ਢੰਗ ਭੁੱਲਣ ਲੱਗ ਪਵੇ, ਜੋ ਰੋਜ਼ ਬਣਾਇਆ ਜਾਂਦਾ ਹੋਵੇ ਜਿਵੇਂ ਦਹੀਂ ਜਮਾਉਣਾ, ਦਾਲ ਬਣਾਉਣੀ ਆਦਿ।
5. ਉਟ ਪਟਾਂਗ ਚੀਜ਼ਾਂ ਕਰਨੀਆਂ ਜਿਵੇਂ ਤੜਕੇ ਵਿਚ ਚਾਹ ਪੱਤੀ ਪਾਉਣੀ ਜਾਂ ਪਰਸ ਰਸੋਈ ਦੇ ਫੱਟੇ ਉੱਤੇ ਰੱਖ ਦੇਣਾ, ਚਾਬੀ ਗੁਸਲਖਾਨੇ 'ਚ ਰੱਖ ਦੇਣੀ ਆਦਿ।
6. ਉਸੇ ਰਾਹ ਚੱਲਦਿਆਂ ਰਸਤਾ ਭੁੱਲ ਜਾਣਾ
7. ਰੋਜ਼ ਵਾਲਾ ਆਲਾ-ਦੁਆਲਾ ਵੇਖ ਕੇ ਵੀ ਯਾਦ ਨਾ ਆਵੇ ਕਿੱਧਰ ਜਾਣਾ ਹੈ
8. ਇਕਦਮ ਭੜਕ ਜਾਣਾ ਜਾਂ ਅਜੀਬ ਵਿਹਾਰ ਕਰਨ ਲੱਗ ਜਾਣਾ, ਜਿਸ ਪਿੱਛੇ ਓਨਾ ਮਾੜਾ ਕਿਹਾ ਹੀ ਨਾ ਗਿਆ ਹੋਵੇ।

ਜੇ ਅਜਿਹੇ ਲੱਛਣ ਦਿਸਣ ਤਾਂ ਬੰਦੇ ਨੂੰ ਤੁਰੰਤ ਸਿਆਣੇ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ।

# ਖੇਤੀ ਨੀਤੀ ਬਣਾਉਣ ਵਾਲਿਆਂ ਅੱਗੇ ਚੁਣੌਤੀਆਂ

ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000
(Punjab Mail USA)



ਪਿਛਲੇ ਤਕਰੀਬਨ ਅੱਠ ਮਹੀਨਿਆਂ ਤੋਂ ਪੰਜਾਬ ਦੀ ਖੇਤੀ ਨੀਤੀ ਤਿਆਰ ਕਰਨ ਲਈ ਕਮੇਟੀ ਦਾ ਗਠਨ ਕੀਤਾ ਸੀ, ਜਿਸ ਵਿਚ ਪੰਜਾਬ ਦੇ ਉੱਚ ਦਰਜੇ ਦੇ ਅਧਿਕਾਰੀ ਅਤੇ ਬੁੱਧੀਜੀਵੀ ਹਨ। ਮਾਰਚ ਵਿਚ ਨੀਤੀ ਬਣਾਉਣ ਲਈ ਕਿਸਾਨਾਂ ਬੁੱਧੀਜੀਵੀਆਂ ਤੋਂ ਵੀ ਸੁਝਾਅ ਲਏ ਗਏ। ਜੂਨ 30, 2023 ਨੂੰ ਇਸ ਕਮੇਟੀ ਨੇ ਰਿਪੋਰਟ ਦੇਣੀ ਸੀ। ਪਰ ਇਸ ਤੋਂ ਪਹਿਲਾਂ ਹੀ ਸਰਕਾਰ ਨੇ ਬਾਸਟਨ ਕੰਸਲਟੈਂਸੀ ਗਰੁੱਪ ਨੂੰ ਦੋ ਅਹਿਮ ਮੁੱਦਿਆਂ ’ਤੇ 5.95 ਕਰੋੜ ਦਾ ਠੇਕਾ ਦੇਣ ਦਾ ਫੈਸਲਾ ਕੀਤਾ। ਇਸ ਫੈਸਲੇ ਨੇ ਪੰਜਾਬ ਦੇ ਹੁਨਰਮੰਦ ਅਫ਼ਸਰਾਂ ਅਤੇ ਬੁੱਧੀਜੀਵੀਆਂ ’ਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਜੇ ਪਿਛੋਕੜ ਵੇਖੀਏ, ਤਾਂ ਪਿਛਲੀ ਸਰਕਾਰ ਨੇ ਵੀ ਕਰੋਨਾਂ ਦੌਰਾਨ ਖੇਤੀ ਨੂੰ ਸੰਕਟ ਵਿਚੋਂ ਕੱਢਣ ਲਈ ਨਵੀਂ ਦਿੱਲੀ ਅਤੇ ਬਾਹਰ ਦੇ ਵਿਸ਼ੇਸ਼ਕਾਂ ਦੀ ਆਹਲੂਵਾਲੀਆ ਕਮੇਟੀ ਬਣਾਈ ਸੀ। ਉਸ ਕਮੇਟੀ ’ਤੇ ਪਤਾ ਨਹੀਂ ਕਿੰਨਾ ਪੈਸਾ ਖਰਚਿਆ ਗਿਆ ਪਰ ਉਸ ਕਮੇਟੀ ਦੀ ਰਿਪੋਰਟ ਕਿਸੇ ਕੰਮ ਨਹੀਂ ਆਈ। ਬਾਸਟਨ ਗਰੁੱਪ ਤੋਂ ਵੀ ਕੋਈ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਵੇਲੇ ਗੱਲ ਹੈ ਕਿ ਜੋ ਵੀ ਕੋਈ ਖੇਤੀ ਨੀਤੀ ਬਣਾਉਂਦਾ ਹੈ, ਉਸਨੂੰ ਦੋ ਵੱਡੀਆਂ ਚੁਣੌਤੀਆਂ ਦੇ ਹੱਲ ਐਕਸ਼ਨ ਪਲੈਨ ਵੀ।

- ਪਹਿਲੀ ਪੰਜਾਬ ਦੇ ਪਾਣੀ ਦੀ ਬਚਤ ਕਿਵੇਂ ਕਰੀਏ ?
- ਦੂਜਾ ਪੰਜਾਬ ਦੇ ਕਿਸਾਨਾਂ ਦੀ ਆਮਦਨ ਕਿਵੇਂ ਵਧਾਈ ਜਾਵੇ ? ਤਾਂ ਕਿ ਉਹ ਕਰਜ਼ੇ ਦੇ ਜਾਲ ਵਿਚੋਂ ਨਿਕਲ ਸਕੇ।

ਇਸ ਵੇਲੇ ਪਾਣੀ ਬਚਾਉਣ ਲਈ ਦੋ ਗੱਲਾਂ ਪ੍ਰਚੱਲਤ ਹਨ ਇੱਕ ਕਿ ਫ਼ਸਲੀ ਚੱਕਰ ਬਦਲੋ ਅਤੇ ਦੂਜਾ ਪਾਣੀ ਦੀ ਕਫਾਇਤ ਲਈ ਇਸ ’ਤੇ ਸੈੱਸ ਲਾਓ ਜਾਂ ਘੱਟੋ-ਘੱਟ ਮੋਟਰਾਂ ਦੇ ਬਿੱਲ ਲਾਓ। ਜਿੱਥੋਂ ਤੱਕ ਸੈੱਸ ਜਾਂ ਬਿੱਲ ਲਾਉਣ ਦੀ ਗੱਲ ਹੈ, ਜਿੰਨਾ ਚਿਰ ਵੋਟ ਰਾਜਨੀਤੀ ਹੈ, ਕੋਈ ਵੀ ਸਰਕਾਰ ਇਸ ਨੂੰ ਤਿਆਰ ਨਹੀਂ ਹੋਣੀ। ਇਸ ਲਈ ਕੀ ਹੱਲ ਹੋ ਸਕਦਾ ਹੈ, ਕਮੇਟੀ ਇਸ ’ਤੇ ਪੁਖਤਾ ਪਲੈਨ ਬਣਾ ਕੇ ਦੇਵੇ।

| ਫ਼ਸਲੀ ਚੱਕਰ | ਈ.ਟੀ. ਸੈਂਟੀਮੀਟਰ ਦੋਨਾਂ ਦੀ | ਕੁੱਲ ਆਮਦਨ ਦੋਨੋ ਫ਼ਸਲਾਂ ਤੋਂ ਐੱਮ.ਐੱਸ.ਪੀ. ਤੇ ਨਿਰਧਾਰਤ | ਸਮੱਸਿਆਵਾਂ ਸਾਉਣੀ ਦੀ ਫਸਲਾਂ ਦੀ |
|---|---|---|---|
| ਝੋਨਾ-ਕਣਕ | 123 | 72632 | ਰੱਬ ਦੀ ਮਾਰ (ਕਿਤੇ-ਕਿਤੇ) |
| ਨਰਮਾ-ਕਣਕ | 115 | 72003 | ਗੁਲਾਬੀ ਸੁੰਡੀ, ਲੇਬਰ |
| ਬਾਜਰਾ-ਕਣਕ | 95 | 56759 | ਅਰਗਟ, ਪੰਛੀਆਂ ਦਾ ਹਮਲਾ |
| ਮੱਕੀ-ਕਣਕ | 110 | 61669 | ਮਹਿੰਗਾ ਬੀਜ, ਕੀੜੇ, ਬਾਰਸ਼ |
| ਮੂੰਗੀ-ਕਣਕ | 90 | 57989 | ਡਿਸਕਲਰੇਸ਼ਨ, ਕੀਟਨਾਸ਼ਕ |
| ਨਰਮਾ-ਸਰੋਂ | 100 | 58693 | ਗੁਲਾਬੀ ਸੁੰਡੀ, ਲੇਬਰ |
| ਬਾਜਰਾ-ਸਰੋਂ | 80 | 43449 | ਅਰਗਟ, ਪੰਛੀਆਂ ਦਾ ਹਮਲਾ |
| ਗੰਨਾ | 180 | 64229 | ਪੈਸੇ ਨਾ ਮਿਲਣਾ |

ਨੋਟ: ਈ ਟੀ (ਵਾਸ਼ਪੀਕਰਨ, ਫਸਲ ਜੋ ਪਾਣੀ ਵਧਣ ਲਈ ਲੈਂਦੀ ਅਤੇ ਧਰਤੀ ਵਿਚੋਂ ਉਪਰ ਹਵਾ ਵਿੱਚ ਜਾਂਦਾ ਹ)। ਇਸ ਬੱਜਟ ਵਿੱਚ ਮੁਨਾਫਾ ਐੱਮ.ਐੱਸ.ਪੀ. ਨਾਲ ਕੱਢਿਆ ਗਿਆ ਹੈ ਜੋ ਬਹੁਤੀਆਂ ਫ਼ਸਲਾਂ ਤੇ ਮਿਲਦੀ ਨਹੀਂ।

ਇਸ ਵਿਚ ਹਮੇਸ਼ਾ ਇੱਕ ਗਲਤ ਵਿਚਾਰਧਾਰਾ ਬਣੀ ਹੋਈ ਹੈ ਕਿ ਮੁਫ਼ਤ ਬਿਜਲੀ ਕਰਕੇ ਪੰਜਾਬ ਦੇ ਕਿਸਾਨ ਪਾਣੀ ਦੀ ਬਚਤ ਨਹੀਂ ਕਰਦੇ। ਇਸ ਵੇਲੇ ਜਿੰਨੀਆਂ ਫ਼ਸਲਾਂ ਪੰਜਾਬ ਵਿਚ ਹਨ, ਉਨ੍ਹਾਂ ਵਿਚੋਂ ਸਿਰਫ ਝੋਨਾ ਹੀ ਵੱਧ ਪਾਣੀ ਝੱਲ ਸਕਦਾ ਹੈ। ਬਾਕੀ ਫ਼ਸਲਾਂ ਚਾਹੇ ਨਰਮਾ, ਬਾਜਰਾ, ਮੱਕੀ, ਕਣਕ, ਜਵੀ, ਸਬਜ਼ੀਆਂ, ਹਰਾ ਚਾਰਾ, ਕੁੱਝ ਵੀ ਹੋਵੇ ਇਨ੍ਹਾਂ ਨੂੰ ਜੇ ਵੱਧ ਪਾਣੀ ਲੱਗ ਗਿਆ, ਤਾਂ ਇਹ ਖਰਾਬ ਹੋ ਜਾਂਦੀਆਂ ਹਨ। ਗੱਲ ਇਹ ਹੈ ਕਿ ਝੋਨਾ ਭਾਵੇਂ ਪੂਰਨ ਤੌਰ ’ਤੇ ਬੰਦ ਵੀ ਕਰ ਦਿਓ, ਫਿਰ ਵੀ ਪਾਣੀ ਨਹੀਂ ਬਚਣਾ। ਇਸ ਗੱਲ ਦੇ ਪਿੱਛੇ ਮੁੱਖ ਕਾਰਨ ਹੈ ਖੇਤੀ ਘਣਤਾ (ਕਰਾਪ ਇੰਟੈਨਸਿਟੀ)। ਇਸ ਵੇਲੇ ਫ਼ਸਲੀ ਘਣਤਾ 190 ਹੈ ਪਰ ਅਸਲ ਵਿਚ 240 ਤੋਂ ਘੱਟ ਨਹੀਂ। ਜੋ ਆਉਣ ਵਾਲੇ ਸਮੇਂ ਵਿਚ 300 ਤੱਕ ਪਹੁੰਚੇਗੀ।

ਇਸ ਵੇਲੇ ਸਾਨੂੰ ਸਮਝਣ ਦੀ ਲੋੜ ਹੈ ਕਿ ਜੇ ਕੋਈ ਫ਼ਸਲ ਝੋਨੇ ਦੀ ਆਮਦਨ ਦੇ ਨੇੜੇ-ਤੇੜੇ ਆਉਂਦੀ ਹੈ, ਯਾਨੀ ਆਮਦਨ ਪੱਖੋਂ ਕਿਸਾਨ ਦਾ ਘਰ ਪੂਰਾ ਕਰ ਸਕਦੀ ਹੈ, ਤਾਂ ਉਹ ਹੈ ਨਰਮਾ। ਇਸ ਵੇਲੇ ਨਰਮੇ ਨੂੰ ਗੁਲਾਬੀ ਸੁੰਡੀ ਦੀ ਮਾਰ ਪਈ ਹੈ। ਇਸ ਵਿਚ ਰੌਲਾ ਹੈ ਕਿ ਨਰਮੇ ਦਾ ਬੀਜ ਹੀ ਸਹੀ ਨਹੀਂ। ਸਾਨੂੰ ਪਹਿਲਾਂ ਤਾਂ ਚੰਗੇ ਬੀਜ ਦੀ ਤਲਾਸ਼ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਜੇ ਕੋਈ ਹੋਰ ਫ਼ਸਲ ਲਾਉਂਦੇ ਹਾਂ, ਤਾਂ ਉਸਦਾ ਨਾ ਤਾਂ ਝਾੜ ਹੈ ਅਤੇ ਨਾ ਹੀ ਉਸਦੀ ਐੱਮ.ਐੱਸ.ਪੀ. ’ਤੇ ਖਰੀਦ ਹੈ, ਜਿਸ ਕਰਕੇ ਆਮਦਨ ਘੱਟ ਜਾਂਦੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਲੋਕ ਆਮਦਨ ਨੂੰ ਬਰਕਰਾਰ ਰੱਖਣ ਲਈ ਤੀਜੀ ਫ਼ਸਲ ਲਾਉਣਗੇ। ਇਹ ਤਾਂ ਸਿਰਫ ਝੋਨੇ ਦੇ ਬਦਲ ’ਤੇ ਗੱਲ ਹੋ ਰਹੀ ਹੈ। ਇਕ ਗੱਲ ਸਮਝਣ ਦੀ ਲੋੜ ਹੈ ਕਿ ਜੇ ਝੋਨੇ ਨੂੰ 180 ਸੈਂਟੀਮੀਟਰ ਪਾਣੀ ਲੱਗਦਾ ਹੈ, ਤਾਂ ਉਸ ਵਿਚ 73 ਸੈਂਟੀਮੀਟਰ ਫਸਲ ਲੈਂਦੀ ਹੈ, ਬਾਕੀ 107 ਸੈਂਟੀਮੀਟਰ ਦੁਬਾਰਾ ਧਰਤੀ ਵਿਚ ਚਲਾ ਜਾਂਦਾ ਹੈ। 107 ਸੈਂਟੀਮੀਟਰ ਪਾਣੀ ਲਈ ਬਿਜਲੀ ਦਾ ਖਰਚਾ ਹੈ, ਪਾਣੀ ਦਾ ਨੁਕਸਾਨ ਨਹੀਂ। ਇਸ ਵਿਚ ਜੇ ਕਣਕ ਵੀ ਬਦਲਣੀ ਹੈ ਤਾਂ ਫਿਰ ਚੌਥੀ ਫ਼ਸਲ ਵੀ ਆਊਗੀ, ਯਾਨੀ ਪਾਣੀ ਦੀ ਹੋਰ ਖਪਤ।

**ਮਹਿੰਗੀਆਂ ਫ਼ਸਲਾਂ** : ਇਸ ਵਿਚ ਕਈ ਪਾਸਿਓਂ ਸਲਾਹ ਆ ਰਹੀ ਹੈ ਕਿ ਪੰਜਾਬ ਦੀ ਖੇਤੀ ਵਿਚ ਉਹ ਫ਼ਸਲਾਂ ਲਿਆਉਣੀ ਚਾਹੀਦੀਆਂ ਹਨ, ਜਿਨ੍ਹਾਂ ਦਾ ਮੁੱਲ ਜ਼ਿਆਦਾ ਹੋਵੇ ਅਤੇ ਪਾਣੀ ਦੀ ਖਪਤ ਘੱਟ। ਇਸ ਵਿਚ ਮੁੱਖ ਤੌਰ ’ਤੇ ਦਾਲਾਂ, ਤੇਲ ਬੀਜ ਫ਼ਸਲਾਂ ਨੂੰ ਤਰਜੀਹ ਮਿਲੇ ਪਰ ਸ਼ਾਇਦ ਇਹ ਗੱਲਾਂ ਹਕੀਕਤ ਤੋਂ ਦੂਰ ਹਨ। ਇਸ ਵੇਲੇ ਮੁੱਖ ਸਮੱਸਿਆ ਹੈ ਕਿ ਪਹਿਲਾਂ ਤਾਂ ਇਨ੍ਹਾਂ ਫ਼ਸਲਾਂ ਦਾ ਝਾੜ ਘੱਟ ਹੈ, ਇਸੇ ਕਰਕੇ ਇਨ੍ਹਾਂ ਦੀ ਐੱਮ.ਐੱਸ.ਪੀ. ਜ਼ਿਆਦਾ ਹੈ। ਇਸ ਵੇਲੇ ਸੋਚਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਵਿਚ ਇਨ੍ਹਾਂ ਦੀ ਮੰਗ, ਪੈਦਾਵਾਰ ਨਾਲੋਂ ਜ਼ਿਆਦਾ ਹੈ। ਇਸ ਕਰਕੇ ਸਰਕਾਰ ਇਨ੍ਹਾਂ ਦਾ ਆਯਾਤ ਵੀ ਕਰਦੀ ਹੈ। ਸਾਲ 2022-23 ਵਿਚ ਭਾਰਤ ਨੇ 20.84 ਮਿਲੀਅਨ ਟਨ ਖਾਣ ਵਾਲਾ ਤੇਲ ਆਯਾਤ ਕੀਤਾ। ਇਹ ਤਕਰੀਬਨ ਕੁੱਲ ਮੰਗ ਦਾ 70 ਫੀਸਦੀ ਬਣਦਾ ਹੈ। ਇਸੇ ਤਰ੍ਹਾਂ 2.52 ਮਿਲੀਅਨ ਟਨ ਦਾਲਾਂ ਸਰਕਾਰ ਨੇ ਪਿਛਲੇ ਸਾਲ ਬਾਹਰਲੇ ਦੇਸ਼ਾਂ ਵਿਚੋਂ ਮੰਗਵਾਈਆਂ। ਇਸੇ ਸੰਦਰਭ ਵਿਚ ਪਿਛਲੇ ਸਾਲ ਤੋਂ ਸਰਕਾਰਾਂ ਤੇਲ, ਬੀਜ, ਫ਼ਸਲਾਂ ਅਤੇ ਦਾਲਾਂ ਵੱਲ ਕਿਸਾਨਾਂ ਨੂੰ ਮੋੜਨ ਦੀ ਕੋਸ਼ਿਸ਼ ਕਰ ਰਹੀ ਸੀ। ਕਿਸਾਨਾਂ ਨੇ ਪਿਛਲੀ ਵਾਰ ਨਾਲੋਂ ਇਸ ਵਾਰ ਇਨ੍ਹਾਂ ਫ਼ਸਲਾਂ ਦੀ ਪੈਦਾਵਾਰ ਵਿਚ ਹੋਰ ਵਾਧਾ ਕੀਤਾ। ਨਤੀਜਾ ਭਾਅ ਹੇਠਾਂ ਡਿੱਗ ਪਏ ਅਤੇ ਕਿਸਾਨਾਂ ਨੂੰ ਨਿਰਾਸ਼ਾ ਹੋਈ। ਦੇਸ਼ ਵਿਚ ਕਮੀ ਹੋਣ ਦੇ ਬਾਵਜੂਦ ਵੀ ਜੋ ਹਰਿਆਣੇ ਵਿਚ ਸੂਰਜਮੁਖੀ ਜਿਸ ਦੀ ਐੱਮ.ਐੱਸ.ਪੀ. 6400/- ਰੁਪਏ ਕੁਇੰਟਲ ਸੀ ਪਰ ਕਿਸਾਨ ਉਸਨੂੰ 4000/- ਰੁਪਏ ਕੁਇੰਟਲ ਵੇਚਣ ਲਈ ਮਜਬੂਰ ਸੀ। ਇਸੇ ਤਰ੍ਹਾਂ ਪੰਜਾਬ ਵਿਚ ਸੱਠੀ ਮੂੰਗੀ ਐੱਮ.ਐੱਸ.ਪੀ. ਤੋਂ ਤਕਰੀਬਨ 485/- ਤੋਂ 955/- ਰੁਪਏ ਕੁਇੰਟਲ ਘੱਟ ਵਿੱਕ ਰਹੀ ਹੈ। ਸਰਕਾਰ ਨੇ ਖਰੀਦਣ ਤੋਂ ਨਾਂਹ ਕਰ ਦਿੱਤੀ ਹੈ। ਇਹ ਗੱਲਾਂ ਕਿਸਾਨਾਂ ਨੂੰ ਇਸ ਪਾਸੇ ਨੂੰ ਆਉਣ ਨਹੀਂ ਦਿੰਦੀਆਂ।

**ਕੇਂਦਰ ਨਾਲ ਤਾਲਮੇਲ** : ਖੇਤੀ ਨੀਤੀ ਭਾਵੇਂ ਸੂਬੇ ਦੀ ਤਿਆਰ ਹੋ ਰਹੀ ਹੈ ਪਰ ਇਸਦਾ ਕੇਂਦਰ ਨਾਲ ਤਾਲਮੇਲ ਜ਼ਰੂਰੀ ਹੈ। ਹਾਲ ਹੀ ਵਿਚ ਕੇਂਦਰ ਨੇ ਕਰਨਾਟਕ ਨੂੰ ਚੌਲ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦਾ ਮੁੱਖ ਕਾਰਨ ਸੀ ਉੱਥੇ ਸਰਕਾਰ ਕੇਂਦਰ ਦੀ ਸੱਤਾਧਾਰੀ ਪਾਰਟੀ ਤੋਂ ਉਲਟ ਹੈ। ਇਹ ਚੁਣੌਤੀ ਕੱਲ੍ਹ ਨੂੰ ਪੰਜਾਬ ਅੱਗੇ ਵੀ ਖੜ੍ਹੀ ਹੋ ਸਕਦੀ ਹੈ। ਇਸ ਵੇਲੇ ਵੀ ਕੇਂਦਰ ਕੋਈ ਵਿਭਿੰਨਤਾ ਨਹੀਂ ਚਾਹੁੰਦਾ। ਕੇਂਦਰ ਕੋਲ ਇਸ ਵੇਲੇ ਜੋ ਸਾਰਾ ਅਨਾਜ ਅੱਡ-ਅੱਡ ਸਕੀਮਾਂ ਤਹਿਤ ਵੰਡ ਕੇ ਬਚਦਾ ਹੈ, ਉਹ ਹੈ ਕਣਕ 88 ਲੱਖ ਟਨ ਅਤੇ ਚੌਲ 292 ਲੱਖ ਟਨ ਹਨ। ਇਸ ਵਿਚ ਸਰਕਾਰ ਨੇ ਪਿਛਲੇ ਮਹੀਨੇ ਵੱਡੇ ਥੋਕ ਵਪਾਰੀ ਅਤੇ ਰੀਟੇਲ ਵਾਲਿਆਂ ਦੀ ਸਟੋਰ ਕਰਨ ਦੀ ਸੀਮਾ ਘਟਾਈ ਹੈ। ਸਰਕਾਰ ਕਣਕ ਦੀ ਆਯਾਤ ’ਤੇ ਡਿਊਟੀ 40 ਫੀਸਦੀ ਤੋਂ ਘਟਾਉਣ ਦੀ ਸੋਚ ਰਹੀ ਹੈ, ਜਿਸਦਾ ਮਤਲਬ ਪੰਜਾਬ ਵਿਚ ਫਸਲੀ ਵਿਭਿੰਨਤਾ ਲਿਆਉਣ ਲਈ ਕੇਂਦਰ ਤੋਂ ਮਦਦ ਦੀ ਝਾਕ ਨਹੀਂ ਰੱਖਣੀ ਚਾਹੀਦੀ।

**ਕਿਸਾਨ ਦੀ ਆਮਦਨ:** ਸਾਲ 2019 ਵਿਚ ਪੰਜਾਬ ਵਿਚ ਪਰਿਵਾਰ ਦੀ ਔਸਤ ਆਮਦਨ 26700/- ਰੁਪਏ ਸੀ, ਜਿਸ ਵਿਚ 12597/- ਰੁਪਏ ਫ਼ਸਲਾਂ ਤੋਂ 4457 ਰੁਪਏ ਪਸ਼ੂਆਂ ਤੋਂ (ਦੁੱਧ, ਮੀਟ, ਉੱਨ ਅਤੇ ਪਸ਼ੂ ਵੇਚਕੇ), 1014 ਰੁਪਏ ਖੇਤੀ ਤੋਂ ਇਲਾਵਾ ਕੋਈ ਕੰਮ ਾਰ, 5981/- ਰੁਪਏ ਉਜਰਤ (ਨੌਕਰੀ ਜਾਂ ਦਿਹਾੜੀ ਤੋਂ) ਅਤੇ 2652/- ਰੁਪਏ ਜ਼ਮੀਨ ਨੂੰ ਕਿਰਾਏ ’ਤੇ ਦੇ ਕੇ। ਇਨ੍ਹਾਂ ਅੰਕੜਿਆਂ ਨੂੰ ਜੇ ਬਰੀਕੀ ਨਾਲ ਘੋਖੀਏ, ਤਾਂ ਔਸਤ ਆਮਦਨ ਦਾ 64 ਫੀਸਦੀ ਹਿੱਸਾ ਭਾਵ 17054 ਰੁਪਏ ਨਿਰੋਲ ਖੇਤੀ ਅਤੇ ਪਸ਼ੂਆਂ ਤੋਂ ਆਉਂਦੀ ਹਨ। ਜਿਹੜੇ ਪਰਿਵਾਰਾਂ ਕੋਲ ਕੋਈ ਨੌਕਰੀ ਜਾਂ ਕੋਈ ਹੋਰ ਕੰਮ ਧੰਦਾ ਨਹੀਂ, ਉਨ੍ਹਾਂ ਦੀ ਆਮਦਨ ਸਿਰਫ 17000/- ਰੁਪਏ ਹੈ। ਇਸ ਵੇਲੇ ਸਰਕਾਰੀ ਨੌਕਰੀ ’ਤੇ ਲੱਗੇ ਚੌਥੇ ਦਰਜੇ ਦੇ ਮੁਲਾਜ਼ਮ ਦੀ ਘੱਟੋ-ਘੱਟ ਉਜਰਤ 18000/- ਰੁਪਏ ਮਹੀਨਾ ਬਣਦੀ ਹੈ, ਮਤਲਬ ਪੰਜਾਬ ਦਾ ਕਿਸਾਨ ਪੰਜਾਬ ਸਰਕਾਰ ਦੇ ਸੇਵਾਦਾਰ ਤੋਂ ਵੀ ਹੇਠਾਂ ਹੈ।

ਅੱਜ ਪੰਜਾਬ ਦੇ ਹਾਲਾਤ ਇਹ ਹਨ, ਜਿਨ੍ਹਾਂ ਦੀ ਜੇਬ ਵਿਚ ਪੈਸੇ ਹਨ, ਉਨ੍ਹਾਂ ਨੂੰ ਪ੍ਰਦੂਸ਼ਣ ਅਤੇ ਭਵਿੱਖ ਲਈ ਪਾਣੀ ਦੀ ਚਿੰਤਾ ਸਤਾਉਂਦੀ ਹੈ। ਕਿਸਾਨਾਂ ਦੇ ਹਾਲਾਤ ਇਹ ਹਨ ਕਿ ਅੱਜ ਦੀ ਲੋੜ ਪੂਰੀ ਹੋਵੇ, ਕੱਲ ਨੂੰ ਦੇਖੀ ਜਾਵੇ। ਇਸ ਕਰਕੇ ਸਰਕਾਰ ਪਹਿਲਕਦਮੀ ਕਰਕੇ ਕਿਸਾਨਾਂ ਦੀ ਸਾਰ ਲਵੇ।

## ਅੱਗੇ ਲਈ ਰਸਤਾ :

- ਪਾਣੀ ਨੂੰ ਬਚਾਉਣ ਲਈ ਫ਼ਸਲੀ ਵਭਿੰਨਤਾ ਵੱਲ ਕਿਸਾਨ ਨੂੰ ਮੋੜਨ ਲਈ ਕੁੱਝ ਨੁਕਤੇ ਅਪਨਾਉਣ ਦੀ ਲੋੜ ਹੈ। ਸੂਬਾ ਸਰਕਾਰ 23 ਫਸਲਾਂ ਤੋਂ ਇਲਾਵਾ ਬਾਕੀ ਫ਼ਸਲਾਂ ’ਤੇ ਐੱਮ.ਐੱਸ.ਪੀ. ਆਪ ਨਿਸ਼ਚਿਤ ਕਰੇ।
- ਫਸਲੀ ਵਿਭਿੰਨਤਾ ਮਾਰਕਿਟ ਇੰਟੈਲੀਜੈਂਸ ਦੇ ਹਿਸਾਬ ਨਾਲ ਤਹਿ ਹੋਵੇ।
- ਮਾਰਕਿਟ ਇੰਟੈਲੀਜੈਂਸ ਸੈੱਲ ਇਸ ’ਤੇ ਵੀ ਕੰਮ ਕਰੇ, ਕਿਹੜੀਆਂ ਫਸਲਾਂ ਨਿਰਯਾਤ ਕੀਤੀਆਂ ਜਾ ਸਕਦੀਆਂ ਹਨ ਅਤੇ ਲਾਹੇਵੰਦ ਹੋ ਸਕਦੀਆਂ ਹਨ।
- ਇੱਕ ਕਾਨੂੰਨ ਬਣੇ, ਜਿਸ ਤਹਿਤ ਸਰਕਾਰੀ ਮੰਡੀ ਵਿਚ ਜੋ ਫਸਲ ਵਿਕੇ, ਉਹ ਐੱਮ.ਐੱਸ.ਪੀ. ਤੋਂ ਹੇਠਾਂ ਨਾ ਵਿਕੇ, ਖਰੀਦਦਾਰ ਭਾਵੇਂ ਕੋਈ ਹੋਵੇ।
- ਪਿੰਡ ਪੱਧਰ ’ਤੇ ਸਟੋਰ ਬਣਨ, ਉਹ ਭਾਵੇਂ ਪੀ.ਪੀ.ਪੀ. ਮਾਡਲ ਤਹਿਤ ਹੀ ਹੋਵੇ।
- ਪੇਂਡੂ ਖੇਤਰ ਦੀ ਬੇਰੁਜ਼ਗਾਰੀ ਅਤੇ ਆਮਦਨ ਦੀ ਸਮੱਸਿਆ ਦੂਰ ਕਰਨ ਲਈ ਪਿੰਡ ਪੱਧਰ ’ਤੇ ਪ੍ਰੋਸੈਸਿੰਗ ਯੂਨਿਟ ਖੁੱਲ੍ਹਣ ਜਿਨ੍ਹਾਂ ਵਿਚ ਕਿਸਾਨਾਂ ਦੀ ਹਿੱਸੇਦਾਰੀ ਹੋਵੇ ਅਤੇ ਮਾਰਕੀਟਿੰਗ ਵਿਚ ਸਰਕਾਰੀ ਏਜੰਸੀਆਂ ਮਦਦ ਕਰਨ।
- ਖੇਤੀ ਯੂਨੀਵਰਸਿਟੀ ਨੂੰ ਖੋਜ ਲਈ, ਖੁੱਲ੍ਹਾ ਟਾਰਗੇਟ ਬੇਸਡ ਪੈਸਾ ਮਿਲੇ ਕਿ ਉਹ ਬਦਲਵੀਆਂ ਫ਼ਸਲਾਂ ਦੇ ਵੱਧ ਝਾੜ ਵਾਲੇ ਬੀਜ ਤਿਆਰ ਕਰਨ।

## ‘ਯਾਦ ਰੱਖਣ ਯੋਗ ਗੱਲਾਂ’

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਜਦੋਂ ਤੱਕ ਕੈਦੋਂ ਦਰੋਗੇ ਬਣਦੇ ਰਹਿਣਗੇ, ਰਾਂਝਿਆਂ ਨੂੰ ਦਸ ਨੰਬਰੀਏ ਬਣਨ ਤੋਂ ਬਚਾਉਣਾ ਔਖਾ ਹੈ।
- ਜੇ ਬਾਗ ਕਿੱਕਰਾਂ ਦੇ ਲਾਵਾਂਗੇ ਤਾਂ (ਸੀਰ) ਵੀ ਕੰਡਿਆਂ ਨਾਲ ਹੀ ਪਵੇਗੀ।
- ਵਕਤ ਨੂੰ ਥੋੜ੍ਹਾ ਵਕਤ ਦਿਉ, ਤਾਂ ਬੁਰਾ ਵਕਤ ਵੀ ਚੰਗਾ ਵਕਤ ਬਣ ਜਾਂਦਾ ਹੈ।
- ਖੁਦ ਨੂੰ ਗਿੱਦੜ ਨਾ ਸਮਝੋ, ਸ਼ੇਰ ਇਥੇ ਕੋਈ ਵੀ ਨਹੀਂ ਹੈ,, ਇਹ ਡਿਸਕਵਰੀ ਚੈਨਲ ਦੇ ਕੈਮਰਿਆਂ ਨੇ ਹੁਣ ਸਿੱਧ ਕੀਤਾ ਹੈ ਪਰ ਦਸ਼ਮੇਸ਼ ਪਿਤਾ ਜੀ ਨੇ ਇਹ ਪ੍ਰਮਾਣ ਸਾਢੇ ਤਿੰਨ ਸੌ ਵਰ੍ਹੇ ਪਹਿਲਾਂ ਹੀ ਦੇ ਦਿੱਤਾ ਸੀ।
- ਹਉਮੈ ਅਤੇ ਹੰਕਾਰ ਨੂੰ ਜਿੰਨਾ ਕੰਟਰੋਲ ਵਿਚ ਰੱਖ ਸਕੋ ਰੱਖੋ ਕਿਉਂਕਿ ਜਦੋਂ ਇਹ ਇੱਕ ਲੈਵਲ ਤੋਂ ਪਾਰ ਹੋ ਜਾਵੇ, ਤਾਂ ਇਨਸਾਨ ਅਪਰਾਧ ਨੂੰ ਅਪਰਾਧ ਨਹੀਂ ਸਮਝਦਾ, ਸ਼ੇਖੀ ਸਮਝਣ ਲੱਗਦਾ ਹੈ।
- ਮਾਤਾ-ਪਿਤਾ ਦੀ ਜਿੰਨੀ ਸੇਵਾ ਕਰ ਸਕਦੇ ਹੋ ਕਰੋ ਕਿਉਂਕਿ ਮਾਤਾ-ਪਿਤਾ ਦੀ ਸੇਵਾ ਨਾਲ ਰੱਬ ਮਿਲ ਸਕਦਾ। ਮਾਤਾ-ਪਿਤਾ ਚਲੇ ਜਾਣ ਤਾਂ ਰੱਬ ਦੀ ਜਿੰਨੀ ਮਰਜ਼ੀ ਸੇਵਾ ਕਰੋ, ਮਾਤਾ-ਪਿਤਾ ਨਹੀਂ ਮਿਲਣੇ।
- ਜਿਹੜਾ ਵਿਸ਼ਵਾਸ ਦੁਨੀਆਂ ਵਿਚ ਸਭ ਤੋਂ ਵੱਧ ਕੀਤਾ ਜਾਂਦਾ ਹੈ, ਉਸ ਵਿਸ਼ਵਾਸ ਦਾ ਨਾਮ ਅੰਧ ਵਿਸ਼ਵਾਸ ਹੈ।
- ਅਸੀਂ ਹਮੇਸ਼ਾਂ ਦੌਲਤ ਗਿਣਦੇ ਹਾਂ, ਉਦੋਂ ਕਿੰਨੀ ਸੀ, ਅੱਜ ਕਿੰਨੀ ਵਧ ਗਈ। ਕਦੇ ਸਾਹ ਨਹੀਂ ਗਿਣਦੇ, ਉਸ ਦਿਨ ਕਿੰਨੇ ਸਨ, ਅੱਜ ਕਿੰਨੇ ਰਹਿ ਗਏ ? (Punjab Mail USA)

## ਅਸਰ

### ਵਿਅੰਗਮਈ ਵਿਚਾਰ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਬਾਬਾ ਬਖਤੌਰਾ ਕਹਿੰਦਾ, 2014 ਵਿਚ ਸਰਕਾਰ ਨੇ ਸੱਤਾ ਵਿਚ ਆਉਣ ਵਾਸਤੇ ਅੰਨਾ ਹਜ਼ਾਰੇ ਦੀ ਪ੍ਰਧਾਨਗੀ ਹੇਠ ਇੱਕ ਗਰੁੱਪ ਬਣਿਆ, ਜਿਸ ਵਿਚ ਕਿਹਾ ਗਿਆ ਸੀ ਕਿ ਪੈਟਰੋਲ, ਰਸੋਈ ਗੈਸ, ਡਾਲਰ ਅਤੇ ਹੋਰ ਬਹੁਤ ਕੁਝ ਰਾਸ਼ਨ ਅਤੇ ਦਵਾਈਆਂ ਆਦਿ ਵੀ ਸਸਤੇ ਮਿਲਣਗੇ, ਇਸ ਵਾਅਦੇ ਕਾਰਨ ਪੂਰਨ ਬਹੁਮਤ ਨਾਲ ਸਰਕਾਰ ਆ ਗਈ, ਪਰ ਕਿਹੜੀ ਛੈਅ ਕਿਵੇਂ ਮਿਲੀ, ਸਭ ਦੇ ਸਾਹਮਣੇ ਹੈ। ਉਸ ਬ੍ਰਿਗੇਡ ਵੱਲੋਂ ਦਿਖਾਇਆ ਗਿਆ ਊਠ ਦਾ ਬੁੱਲ੍ਹ ਅਜੇ ਵੀ ਲਮਕ ਰਿਹੈ। ਮੌਜੂਦਾ ਹਾਲਾਤ ਤੁਹਾਡੇ ਸਾਹਮਣੇ ਹੀ ਨੇ। ਬਹੁਤੇ ਲੋਕ ਨੁਕਤਾਚੀਨੀ ਅਤੇ ਵਿਰੋਧ ਕਰ-ਕਰ ਹੰਭ ਗਏ ਪਰ ਕੋਈ ਅਸਰ ਨਹੀਂ ਹੋਇਆ। ਹੁਣ ਲੋਕਾਂ ਦੀ ਸੋਚ ਹੈ ਕਿ ਸਰਕਾਰਾਂ ਦਾ ਵਿਰੋਧ ਕਰਨ ਦੀ ਥਾਂ ਮਹਿੰਗਾਈ ਕਰਨ ਅਤੇ ਕਰਾਉਣ ਲਈ ਸਰਕਾਰ ਦਾ ਧੰਨਵਾਦ ਕਰਨਾ ਸ਼ੁਰੂ ਕਰੀਏ ਕਿ ਬਹੁਤ-ਬਹੁਤ ਧੰਨਵਾਦ ਹੈ ਏਨੇ ਵਧੀਆ ਹਾਲਾਤਾਂ ਵਾਸਤੇ ਮਹਿੰਗਾਈ ਕੰਟਰੋਲ ਵਿਚ ਹੈ, ਨੌਕਰੀਆਂ ਵਾਧੂ ਹਨ, ਲੋਕ ਵਿਦੇਸ਼ਾਂ ਵੱਲ ਜਾਣੋਂ ਹਟ ਗਏ ਹਨ। ਸ਼ਾਇਦ ਇਸ ਤਰ੍ਹਾਂ ਕਰਨ ਨਾਲ ਢੀਠਤਾਈ ਦਾ ਹੀ ‘ਅਸਰ’ ਹੋ ਜਾਵੇ।

## ਕੈਂਸਰ, ਐੱਚ.ਆਈ.ਵੀ. ਨਾ ਹੋਵੇ ਚਟਣੀ ਨੁਸ਼ਕਾ

### ਕੰਡਾ ਦਵਾਖਾਨਾ ਮੋਗਾ ਵਲੋਂ ਨੁਸ਼ਕਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



**ਸੱਮਗਰੀ** : ਇੱਕ ਚੁਕੰਦਰ, ਇੱਕ ਟਮਾਟਰ, ਇੱਕ ਪਿਆਜ, ਪੰਜ ਪੀਸ ਲਸਣ, ਦੋ ਹਰੀਆਂ ਮਿਰਚਾਂ, ਇੱਕ ਚਮਚ ਅਧਰਕ, ਇੱਕ ਮੁੱਠੀ ਪੁਦੀਨਾ, ਕਾਲੀ ਮਿਰਚ, ਜੀਰਾ-ਜਮੈਣ ਦੋ-ਦੋ ਚੁਟਕੀ ਤੇ ਦੋ ਚਮਚ ਕਲੌਂਜੀ ਸਿਰਕਾ।

**ਵਿਧੀ** : ਇਹ ਸਾਰੇ ਸਮਾਨ ਨੂੰ ਕੂੰਡੇ ’ਚ ਕੁਟ ਲਉ ਤੇ ਰੋਟੀ ਨਾਲ ਹਰ ਰੋਜ਼ ਖਾਉ। ਕਦੇ ਬਿਮਾਰੀ ਨਹੀਂ ਲਗੂਗੀ। ਕਰ ਭਲਾ ਹੋ ਭਲਾ

# ਅਮਰੀਕਾ ਦੇ ਫ਼ਿਲਮ, ਟੀ.ਵੀ. ਲੇਖਕਾਂ ਦੀ ਹੜਤਾਲ ਦਾ ਪ੍ਰਭਾਵ

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)





ਲੇਖਕਾਂ ਦੀ ਹੜਤਾਲ ਕਾਰਨ ਅਮਰੀਕਾ 'ਚ ਫ਼ਿਲਮ ਉਦਯੋਗ ਦੀਆਂ ਸਰਗਰਮੀਆਂ ਠੱਪ ਹੋ ਗਈਆਂ ਹਨ। ਅਜਿਹਾ ਪਹਿਲੀ ਵਾਰ ਵਾਪਰਿਆ ਹੈ। ਰਾਈਟਰਜ਼ ਗਿੱਲਡ ਆਫ਼ ਅਮਰੀਕਾ (ਡਬਲਯੂ.ਜੀ.ਏ.) ਨੇ 2 ਮਈ 2023 ਤੋਂ ਹੜਤਾਲ 'ਤੇ ਜਾਣ ਦਾ ਫ਼ੈਸਲਾ ਲਿਆ ਸੀ। ਇਸ ਦਾ ਅਰਥ ਇਹ ਹੈ ਕਿ ਹੜਤਾਲ ਆਰੰਭ ਹੋਣ ਉਪਰੰਤ ਉਹ ਕੋਈ ਵੀ ਟੀ.ਵੀ. ਸੀਰੀਅਲ ਦੀ ਨਵੀਂ ਕਿਸ਼ਤ ਜਾਂ ਫ਼ਿਲਮ ਦੀ ਕਹਾਣੀ ਨਹੀਂ ਲਿਖਣਗੇ। ਲੇਖਕਾਂ ਦੇ ਅਜਿਹਾ ਕਰਨ ਨਾਲ ਸੀਰੀਅਲਾਂ ਅਤੇ ਫ਼ਿਲਮਾਂ ਦਾ ਮੁਕੰਮਲ ਕੰਮਕਾਰ ਠੱਪ ਹੋ ਗਿਆ। ਸਾਰੇ ਕਾਮੇ-ਕਰਮਚਾਰੀ ਵਿਹਲੇ ਹੋ ਗਏ। ਮੀਡੀਆ ਵਿਚ ਚਾਰੇ ਪਾਸੇ ਹੜਤਾਲ ਦੀ ਚਰਚਾ ਹੋਣ ਲੱਗੀ। ਸਭ ਤੋਂ ਵੱਧ ਪ੍ਰਭਾਵਤ ਟੈਲੀਵਿਜ਼ਨ ਦੇ ਨਾਟਕ, ਕਾਮੇਡੀ ਸ਼ੋਅ, ਦੇਰ ਰਾਤ ਪ੍ਰਸਾਰਿਤ ਹੋਣ ਵਾਲੇ ਟਾਕ ਸ਼ੋਅ ਹੋਏ ਹਨ। ਨਵੀਆਂ ਫ਼ਿਲਮਾਂ ਦਾ ਨਿਰਮਾਣ-ਕਾਰਜ ਰੁੱਕ ਗਿਆ ਹੈ।

'ਰਾਈਟਰਜ਼ ਗਿੱਲਡ ਆਫ਼ ਅਮੈਰਿਕਾ' 11000 ਲੇਖਕਾਂ ਦੀ ਸ਼ਕਤੀਸ਼ਾਲੀ ਜਥੇਬੰਦੀ ਹੈ। ਇਹ ਉਹ ਲੇਖਕ ਹਨ, ਜਿਹੜੇ ਟੈਲੀਵਿਜ਼ਨ 'ਤੇ ਰੋਜ਼ਾਨਾ ਪ੍ਰਸਾਰਿਤ ਹੋਣ ਵਾਲੇ ਸੀਰੀਅਲਾਂ ਦੀਆਂ ਸਕਰਿਪਟ ਲਿਖਦੇ ਹਨ। ਫ਼ਿਲਮਾਂ ਦੀਆਂ ਕਹਾਣੀਆਂ ਲਿਖਦੇ ਹਨ। ਵਾਰਤਾਲਾਪ ਲਿਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਮਾਂ, ਮਾਹੌਲ ਅਤੇ ਕੰਮ-ਢੰਗ ਬਦਲਣ ਨਾਲ ਆਨਲਾਈਨ ਮੀਡੀਆ ਤੇ ਮਨੋਰੰਜਨ ਦੇ ਇਸ ਯੁੱਗ ਵਿਚ ਬਤੌਰ ਲੇਖਕ ਉਨ੍ਹਾਂ ਦਾ ਮਹੱਤਵ ਘੱਟ ਗਿਆ ਹੈ। ਉਨ੍ਹਾਂ ਨੂੰ ਪਹਿਲਾਂ ਨਾਲੋਂ ਵਧੇਰੇ ਸਮਾਂ ਕੰਮ ਕਰਨਾ ਪੈ ਰਿਹਾ ਹੈ ਪਰੰਤੂ ਮਿਹਨਤਾਨਾ ਘੱਟ ਦਿੱਤਾ ਜਾ ਰਿਹਾ ਹੈ।

ਦਰਅਸਲ 'ਰਾਈਟਰਜ਼ ਗਿੱਲਡ ਆਫ਼ ਅਮੈਰਿਕਾ' ਦਾ ਅਮਰੀਕਾ ਵਿਚ ਫ਼ਿਲਮਾਂ ਅਤੇ ਟੈਲੀਵਿਜਨ ਦੀ ਤਿਆਰੀ ਲਈ ਸਟੂਡੀਓ ਅਤੇ ਹੋਰ ਸੇਵਾਵਾਂ ਮਹੱਈਆ ਕਰਨ ਵਾਲੀ ਜਥੇਬੰਦੀ 'ਅਲਾਈਂਸ ਆਫ਼ ਮੋਸ਼ਨ ਪਿਕਚਰ ਐਂਡ ਟੈਲੀਵਿਜ਼ਨ ਪ੍ਰੋਡਿਊਸਰਜ਼' (AMPTP) ਨਾਲ ਲਿਖਤੀ ਸਮਝੌਤਾ ਸੀ। ਸਮਝੌਤਾ ਖ਼ਤਮ ਹੋ ਗਿਆ ਪਰੰਤੂ ਆਖ਼ਰੀ ਤਾਰੀਖ ਤੱਕ ਉਸ ਨੂੰ ਨਵਿਆਇਆ ਨਹੀਂ ਗਿਆ। ਕਿਉਂਕਿ ਦੋਹਾਂ ਧਿਰਾਂ ਦੀ ਮੰਗਾਂ 'ਤੇ ਸਹਿਮਤੀ ਨਹੀਂ ਬਣ ਸਕੀ।

ਇਸ ਹੜਤਾਲ ਨੂੰ ਉਦੋਂ ਹੋਰ ਬਲ ਮਿਲਿਆ, ਜਦੋਂ ਫ਼ਿਲਮ ਅਤੇ ਟੈਲੀਵਿਜ਼ਨ ਪਰਦੇ ਦੇ ਅਦਾਕਾਰ ਵੀ ਇਸ ਵਿਚ ਸ਼ਾਮਲ ਹੋ ਗਏ। ਦੋ ਮਈ ਤੋਂ ਅੱਜ ਤੱਕ ਹੜਤਾਲ ਜਿਉਂ ਦੀ ਤਿਉਂ ਜਾਰੀ ਹੈ ਅਤੇ ਇਸਦੇ ਪ੍ਰਭਾਵ ਦਾ ਦਾਇਰਾ ਹੋਰ ਮੋਕਲਾ ਹੁੰਦਾ ਜਾ ਰਿਹਾ ਹੈ। ਕਈ ਸ਼ੋਅ ਰੱਦ ਕਰਨੇ ਪੈ ਰਹੇ ਹਨ। ਕਈ ਪ੍ਰੋਡਕਸ਼ਨ ਹਾਊਸ ਬੰਦ ਹੋਣ ਕਿਨਾਰੇ ਪਹੁੰਚ ਗਏ ਹਨ।

ਹੌਲੀਵੁਡ ਵਿਚ ਹੜਤਾਲਾਂ ਹੁੰਦੀਆਂ ਰਹਿੰਦੀਆਂ ਹਨ ਪਰੰਤੂ ਲੇਖਕਾਂ ਅਤੇ ਅਦਾਕਾਰਾਂ ਦੀ ਇਕੱਠੀ ਹੜਤਾਲ 63 ਸਾਲ ਬਾਅਦ ਹੋਈ ਹੈ। 'ਸਕਰੀਨ ਐਕਟਰਜ਼ ਗਿੱਲਡ' ਨਾਲ ਇਕ ਲੱਖ ਸੱਤ ਹਜ਼ਾਰ ਕਲਾਕਾਰ ਜੁੜੇ ਹੋਏ ਹਨ, ਜਿਸਨੇ 'ਰਾਈਟਰਜ਼ ਗਿੱਲਡ ਆਫ਼ ਅਮੈਰਿਕਾ' ਦਾ ਸਾਥ ਦਿੱਤਾ ਹੈ। ਭਾਵੇਂ ਦੋਹਾਂ ਦੀਆਂ ਆਪਣੀਆਂ ਆਪਣੀਆਂ ਮੰਗਾਂ ਹਨ ਪਰ ਇਕੱਠੇ ਹੋਣ ਨਾਲ ਹੜਤਾਲ ਦਾ ਪ੍ਰਭਾਵ, ਦਾਇਰਾ ਤੇ ਮਹੱਤਵ ਵਧ ਗਿਆ ਹੈ।

ਇਸ ਹੜਤਾਲ ਦੇ ਅਨੇਕਾਂ ਪਹਿਲੂ ਹਨ। ਜਿੱਥੇ ਫ਼ਿਲਮ ਉਦਯੋਗ 'ਤੇ ਸੰਕਟ ਦੇ ਬੱਦਲ ਛਾ ਗਏ ਹਨ, ਉਥੇ ਫ਼ਿਲਮ ਅਤੇ ਟੈਲੀਵਿਜ਼ਨ ਉਦਯੋਗ ਦੇ ਛੋਟੇ ਕਰਮਚਾਰੀ ਬਿਪਤਾ ਵਿਚ ਘਿਰ ਗਏ ਹਨ। ਉਨ੍ਹਾਂ ਦੀ ਰੋਟੀ ਰੋਜ਼ੀ ਮੁਸ਼ਕਲ ਵਿਚ ਪੈ ਗਈ ਹੈ। ਹੜਤਾਲ ਦਾ ਹੋਰ ਵੀ ਵਿਆਪਕ ਅਸਰ ਹੋ ਰਿਹਾ ਹੈ। ਹੜਤਾਲ ਵਿਚ ਸ਼ਾਮਲ ਸਾਰੀਆਂ ਧਿਰਾਂ ਫ਼ਿਲਮ ਫੈਸਟੀਵਲ, ਐਵਾਰਡ ਸ਼ੋਅ, ਪ੍ਰਮੋਸ਼ਨ ਗਤੀਵਿਧੀਆਂ ਅਤੇ ਅਜਿਹੇ ਹੋਰ ਪ੍ਰੋਗਰਾਮਾਂ ਦਾ ਬਾਈਕਾਟ ਕਰ ਰਹੀਆਂ ਹਨ।

ਟੈਲੀਵਿਜ਼ਨ ਚੈਨਲ ਪੁਰਾਣੀਆਂ ਕੜੀਆਂ ਦੁਹਰਾਉਣ ਲਈ ਮਜਬੂਰ ਹੋ ਗਏ ਹਨ। ਕੁਝ ਨੇ ਸੀਰੀਅਲਾਂ ਦਾ ਪ੍ਰਸਾਰਨ ਰੋਕ ਦਿੱਤਾ ਹੈ। ਫ਼ਿਲਮਾਂ ਦੀ ਰਲੀਜ਼ ਅੱਗੇ ਪਾਉਣੀ ਪੈ ਰਹੀ ਹੈ। ਬਹੁਤ ਸਾਰੇ ਹੋਰ ਕੰਮ-ਕਾਰੋਬਾਰ ਠੱਪ ਹੋ ਗਏ ਹਨ, ਜਿਹੜੇ ਸਿੱਧੇ-ਅਸਿੱਧੇ ਤੌਰ 'ਤੇ ਹੌਲੀਵੁਡ ਦੀ ਆਰਥਿਕਤਾ ਨਾਲ ਜੁੜੇ ਹੋਏ ਹਨ। ਉਦਾਹਰਨ ਵਜੋਂ ਉਸ ਇਲਾਕੇ ਦੇ ਹੋਟਲ, ਰੈਸਟੋਰੈਂਟ ਅਤੇ ਆਵਾਜਾਈ ਦੇ ਸਾਧਨ।


ਹੜਤਾਲ 'ਤੇ ਗਏ ਲੇਖਕ ਬਦਲਦੇ ਹਾਲਾਤਾਂ ਮੁਤਾਬਕ ਵਧੇਰੇ ਮਿਹਨਤਾਨਾ ਚਾਹੁੰਦੇ ਹਨ। ਇਹ ਤਾਂ ਹੈ ਪਰੰਤੂ ਮਾਮਲਾ ਇਸ ਤੋਂ ਵਧੇਰੇ ਗੁੰਝਲਦਾਰ ਹੈ। ਫ਼ਿਲਮ ਅਤੇ ਟੈਲੀਵਿਜ਼ਨ ਬਜ਼ਾਰ ਵਿਚ ਵੱਡੀਆਂ ਤਬਦੀਲੀਆਂ ਵਾਪਰ ਰਹੀਆਂ ਹਨ। ਅਕਸਰ ਹੁੰਦਾ ਇਹ ਹੈ ਕਿ ਲੇਖਕ ਨੂੰ ਇਕ ਵਾਰ ਸਕਰਿਪਟ ਦਾ ਮਿਹਨਤਾਨਾ ਦੇ ਦਿੱਤਾ ਜਾਂਦਾ ਹੈ। ਪਰੰਤੂ ਅੱਜਕੱਲ੍ਹ ਸ਼ੋਅ, ਲੜੀਵਾਰ ਅਤੇ ਹੋਰ ਪ੍ਰੋਗਰਾਮ ਕਈ ਵਾਰ ਵਿਖਾਏ, ਦੁਹਰਾਏ ਜਾਂਦੇ ਹਨ। ਉਦੋਂ ਲੇਖਕ ਨੂੰ ਲਾਂਭੇ ਰੱਖਿਆ ਜਾਂਦਾ ਹੈ। ਲੇਖਕ ਚਾਹੁੰਦੇ ਹਨ ਕਿ ਲਿਖਤੀ ਸਮਝੌਤੇ ਵਿਚ ਇਸਦਾ ਅਵੱਸ਼ ਜ਼ਿਕਰ ਕੀਤਾ ਜਾਏ। ਲੇਖਕ ਇਹ ਵੀ ਚਾਹੁੰਦੇ ਹਨ ਕਿ ਵੱਖ-ਵੱਖ ਚੈਨਲਾਂ ਅਤੇ ਹੋਰ ਮੰਚਾਂ ਜਿਵੇਂ ਨੈੱਟਫਲਿਕਸ, ਐੱਚ.ਬੀ.ਓ. ਮੈਕਸ ਆਦਿ ਵੱਲੋਂ ਦਿੱਤੀ ਜਾਂਦੀ ਰਕਮ 'ਚ ਇਕਸਾਰਤਾ ਲਿਆਂਦੀ ਜਾਵੇ। ਕਿਉਂਕਿ ਕੁਝ ਚੈਨਲ ਅਤੇ ਹੋਰ ਮੰਚ ਮੁਕਾਬਲਤਨ ਬਹੁਤ ਘੱਟ ਮਿਹਨਤਾਨਾ ਦਿੰਦੇ ਹਨ।

ਅਮਰੀਕਾ ਦੇ ਟੈਲੀਵਿਜ਼ਨ ਚੈਨਲਾਂ 'ਤੇ ਪ੍ਰਸਾਰਿਤ ਹੁੰਦੀ ਅੰਤਰਰਾਸ਼ਟਰੀ ਵਿਸ਼ਾ-ਸਮੱਗਰੀ ਜਿਉਂ ਦੀ ਤਿਉਂ ਪ੍ਰਸਾਰਿਤ ਹੋ ਰਹੀ ਹੈ ਪਰੰਤੂ ਹੜਤਾਲ ਕਾਰਨ ਸਥਾਨਕ ਪੱਧਰ 'ਤੇ ਤਿਆਰ ਕੀਤੇ ਜਾਂਦੇ ਪ੍ਰੋਗਰਾਮ ਅਤੇ ਸ਼ੋਅ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ।

# ਹੈਪੇਟਾਈਟਸ ਦੇ ਵੱਧ ਰਹੇ ਅੰਕੜੇ ਨੇ ਵਧਾਈ ਚਿੰਤਾ

**"ਉਡੀਕ ਨਾ ਕਰੋ, ਆਪਣੀ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਹੈਪੇਟਾਈਟਸ ਦਾ ਟੈਸਟ ਕਰਾਓ। ਹਰ ਸਾਲ, ਹੈਪੇਟਾਈਟਸ ਨਾਲ 10 ਲੱਖ ਤੋਂ ਵੱਧ ਜਾਨਾਂ ਚਲੀਆਂ ਜਾਂਦੀਆਂ ਹਨ। ਅੱਜ ਵਾਇਰਲ ਹੈਪੇਟਾਈਟਸ ਦੇ ਖਾਤਮੇ ਦੇ ਯਤਨਾਂ ਨੂੰ ਤੇਜ਼ ਕਰਨ ਲਈ ਇੱਕ ਕਾਲ ਹੈ ਅਤੇ ਰੋਗੀਆਂ ਦੀ ਜਾਂਚ 'ਤੇ ਇਲਾਜ ਦੀ ਤੁਰੰਤ ਲੋੜ ਹੈ" - ਅਨਿਲ ਧੀਰ**


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਦੁਨੀਆਂ ਭਰ ਵਿਚ 28 ਜੁਲਾਈ, 2023 ਨੂੰ ਵਿਸ਼ਵ ਹੈਪੇਟਾਈਟਸ ਦਿਵਸ ਵਾਇਰਲ ਹੈਪੇਟਾਈਟਸ ਪ੍ਰਤੀ ਜਾਗਰੂਕਤਾ ਦੇ ਤੌਰ 'ਤੇ ਮਨਾਇਆ ਗਿਆ। ਜਿਗਰ ਦੀ ਸੋਜ਼ਿਸ਼, ਜੋ ਕਿ ਜਿਗਰ ਦੀ ਗੰਭੀਰ ਬਿਮਾਰੀ ਅਤੇ ਹੈਪੇਟੋਸੈਲੂਲਰ ਕੈਂਸਰ ਦਾ ਕਾਰਨ ਬਣਦਾ ਹੈ। ਇਸ ਸਾਲ ਦਾ ਥੀਮ ਹੈ "ਹੈਪੇਟਾਈਟਸ ਇੰਤਜ਼ਾਰ ਨਹੀਂ ਕਰ ਸਕਦਾ", ਜੋ ਕਿ 2030 ਤੱਕ ਹੈਪੇਟਾਈਟਸ ਨੂੰ ਜਨਤਕ ਸਿਹਤ ਲਈ ਖਤਰੇ ਵਜੋਂ ਖਤਮ ਕਰਨ ਲਈ ਲੋੜ ਮੁਤਾਬਿਕ ਯਤਨ ਕਰਨਾ ਹੈ। ਹਰ 30 ਸਕਿੰਟਾਂ ਵਿਚ 1 ਆਦਮੀ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ।

ਵਿਸ਼ਵ ਸਿਹਤ ਸੰਸਥਾ ਮੁਤਾਬਿਕ ਹਰ ਸਾਲ ਕਰੀਬਨ 1,200,000 ਲੋਕ ਹੈਪੇਟਾਈਟਸ ਬੀ ਅਤੇ ਸੀ ਦੀ ਇਨਫੈਕਸ਼ਨ ਕਾਰਨ ਮੌਤ, ਲਗਭਗ 9,500,000 ਲੋਕ ਗੰਭੀਰ ਹੈਪੇਟਾਈਟਸ ਸੀ ਦੀ ਇਨਫੈਕਸ਼ਨ ਦਾ ਇਲਾਜ ਕਰਵਾ ਰਹੇ ਹਨ। 10% ਹੈਪੇਟਾਈਟਸ ਬੀ ਵਾਇਰਸ ਦੀ ਗੰਭੀਰ ਇਨਫੈਕਸ਼ਨ ਵਾਲੇ ਲੋਕ ਸਾਹਮਣੇ ਆਉਂਦੇ ਹਨ, ਜਿਨਾਂ ਵਿਚੋਂ 22% ਇਲਾਜ ਕਰਵਾਉਂਦੇ ਹਨ। ਵਿਸ਼ਵ ਪੱਧਰ 'ਤੇ ਕਰੀਬਨ 42% ਬੱਚਿਆਂ ਨੂੰ ਹੈਪੇਟਾਈਟਸ ਬੀ ਦਾ ਵੈਕਸੀਨ ਮਿਲਦਾ ਹੈ।

ਹੈਪੇਟਾਈਟਸ ਏ, ਬੀ, ਸੀ, ਡੀ, ਈ ਮੁੱਖ ਸਟ੍ਰੇਨ ਅਤੇ ਹੈਪੇਟਾਈਟਸ ਬੀ, ਸੀ ਦੇ ਨਤੀਜੇ ਵਜੋਂ ਕਰੀਬਨ 3.3 ਮਿਲੀਅਨ ਨਵੀਂ ਇਨਫੈਕਸ਼ਨ ਅਤੇ 1.1 ਮਿਲੀਅਨ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਹੈਪੇਟਾਈਟਸ ਏ ਇਕ ਟੀਕਾ-ਰੋਕਥਾਮ ਯੋਗ ਜਿਗਰ ਦੀ ਇਨਫੈਕਸ਼ਨ ਐੱਚ.ਏ. ਵੀ ਵਾਇਰਸ ਰਾਹੀਂ ਹੁੰਦੀ ਹੈ। ਇੱਕ ਤੋਂ ਦੂਜੇ ਤੱਕ ਫੈਲਣ ਵਾਲੀ ਹੈਪੇਟਾਈਟਸ ਏ ਦਾ ਵਾਇਰਸ ਪੀੜਤਾਂ ਦੇ ਖ਼ੂਨ ਤੇ ਮੱਲ ਵਿਚ ਮੌਜੂਦ ਰਹਿੰਦਾ ਹੈ। ਕਿਸੇ ਵੀ ਪੀੜਤ ਦੇ ਨੇੜਲੇ ਸੰਪਰਕ, ਦੂਸ਼ਿਤ ਭੋਜਨ ਅਤੇ ਪਾਣੀ ਦੁਆਰਾ ਤੰਦਰੁਸਤ ਸਰੀਰ ਅੰਦਰ ਥਕਾਵਟ, ਉਲਟੀ, ਪੇਟ ਦਰਦ ਅਤੇ




ਪੀਲੀਆ ਵਗੈਰਾ ਲੱਛਣ 2 ਮਹੀਨੇ ਤੱਕ ਰਹਿ ਸਕਦੇ ਹਨ।

ਹੈਪੇਟਾਈਟਸ ਬੀ ਵਾਇਰਸ ਸੰਕਰਮਿਤ ਵਿਅਕਤੀ ਦੁਆਰਾ ਖ਼ੂਨ, ਸੈਕਸ ਸੰਪਰਕ, ਸੂਈਆਂ, ਸਰਿੰਜਾਂ, ਨਸ਼ਾ-ਨਿਜੈਕਸ਼ਨ ਉਪਕਰਣਾਂ ਨੂੰ ਸਾਂਝਾ ਕਰਨਾ, ਜਨਮ ਤੋਂ ਬਾਅਦ ਮਾਂ ਤੋਂ ਬੱਚੇ ਤੱਕ ਐੱਚ.ਬੀ.ਵੀ. ਦੇ ਲੱਛਣ ਹਰ ਆਦਮੀ ਵਿਚ ਦੇਖਣ ਨੂੰ ਨਹੀਂ ਮਿਲਦੇ। ਲਗਾਤਾਰ ਥਕਾਵਟ, ਭੁੱਖ ਘੱਟ ਲਗਣਾ, ਪੀਲੀਆ, ਘਬਰਾਹਟ, ਉਲਟੀ ਅਤੇ ਪੇਟ ਦਰਦ ਦੇ ਲੱਛਣ ਸਾਹਮਣੇ ਆਉਂਦੇ ਹਨ। ਹੈਪੇਟਾਈਟਸ ਬੀ ਦੀ ਗੰਭੀਰ ਇਨਫੈਕਸ਼ਨ ਲੰਬੇ ਸਮੇਂ ਤੱਕ ਰਹਿਣ ਤੋਂ ਬਾਅਦ ਜਿਗਰ ਦੇ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ। ਹੈਪੇਟਾਈਟਸ ਬੀ ਵਾਲੇ ਕਰੀਬਨ 90% ਬੱਚਿਆਂ ਅੰਦਰ ਗੰਭੀਰ ਇਨਫੈਕਸ਼ਨ ਦਾ ਵਿਕਾਸ ਜਾਰੀ ਰਹਿੰਦਾ ਹੈ।

ਹੈਪੇਟਾਈਟਸ ਸੀ ਜਿਗਰ ਦੀ ਇਨਫੈਕਸ਼ਨ ਹੈ, ਜੋ ਐੱਚ.ਸੀ.ਵੀ. ਵਾਇਰਸ ਦੁਆਰਾ ਪੀੜਤ ਦੇ ਖ਼ੂਨ ਦੇ ਸੰਪਰਕ ਰਾਹੀਂ ਫੈਲਦੀ ਹੈ। ਡਰਗਜ਼-ਨਸ਼ੇ ਇੰਜੈਕਸ਼ਨ, ਸੂਈਆਂ ਸਾਂਝਾ ਕਰਨ ਨਾਲ ਇਹ ਇਨਫੈਕਸ਼ਨ ਹੋ ਜਾਂਦੀ ਹੈ। ਕੁੱਝ ਲੋਕਾਂ ਵਿਚ ਘੱਟ ਸਮੇਂ ਤੱਕ ਅਤੇ ਲੰਬੇ ਸਮੇਂ ਤੱਕ ਰਹਿਣ ਨਾਲ ਗੰਭੀਰ ਹਾਲਤ ਹੋ ਜਾਂਦੀ ਹੈ। ਗੰਭੀਰ ਹੈਪੇਟਾਈਟਸ ਸੀ ਦੀ ਹਾਲਤ ਵਿਚ ਰੋਗੀ ਕੋਈ ਲੱਛਣ ਮਹਿਸੂਸ ਨਹੀਂ ਕਰਦੇ। ਇਨਫੈਕਟਿਡ ਲੋਕ ਬਿਮਾਰੀ ਦਾ ਵਿਕਾਸ ਤੇਜ਼ੀ ਨਾਲ ਕਰਦੇ ਹਨ।

## ਬਚਾਅ ਵਿਚ ਹੀ ਬਚਾਅ :

- 1-2 ਸਾਲ ਦੇ ਬੱਚਿਆਂ ਨੂੰ ਟੀਕਾ ਦਿੱਤਾ ਜਾਂਦਾ ਹੈ। ਜਿਨ੍ਹਾਂ ਬੱਚਿਆਂ ਨੂੰ 2-18 ਸਾਲ ਦੀ ਉਮਰ ਤੱਕ ਟੀਕਾ ਨਹੀਂ ਮਿਲਿਆ, ਉਸ ਨੂੰ ਕੈਚ ਅਪ ਟੀਕਾਕਰਨ ਕਿਹਾ ਜਾਂਦਾ ਹੈ।
- ਹੈਪੇਟਾਈਟਸ ਏ ਦਾ ਲੱਛਣਾਂ ਦੇ ਮੁਤਾਬਿਕ ਇਲਾਜ ਹੈਲਪ ਕਰ ਸਕਦਾ ਹੈ। ਹੈਪੇਟਾਈਟਸ ਬੀ ਲਈ ਕੋਈ ਦਵਾਈ ਨਹੀਂ ਹੈ। ਜਿਗਰ ਦੀ ਬਿਮਾਰੀ ਵੱਧਣ ਦੀ ਹਾਲਤ ਵਿਚ ਨਿਗਰਾਣੀ ਦੀ ਜ਼ਿਆਦਾ ਲੋੜ ਹੋ ਜਾਂਦੀ ਹੈ। ਐਂਟੀਵਾਇਰਲ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪੁਰਾਣੀ ਹੈਪੇਟਾਈਟਸ ਸੀ ਦੇ ਲਈ ਦਵਾਈਆਂ ਮੌਜੂਦ ਹਨ। ਮੌਜੂਦਾ ਇਲਾਜ ਵਿਚ 8-12 ਹਫਤਿਆਂ ਲਈ ਔਰਲ ਥੇਰੈਪੀ ਦਿੱਤੀ ਜਾਂਦੀ ਹੈ, ਜਿਸਦਾ ਕਰੀਬਨ 90% ਲੋਕਾਂ ਵਿਚ ਮਾੜਾ ਅਸਰ ਵੀ ਦੇਖਿਆ ਜਾਂਦਾ ਹੈ।
- ਹੈਪੇਟਾਈਟਸ ਏ ਲਈ ਟੈਸਟ ਕਰਨ ਦੀ ਨਿਯਮਤ ਤੌਰ 'ਤੇ ਸਿਫਾਰਸ਼ ਨਹੀਂ ਕੀਤੀ ਜਾਂਦੀ। ਹੈਪੇਟਾਈਟਸ ਬੀ ਵਿਚ ਗਰਭਵਤੀ ਔਰਤਾਂ, ਐੱਚ.ਬੀ.ਵੀ.-ਪੀੜਿਤ ਮਾਵਾਂ ਨੂੰ ਪੈਦਾ ਹੋਏ ਬੱਚਿਆਂ ਦੇ ਲਗਾਤਾਰ ਟੈਸਟ ਕੀਤੇ ਜਾਂਦੇ ਹਨ।
- ਸੀ.ਡੀ.ਸੀ. ਅਮਰੀਕਾ ਨੇ ਇੰਜੈਕਸ਼ਨ ਦੁਆਰਾ ਨਸ਼ਾ ਲੈਣ ਦੌਰਾਣ ਇਸਤੇਮਾਲ ਸੂਈਆਂ, ਸਰਿੰਜਾਂ, ਸਾਂਝੀਆਂ ਕਰਨ ਵਾਲੇ ਅਤੇ ਹੈਪੇਟਾਈਟਸ ਸੀ ਵਾਲੇ ਲੋਕਾਂ ਦੀ ਜਾਂਚ ਕਰਨ ਜ਼ਰੂਰੀ ਹੋ ਜਾਂਦੀ ਹੈ। ਅੰਗ ਦਾਨ ਤੋਂ ਬਾਅਦ ਟਰਾਂਸਪਲਾਂਟ ਅੰਗ ਵਾਲੇ ਲੋਕਾਂ ਦੀ ਅਤੇ ਐੱਚ.ਸੀ.ਵੀ. ਇਨਫੈਕਟਿਡ ਮਾਂ ਦੇ ਬੱਚਿਆਂ ਦੀ ਜਾਂਚ ਕੀਤੀ ਜਾਂਦੀ ਹੈ।

ਨੋਟ : ਕਿਸੇ ਵੀ ਸ਼ੱਕ ਜਾਂ ਪੀਲੀ ਚਮੜੀ ਜਾਂ ਅੱਖਾਂ, ਪਿਸ਼ਾਬ-ਮਲ ਦਾ ਪੀਲਾ ਰੰਗ, ਭੁੱਖ 'ਚ ਕਮੀ, ਪੇਟ ਦਾ ਦਰਦ, ਬੁਖਾਰ, ਦਸਤ ਆਉਣੇ, ਸਰੀਰ ਤੇ ਮਨ ਥੱਕਿਆ ਰਹਿਣਾ ਅਤੇ ਜੋੜਾਂ ਅੰਦਰ ਦਰਦ ਰਹਿਣ ਦੀ ਹਾਲਤ ਵਿਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਆਪਣੇ ਖ਼ੂਨ ਦੀ ਜਾਂਚ ਕਰਾਓ। ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਆਪਣੇ ਸਾਥੀ ਨਾਲ ਇਮਾਨਦਾਰੀ ਵਰਤੋ। ਬਾਹਰੀ ਯੌਨ-ਸੰਪਰਕ ਤੋਂ ਹਮੇਸ਼ਾ ਬਚੋ। ਕੰਡੋਮ ਆਮ ਇਨਫੈਕਸ਼ਨ ਤੋਂ ਬਚਾ ਸਕਦਾ ਹੈ। ਹੈਪੇਟਾਈਟਸ ਸੀ ਦਾ ਕੋਈ ਟੀਕਾ ਨਹੀਂ ਹੈ। ਬਿਮਾਰੀ ਪੈਦਾ ਕਰਨ ਵਾਲੇ ਕਾਰਨਾਂ ਤੋਂ ਦੂਰ ਰਹਿ ਕੇ ਅਤੇ ਪਰਹੇਜ਼ ਕਰਕੇ ਹੀ ਆਪਣੇ-ਆਪ ਤੇ ਸਾਹਮਣੇ ਵਾਲੇ ਨੂੰ ਬਚਾਇਆ ਜਾ ਸਕਦਾ ਹੈ।

# ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਪਾਤਸ਼ਾਹੀ ਪਹਿਲੀ, ਛੇਵੀਂ, ਦਸਵੀਂ

-ਦਿਲਜੀਤ ਸਿੰਘ ਬੇਦੀ
(Punjab Mail USA)





ਨਿਹੰਗ ਸਿੰਘਾਂ ਦੀ ਸ਼੍ਰੋਮਣੀ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਹੈ, ਜਿਸ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਹਨ, ਦੇ ਪ੍ਰਬੰਧ ਹੇਠ ਅਨੇਕਾਂ ਹੀ ਇਤਿਹਾਸਕ ਗੁਰਦੁਆਰਾ ਸਾਹਿਬਾਨ ਹਨ। ਸਤਾਰਵੀਂ, ਅਠਾਰਵੀਂ ਸਦੀ ਵਿਚ ਸਾਰੇ ਗੁਰਧਾਮਾਂ ਦਾ ਪ੍ਰਬੰਧ ਬੁੱਢਾ ਦਲ ਪਾਸ ਸੀ। ਬੁੱਢਾ ਦਲ ਦਾ ਪ੍ਰਬੰਧ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਜੇ ਤਖ਼ਤ ਸਾਹਿਬਾਨਾਂ 'ਤੇ ਵੀ ਰਿਹਾ। ਔਖੇ ਤੇ ਬਦਲਵੇ ਹਲਾਤਾਂ ਵਿਚ ਅੰਗਰੇਜ਼ਾਂ ਨੇ 1925 ਦਾ ਐਕਟ ਬਣਾ ਕੇ ਸ਼੍ਰੋਮਣੀ ਕਮੇਟੀ ਬਣਾ ਦਿੱਤੀ। ਕੁੱਝ ਗੁਰਧਾਮ ਮਹੰਤ ਸ਼੍ਰੇਣੀ ਨੂੰ ਸੌਂਪ ਦਿੱਤੇ ਗਏ, ਜਿਸ ਗੁਰਦੁਆਰਾ ਸਾਹਿਬਾਨ ਦੀ ਸਾਂਝ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ, ਇਹ ਇਤਿਹਾਸਕ ਅਸਥਾਨ ਤਿੰਨ ਪਾਤਸ਼ਾਹੀਆਂ ਦੀ ਚਰਨਛੋਹ ਪ੍ਰਾਪਤ ਹੈ।

ਗੁਰਦੁਆਰਾ ਅਕਾਲਗੜ੍ਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹੀ ਪਹਿਲੀ, ਜ਼ਿਲ੍ਹਾ ਫਰੀਦਕੋਟ, ਤਹਿਸੀਲ ਜੈਤੋਂ ਦਾ ਪਿੰਡ ਲੰਬਵਾਲੀ ਵਿਖੇ ਗੁਰਦੁਆਰਾ ਅਕਾਲਗੜ੍ਹ ਹੈ, ਜੋ ਕਿ ਰੇਲਵੇ ਸਟੇਸ਼ਨ ਜੈਤੋ ਤੋਂ 6 ਮੀਲ ਪੂਰਵ ਵੱਲ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇੱਥੇ ਆਏ, ਤਾਂ ਭਾਈ ਮਰਦਾਨੇ ਨੇ ਪਾਣੀ ਲਈ ਬੇਨਤੀ ਕੀਤੀ, ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਉਹ ਟਿੱਬੇ 'ਤੇ ਸੰਤ ਰਹਿੰਦਾ ਹੈ, ਉਸ ਪਾਸ ਜਾ ਕੇ ਜਲ ਛਕ ਆਓ। ਜਦ ਭਾਈ ਮਰਦਾਨੇ ਨੇ ਜਾ ਕੇ ਜਲ ਮੰਗਿਆ, ਤਾਂ ਸੰਤ ਨੇ ਕਿਹਾ, ਮੇਰੇ ਚੇਲੇ ਆ ਕੇ ਜਲ ਛਕਾਉਣਗੇ। ਸੰਤ ਸਰੀਰ ਦਾ ਬਹੁਤ ਭਾਰਾ ਸੀ, ਭਾਈ ਮਰਦਾਨਾ ਉਡੀਕ ਕੇ ਵਾਪਿਸ ਮੁੜ ਆਇਆ। ਜਦ ਭਾਈ ਮਰਦਾਨਾ ਗੁਰੂ ਜੀ ਦੇ ਕੋਲ ਆਇਆ, ਤਾਂ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਿਆ, ਸੰਤ ਸਰਾਲ ਵਾਂਗ ਲੇਟਿਆ ਪਿਆ ਸੀ, ਤੈਨੂੰ ਪਾਣੀ ਨਹੀਂ ਪਿਆ ਸਕਿਆ। ਜਦ ਸੰਤ ਵਿਅਕਤੀ ਨੂੰ ਪਤਾ ਲੱਗਿਆ, ਤਾਂ ਉਹ ਗੁਰੂ ਜੀ ਦੇ ਚਰਨੀਂ ਆ ਪਿਆ ਅਤੇ ਦੋਵੇਂ ਹੱਥ ਜੋੜ ਬੇਨਤੀ ਕੀਤੀ, ਗੁਰੂ ਪਾਤਸ਼ਾਹ ਮਹਾਰਾਜ ਜੀ ਆਪ ਜੀ ਦਾ ਬਚਨ ਤਾਂ ਪੂਰਾ ਹੋਵੇਗਾ ਪਰ ਮੇਰਾ ਉਦਾਰ ਕਦੋਂ ਹੋਵੇਗਾ, ਤਾਂ ਗੁਰੂ ਜੀ ਨੇ ਕਿਹਾ, ਅਸੀਂ ਛੇਵੇਂ ਜਾਮੇ ਵਿਚ ਉਧਾਰ ਕਰਾਂਗੇ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਾਤਸ਼ਾਹੀ ਛੇਵੀਂ:- ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਿਰਾਜ ਦੇ ਯੁੱਧ ਤੋਂ ਬਾਅਦ ਸ਼ਿਕਾਰ ਖੇਡਦੇ ਹੋਏ ਇੱਥੇ ਲੰਬਵਾਲੀ ਆਏ, ਕੁਝ ਚਿਰ ਆਰਾਮ ਕੀਤਾ। ਇਹ ਪਿੰਡ ਸੋਢੀਆਂ ਦਾ ਪੱਛਮ ਵਾਲੇ ਪਾਸੇ ਸੀ। ਉਨ੍ਹਾਂ ਨੇ ਗੁਰੂ ਜੀ ਦਾ ਸਤਿਕਾਰ ਨਹੀਂ ਕੀਤਾ, ਤਾਂ ਗੁਰੂ ਜੀ ਨੇ ਪਿੰਡ ਮੱਲੇ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ ਉਸ ਸਰਾਲ (ਸੰਤ) ਦਾ ਉਧਾਰ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਾਤਸ਼ਾਹੀ ਦਸਵੀਂ:- ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਪਿੰਡ ਡੋਡ ਤੋਂ ਦੋ ਕੁ ਫਰਲਾਂਘ 'ਤੇ ਚੜ੍ਹਦੇ ਪਾਸੇ ਆਪਣੇ ਡੇਰਾ ਕੀਤਾ ਸੀ। ਜਦੋਂ ਗੁਰੂ ਜੀ ਨੇ ਕੁੱਝ ਸਮਾਂ ਆਰਾਮ ਕਰਨ ਵਾਸਤੇ ਘੋੜੇ ਦਰੱਖ਼ਤਾਂ ਨਾਲ ਬੰਨ੍ਹੇ, ਤਾਂ ਸੰਗਤ ਨੇ ਬੇਨਤੀ ਕੀਤੀ ਕਿ ਸਤਿਗੁਰ ਜੀ ਦਰੱਖ਼ਤਾਂ ਨਾਲ ਸੱਪ ਲਟਕ ਰਹੇ ਹਨ, ਤਾਂ ਸਤਿਗੁਰ ਜੀ ਨੇ ਬਚਨ ਕੀਤੇ ਕਿ ਇਨ੍ਹਾਂ ਦਾ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਗੁਰੂ ਜੀ ਦੇ ਬਚਨਾਂ ਅਨੁਸਾਰ ਸ਼ੁਕਰ ਹੈ ਕਿ ਇਸ ਪਿੰਡ ਦੀ ਜੂਹ ਵਿਚ ਕਿਸੇ ਵੀ ਜੀਵ ਨੂੰ ਸੱਪ ਦੇ ਕੱਟਣ ਨਾਲ ਨੁਕਸਾਨ ਨਹੀਂ ਹੁੰਦਾ। ਇਸ ਉਪਰੰਤ ਦਸਮ ਪਾਤਸ਼ਾਹ ਪਿੰਡ ਢਿੱਲਵਾਂ ਨੂੰ ਚਾਲੇ ਪਾ ਲਏ। ਇਸ ਪਵਿੱਤਰ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਗੁਰਪੁਰਬ, ਸ਼ਹੀਦੀ ਦਿਹਾੜੇ, ਮਾਘੀ, ਵਿਸਾਖੀ, ਮੱਸਿਆ, ਸੰਗਰਾਦ ਦੇ ਦਿਹਾੜੇ ਮਨਾਏ ਜਾਂਦੇ ਹਨ। ਜੋ ਸੰਗਤਾਂ ਸ਼ਰਧਾ, ਸਤਿਕਾਰ ਨਾਲ ਆਪਣੀਆਂ ਮਨੋਕਾਮਨਾ ਲੈ ਕੇ ਆਉਂਦੀਆਂ ਹਨ, ਗੁਰੂ ਮਹਾਰਾਜ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬੁੱਢਾ ਦਲ ਪਾਸ ਹੈ, ਜਿਸ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਹਨ।

---

## (ਮੇਵਾਤ-ਮਨੀਪੁਰ ਫਿਰਕੂ ਹਿੰਸਾ ਵਿਸ਼ੇਸ਼)

# ਜਦੋਂ ਗੀਤਾ ਨੇ ਇਹ ਕਿਹਾ ਤਾਂ ਉਸ ਨੇ ਕਿਹਾ ਕਿ ਕੁਰਾਨ ਕਿੱਥੇ ਹੈ। ਧਰਮ ਦੇ ਨਾਂ 'ਤੇ ਧਰਤੀ ਨੂੰ ਲਹੂ-ਲੁਹਾਨ ਕਰ ਦਿਓ।

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਭਾਰਤ ਮੂਲ ਰੂਪ ਵਿਚ ਵਿਭਿੰਨਤਾਵਾਂ ਦਾ ਦੇਸ਼ ਹੈ, ਵਿਭਿੰਨਤਾਵਾਂ ਵਿਚ ਏਕਤਾ ਹੀ ਇੱਥੇ ਸੰਯੁਕਤ ਸੱਭਿਆਚਾਰ ਦੀ ਸੁਨਹਿਰੀ ਸ਼ਾਨ ਦਾ ਆਧਾਰ ਪ੍ਰਦਾਨ ਕਰਦੀ ਹੈ। ਵੈਦਿਕ ਕਾਲ ਤੋਂ ਲੈ ਕੇ, ਸੰਯੁਕਤ ਸੱਭਿਆਚਾਰ ਵਿਚ ਅੰਤਰ ਅਤੇ ਬਾਹਰੀ ਵਿਚਾਰਾਂ ਦਾ ਅੰਤਰ ਇੱਥੇ ਵਿਸ਼ੇਸ਼ਤਾ ਰਿਹਾ ਹੈ, ਇਸ ਲਈ ਭਾਰਤ ਵਿਚ ਕਿਸੇ ਵੀ ਸੱਭਿਆਚਾਰਕ ਵਿਭਿੰਨਤਾ ਨੂੰ ਗ੍ਰਹਿਣ ਕਰਨਾ ਆਸਾਨ ਹੈ। ਇਸ ਪਰਿਪੇਖ ਵਿਚ, ਧਾਰਮਿਕ ਸਹਿਯੋਗ ਵੀ ਇਨ੍ਹਾਂ ਵਿਸ਼ੇਸ਼ਤਾਵਾਂ ਵਿਚੋਂ ਇੱਕ ਰਿਹਾ ਹੈ, ਇਸਦੀ ਵਿਲੱਖਣ ਉਦਾਹਰਨ ਸੂਫੀਵਾਦ ਵਿਚ ਦੇਖੀ ਜਾ ਸਕਦੀ ਹੈ, ਜਿੱਥੇ ਇਸਲਾਮੀ ਇਕੇਸ਼ਵਰਵਾਦ ਅਤੇ ਭਾਰਤੀ ਧਰਮਾਂ ਦੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਜੋੜਿਆ ਗਿਆ ਸੀ ਅਤੇ ਨਤੀਜੇ ਵਜੋਂ, ਇੱਕ ਸਿੰਥੈਟਿਕ ਧਾਰਮਿਕ ਵਿਚਾਰਧਾਰਾ ਦਾ ਸਫਲਤਾਪੂਰਵਕ ਪਾਲਣ ਕੀਤਾ ਗਿਆ ਸੀ। ਪਰ ਹਾਲ ਹੀ ਦੇ ਸਾਲਾਂ ਵਿਚ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਸੱਭਿਆਚਾਰਕ ਵਿਭਿੰਨਤਾ ਵਿਚ ਤਬਦੀਲ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਵਿਚ ਇਕਸੁਰਤਾ ਵਿਚ ਗਿਰਾਵਟ ਦੇ ਨਾਲ-ਨਾਲ ਸੱਭਿਆਚਾਰਕ ਵਿਸ਼ੇਸ਼ਤਾ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ।



ਰਾਜਨੀਤਿਕ ਦਰਸ਼ਨ ਦੇ ਤੌਰ 'ਤੇ ਸੰਪਰਦਾਇਕਤਾ ਦੀਆਂ ਜੜ੍ਹਾਂ ਭਾਰਤ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਭਿੰਨਤਾ ਵਿਚ ਹਨ। ਭਾਰਤ ਵਿਚ ਫਿਰਕਾਪ੍ਰਸਤੀ ਨੂੰ ਹਮੇਸ਼ਾ ਹੀ ਧਾਰਮਿਕ ਅਤੇ ਨਸਲੀ ਪਛਾਣ ਦੇ ਆਧਾਰ 'ਤੇ ਫਿਰਕੂ ਨਫ਼ਰਤ ਅਤੇ ਹਿੰਸਾ ਦੇ ਆਧਾਰ 'ਤੇ ਭਾਈਚਾਰਿਆਂ ਵਿਚਕਾਰ ਵੰਡ, ਮਤਭੇਦ ਅਤੇ ਤਣਾਅ ਪੈਦਾ ਕਰਨ ਲਈ ਇੱਕ ਸਿਆਸੀ ਪ੍ਰਚਾਰ ਸਾਧਨ ਵਜੋਂ ਵਰਤਿਆ ਗਿਆ ਹੈ। ਫਿਰਕੂ ਹਿੰਸਾ ਇੱਕ ਅਜਿਹਾ ਵਰਤਾਰਾ ਹੈ, ਜਿਸ ਵਿਚ ਦੋ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੇ ਲੋਕ ਨਫ਼ਰਤ ਅਤੇ ਦੁਸ਼ਮਣੀ ਦੀਆਂ ਭਾਵਨਾਵਾਂ ਨਾਲ ਇੱਕ ਦੂਜੇ 'ਤੇ ਹਮਲਾ ਕਰਦੇ ਹਨ। ਦੇਸ਼ ਵਿਚ ਤੇਜ਼ੀ ਨਾਲ ਫੈਲ ਰਹੀਆਂ ਫਰਜ਼ੀ ਖਬਰਾਂ ਕਾਰਨ ਫਿਰਕਾਪ੍ਰਸਤੀ ਨੂੰ ਬੜ੍ਹਾਵਾ ਦੇਣ ਵਿਚ ਸੋਸ਼ਲ ਮੀਡੀਆ ਨੇ ਅਹਿਮ ਭੂਮਿਕਾ ਨਿਭਾਈ ਹੈ। ਸੋਸ਼ਲ ਮੀਡੀਆ ਹਿੰਸਾ ਰਾਹੀਂ ਦੰਗਿਆਂ ਅਤੇ ਹਿੰਸਾ ਦੇ ਆਡੀਓ-ਵਿਜ਼ੂਅਲ ਦਾ ਪ੍ਰਸਾਰ ਬਹੁਤ ਆਸਾਨ ਅਤੇ ਤੇਜ਼ ਹੋ ਗਿਆ ਹੈ। ਹਿੰਸਾ ਦੇ ਇਹ ਅਣਮਨੁੱਖੀ ਗ੍ਰਾਫਿਕ ਚਿੱਤਰਣ ਆਮ ਲੋਕਾਂ ਵਿਚ ਦੂਜੇ ਭਾਈਚਾਰਿਆਂ ਪ੍ਰਤੀ ਨਫ਼ਰਤ ਨੂੰ ਵਧਾਉਂਦੇ ਹਨ।

ਪੱਤਰਕਾਰੀ ਨੈਤਿਕਤਾ ਅਤੇ ਨਿਰਪੱਖਤਾ ਦੀ ਪਾਲਣਾ ਕਰਨ ਦੀ ਬਜਾਏ ਦੇਸ਼ ਦੇ ਬਹੁਤੇ ਮੀਡੀਆ ਘਰਾਣੇ ਕਿਸੇ ਨਾ ਕਿਸੇ ਰਾਜਨੀਤਿਕ ਵਿਚਾਰਧਾਰਾ ਵੱਲ ਵਿਸ਼ੇਸ਼ ਤੌਰ 'ਤੇ ਝੁਕਦੇ ਜਾਪਦੇ ਹਨ, ਜਿਸ ਨਾਲ ਸਮਾਜਿਕ ਪਾੜਾ ਵਧਦਾ ਹੈ। ਮੌਜੂਦਾ ਸਮੇਂ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪਣੇ ਸਿਆਸੀ ਲਾਹੇ ਲਈ ਫਿਰਕਾਪ੍ਰਸਤੀ ਦਾ ਸਹਾਰਾ ਲਿਆ ਜਾਂਦਾ ਹੈ। ਰਾਜਨੀਤੀ ਦਾ ਫਿਰਕੂਕਰਨ ਇੱਕ ਪ੍ਰਕਿਰਿਆ ਵਜੋਂ ਭਾਰਤ ਵਿਚ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਦੇਸ਼ ਵਿਚ ਫਿਰਕੂ ਹਿੰਸਾ ਦੀ ਤੀਬਰਤਾ ਨੂੰ ਵਧਾ ਰਿਹਾ ਹੈ। ਮੂਲ ਆਧਾਰਿਤ ਸਿੱਖਿਆ ਦੀ ਘਾਟ ਭਾਰਤੀ ਲੋਕਾਂ ਵਿਚ ਆਮ ਤੌਰ 'ਤੇ ਦੇਖਣ ਨੂੰ ਮਿਲਦੀ ਹੈ, ਜਿਸ ਕਾਰਨ ਉਹ ਬਿਨਾਂ ਸੋਚੇ ਸਮਝੇ ਕਿਸੇ ਦੀਆਂ ਗੱਲਾਂ ਵਿਚ ਅੰਨ੍ਹੇਵਾਹ ਫਸ ਜਾਂਦੇ ਹਨ।

ਵਿਕਾਸ ਦਾ ਅਸਮਾਨ ਪੱਧਰ, ਵਰਗ ਵੰਡ, ਗਰੀਬੀ ਅਤੇ ਬੇਰੁਜ਼ਗਾਰੀ ਆਦਿ ਕਾਰਨ ਆਮ ਲੋਕਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੇ ਹਨ। ਅਸੁਰੱਖਿਆ ਦੀ ਭਾਵਨਾ ਕਾਰਨ ਲੋਕਾਂ ਦਾ ਸਰਕਾਰ ਤੋਂ ਵਿਸ਼ਵਾਸ ਖਤਮ ਹੋ ਜਾਂਦਾ ਹੈ, ਨਤੀਜੇ ਵਜੋਂ ਲੋਕ ਆਪਣੀਆਂ ਲੋੜਾਂ/ਹਿਤਾਂ ਦੀ ਪੂਰਤੀ ਲਈ ਫਿਰਕੂ ਲੀਹਾਂ 'ਤੇ ਬਣੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦਾ ਸਹਾਰਾ ਲੈਂਦੇ ਹਨ। ਦੋ ਭਾਈਚਾਰਿਆਂ ਵਿਚ ਭਰੋਸੇ ਅਤੇ ਆਪਸੀ ਸਮਝ ਦੀ ਘਾਟ ਜਾਂ ਇੱਕ ਭਾਈਚਾਰੇ ਦੇ ਮੈਂਬਰਾਂ ਉੱਤੇ ਦੂਜੇ ਭਾਈਚਾਰੇ ਵੱਲੋਂ ਅੱਤਿਆਚਾਰ ਆਦਿ ਕਾਰਨ ਉਨ੍ਹਾਂ ਵਿਚ ਡਰ, ਸ਼ੱਕ ਅਤੇ ਖ਼ਤਰੇ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਮਨੋਵਿਗਿਆਨਕ ਡਰ ਕਾਰਨ ਲੋਕਾਂ ਵਿਚ ਇੱਕ ਦੂਜੇ ਪ੍ਰਤੀ ਨਫ਼ਰਤ, ਗੁੱਸੇ ਅਤੇ ਡਰ ਦਾ ਮਾਹੌਲ ਪੈਦਾ ਹੋ ਜਾਂਦਾ ਹੈ।

ਫਿਰਕੂ ਹਿੰਸਾ ਦੌਰਾਨ ਬੇਕਸੂਰ ਲੋਕ ਬੇਕਾਬੂ ਸਥਿਤੀਆਂ ਵਿਚ ਫਸ ਜਾਂਦੇ ਹਨ, ਜਿਸ ਨਾਲ ਮਨੁੱਖੀ ਅਧਿਕਾਰਾਂ ਦਾ ਵਿਆਪਕ ਘਾਣ ਹੁੰਦਾ ਹੈ। ਫਿਰਕੂ ਹਿੰਸਾ ਕਾਰਨ ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ। ਫਿਰਕੂ ਹਿੰਸਾ ਵੋਟ ਬੈਂਕ ਦੀ ਰਾਜਨੀਤੀ ਨੂੰ ਜਨਮ ਦਿੰਦੀ ਹੈ ਅਤੇ ਸਮਾਜਿਕ ਏਕਤਾ ਪ੍ਰਭਾਵਿਤ ਹੁੰਦੀ ਹੈ। ਇਹ ਲੰਬੇ ਸਮੇਂ ਵਿਚ ਫਿਰਕੂ ਸਦਭਾਵਨਾ ਨੂੰ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ। ਫਿਰਕੂ ਹਿੰਸਾ ਧਰਮ ਨਿਰਪੱਖਤਾ ਅਤੇ ਭਾਈਚਾਰੇ ਵਰਗੀਆਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਦੀ ਹੈ। ਫਿਰਕੂ ਹਿੰਸਾ ਦੇ ਪੀੜਤਾਂ ਦੇ ਪਰਿਵਾਰਾਂ ਨੂੰ ਸਭ ਤੋਂ ਵੱਧ ਮਾਰ ਝੱਲਣੀ ਪੈਂਦੀ ਹੈ, ਆਪਣੇ ਘਰ, ਅਜ਼ੀਜ਼ਾਂ ਅਤੇ ਇੱਥੋਂ ਤੱਕ ਕਿ ਆਪਣੀ ਰੋਜ਼ੀ-ਰੋਟੀ ਦੇ ਸਾਧਨ ਵੀ ਗੁਆਉਂਦੇ ਹਨ। ਫਿਰਕਾਪ੍ਰਸਤੀ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਵੀ ਇੱਕ ਚੁਣੌਤੀ ਪੇਸ਼ ਕਰਦੀ ਹੈ ਕਿਉਂਕਿ ਫਿਰਕੂ ਹਿੰਸਾ ਭੜਕਾਉਣ ਵਾਲੇ ਅਤੇ ਇਸ ਤੋਂ ਪੀੜਤ ਹੋਣ ਵਾਲਿਆਂ ਵਿਚ ਦੇਸ਼ ਦੇ ਨਾਗਰਿਕ ਸ਼ਾਮਲ ਹੁੰਦੇ ਹਨ।

ਫਿਰਕੂ ਹਿੰਸਾ ਨੂੰ ਰੋਕਣ ਲਈ ਪੁਲਿਸ ਨੂੰ ਚੰਗੀ ਤਰ੍ਹਾਂ ਲੈਸ ਕਰਨ ਦੀ ਲੋੜ ਹੈ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਥਾਨਕ ਖੁਫੀਆ ਨੈੱਟਵਰਕ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਫਿਰਕੂ ਹਿੰਸਾ ਨੂੰ ਰੋਕਣ ਲਈ, ਸ਼ਾਂਤੀ ਕਮੇਟੀਆਂ ਦਾ ਗਠਨ ਕੀਤਾ ਜਾ ਸਕਦਾ ਹੈ, ਜਿਸ ਵਿਚ ਵੱਖ-ਵੱਖ ਧਾਰਮਿਕ ਭਾਈਚਾਰਿਆਂ ਨਾਲ ਸਬੰਧਤ ਵਿਅਕਤੀ ਦੰਗਾ ਪ੍ਰਭਾਵਿਤ ਖੇਤਰਾਂ ਵਿਚ ਸਦਭਾਵਨਾ ਫੈਲਾਉਣ ਅਤੇ ਡਰ ਅਤੇ ਨਫ਼ਰਤ ਦੀਆਂ ਭਾਵਨਾਵਾਂ ਨੂੰ ਦੂਰ ਕਰਨ ਲਈ ਇਕੱਠੇ ਕੰਮ ਕਰ ਸਕਦੇ ਹਨ। ਇਹ ਨਾ ਸਿਰਫ਼ ਫਿਰਕੂ ਤਣਾਅ, ਸਗੋਂ ਫ਼ਿਰਕੂ ਦੰਗਿਆਂ ਨੂੰ ਰੋਕਣ ਵਿਚ ਵੀ ਮਦਦਗਾਰ ਸਾਬਤ ਹੋਵੇਗਾ। ਦੇਸ਼ ਦੇ ਆਮ ਲੋਕਾਂ ਨੂੰ ਮੁੱਲ ਆਧਾਰਿਤ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ, ਤਾਂ ਜੋ ਉਹ ਆਸਾਨੀ ਨਾਲ ਪ੍ਰਭਾਵਿਤ ਨਾ ਹੋ ਸਕਣ। ਮੁੱਲ-ਮੁਖੀ ਸਿੱਖਿਆ 'ਤੇ, ਸ਼ਾਂਤੀ, ਅਹਿੰਸਾ, ਦਇਆ, ਧਰਮ ਨਿਰਪੱਖਤਾ ਅਤੇ ਮਾਨਵਵਾਦ ਦੇ ਨਾਲ-ਨਾਲ ਵਿਗਿਆਨਕਤਾ (ਮੂਲ ਫਰਜ਼ ਵਜੋਂ ਸ਼ਾਮਲ) ਦੇ ਆਧਾਰ 'ਤੇ ਸਕੂਲਾਂ ਅਤੇ ਕਾਲਜਾਂ/ਯੂਨੀਵਰਸਿਟੀਆਂ ਵਿਚ ਬੱਚਿਆਂ ਵਿਚ ਨੇਕ ਕਦਰਾਂ-ਕੀਮਤਾਂ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਤਰਕਸ਼ੀਲਤਾ 'ਤੇ ਜ਼ੋਰ ਦੇਣ ਦੀ ਲੋੜ ਹੈ, ਜੋ ਕਿ ਸੰਪਰਦਾਇਕ ਭਾਵਨਾਵਾਂ ਨੂੰ ਰੋਕਣ ਲਈ ਸਹਾਇਕ ਸਿੱਧ ਹੋ ਸਕਦਾ ਹੈ।

ਪੀੜਤਾਂ ਨੂੰ ਤੇਜ਼ ਮੁਕੱਦਮੇ ਅਤੇ ਢੁੱਕਵਾਂ ਮੁਆਵਜ਼ਾ ਦੇਣ ਲਈ ਮੌਜੂਦਾ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਵਿਸ਼ਵ ਪੱਧਰ 'ਤੇ, ਮਲੇਸ਼ੀਆ ਵਰਗੇ ਦੇਸ਼ਾਂ ਵਿਚ ਪ੍ਰਚਲਿਤ ਅਭਿਆਸਾਂ ਦੀ ਪਾਲਣਾ ਭਾਰਤ ਸਰਕਾਰ ਦੁਆਰਾ ਫਿਰਕੂ ਹਿੰਸਾ ਨੂੰ ਰੋਕਣ ਲਈ ਕੀਤੀ ਜਾ ਸਕਦੀ ਹੈ। ਫਿਰਕੂ ਹਿੰਸਾ ਨੂੰ ਰੋਕਣ ਲਈ ਸਖ਼ਤ ਕਾਨੂੰਨਾਂ ਦੀ ਲੋੜ ਹੈ। ਇਸ ਦੇ ਨਾਲ ਹੀ ਦੇਸ਼ ਦੇ ਨਾਗਰਿਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ:

"ਜਦੋਂ ਗੀਤਾ ਨੇ ਇਹ ਕਿਹਾ ਤਾਂ ਉਸ ਨੇ ਕਿਹਾ ਕਿ ਕੁਰਾਨ ਕਿੱਥੇ ਹੈ।

ਧਰਮ ਦੇ ਨਾਂ 'ਤੇ ਧਰਤੀ ਨੂੰ ਲਹੂ-ਲੁਹਾਨ ਕਰ ਦਿਓ।"

# ਗਰੇਟਾ ਥਨਬਰਗ ਦੀ ਵੰਗਾਰ ਨੂੰ ਸਵੀਕਾਰ ਕਰਨਾ ਹੋਵੇਗਾ

-ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
(Punjab Mail USA)



ਮਨੁੱਖ ਦੀਆਂ ਬੇਤਹਾਸ਼ਾ ਵਧੀਆਂ ਲਾਲਸਾਵਾਂ ਨੇ ਕੁਦਰਤ ਨਾਲ ਐਸਾ ਆਢਾ ਲਿਆ ਕਿ ਉਸਨੇ ਦਿਨੇ ਤਾਰੇ ਦਿਖਾ ਦਿੱਤੇ। ਵਾਤਾਵਰਨ ਪ੍ਰੇਮੀਆਂ ਦਾ ਮੰਨਣਾ ਹੈ ਕਿ ਇਹ ਜੋ ਵਰਤਾਰਾ ਵਰਤ ਰਿਹਾ ਹੈ, ਮਨੁੱਖ ਦੁਆਰਾ ਕੀਤੀਆਂ ਮਨਮਰਜੀਆਂ ਦਾ ਹੀ ਸਿੱਟਾ ਹੈ। ਵਿਗਿਆਨ ਦਾ ਨਿਯਮ ਹੈ ਕਿ ਜਿਸ ਵਸਤੂ ਨੂੰ ਅਸੀਂ ਜਿੰਨੀ ਜ਼ੋਰ ਨਾਲ ਦਬਾਉਂਦੇ ਹਾਂ, ਤਾਂ ਉਹ ਉਸਤੋਂ ਕਈ ਗੁਣਾਂ ਵੱਧ ਜ਼ੋਰ ਨਾਲ ਉਭਰਦੀ ਹੈ। ਇਸ ਕਰਕੇ ਅਸੀਂ ਵਿਗਿਆਨ ਅਤੇ ਕੁਦਰਤੀ ਵਾਤਾਵਰਨ ਦੇ ਉਲਟ ਚੱਲ ਕੇ ਪੈਸੇ ਦੀ ਅੰਨ੍ਹੀ ਦੌੜ ’ਚ ਗੁਆਚੇ ਹੋਏ ਹਾਂ। ਕੁਦਰਤ ਸਮੇਂ-ਸਮੇਂ ’ਤੇ ਸਾਨੂੰ ਸੁਚੇਤ ਕਰਦੀ ਰਹਿੰਦੀ ਹੈ ਪਰ ਅਸੀਂ ਸਿੱਖਦੇ ਕੁੱਝ ਵੀ ਨਹੀਂ। ਸੁੱਖ-ਸਹੂਲਤਾਂ ਦੀ ਭਾਲ਼ ’ਚ ਕੁਦਰਤ ਦੁਆਰਾ ਬਖਸ਼ੀਆਂ ਨਿਆਮਤਾਂ ਦਾ ਸੱਤਿਆਨਾਸ ਕਰੀ ਜਾ ਰਹੇ ਹਾਂ। ਫਿਰ ਦੋਸ਼ੀ ਅਸੀਂ ਉਸ ਮਾਲਕ ਨੂੰ ਠਹਿਰਾਉਂਦੀ ਹਾਂ। ਵਿਚਾਰ ਕਰੋ ਜਦ ਅਸੀਂ ਉਸਦੇ ਕਹਿਣੇਕਾਰ ਹੀ ਨਹੀ ਹਾਂ, ਤਾਂ ਉਹ ਸਾਡੇ ਨਾਲ ਭਲੀ ਕਿਵੇਂ ਗੁਜ਼ਾਰੇ, ਸ਼ਾਇਦ ਇਸੇ ਕਰਕੇ ਇੰਦਰ ਦੇਵਤਾ ਅਤੇ ਖੁਆਜਾ ਪੀਰ ਵੀ ਸਾਡੀਆਂ ਅਰਜ਼ੋਈਆ ਨਹੀਂ ਸੁਣਦੇ। ਇਹ ਸੌ ਫੀਸਦੀ ਸਚਾਈ ਹੈ ਕਿ ਅਸੀਂ ਖੇਤ ਵਿਚ ਜਿਹੜੀ ਫਸਲ ਬੀਜਦੇ ਹਾਂ, ਸਾਨੂੰ ਫਲ ਵੀ ਉਹੀ ਮਿਲੇਗਾ। ਕਿੱਕਰ ਬੀਜਣ ਵਾਲੇ ਨੂੰ ਸੰਧੂਰੀ ਅੰਬ ਕਦੀ ਨਸੀਬ ਨਹੀਂ ਹੋ ਸਕਦੇ।

ਸਟਾਕ ਹੋਮ ਵਿਖੇ 3 ਜਨਵਰੀ, 2003 ਨੂੰ ਜਨਮੀ ਬੱਚੀ ਗਰੇਟਾ ਥਨਬਰਗ ਜਪਾਨ ’ਚ ਆਈ ਸੁਨਾਮੀ (2011) ਵੇਲੇ ਸਿਰਫ ਸੱਤ ਵਰ੍ਹਿਆਂ ਦੀ ਸੀ। ਮਾਸੂਮ ਬੱਚੀ ਨੇ ਕੌਮਾਂਤਰੀ ਉਪੇਰਾ ਗਾਇਕ ਮਾਂ ਮਲੇਨਾ ਅਰਨਮੈਨ ਤੇ ਅਦਾਕਾਰ-ਨਿਰਦੇਸ਼ਕ ਪਿਤਾ ਸਵਾਂਟ ਥਨਬਰਗ ਕੋਲ ਇਸ ਭਿਅੰਕਰ ਤ੍ਰਾਸਦੀ ਬਾਰੇ ਜਾਣਨ ਲਈ ਸਵਾਲਾਂ ਦੀ ਝੜੀ ਲਗਾ ਦਿੱਤੀ। ਜਿਵੇਂ-ਜਿਵੇਂ ਉਹ ਵੱਡੀ ਹੁੰਦੀ ਗਈ, ਤਾਂ ਉਸਨੂੰ ਕੁਦਰਤ ਨਾਲ ਕੀਤੇ ਜਾਂਦੇ ਖਿਲਵਾੜ ਦੀ ਚਿੰਤਾ ਵੱਢ-ਵੱਢ ਖਾਣ ਲੱਗੀ। ਉਹ ਆਲਮੀ ਤਪਸ਼ ਲਈ ਆਪਣੇ ਪੁਰਖਿਆਂ ਤੋਂ ਇਲਾਵਾ ਵਰਤਮਾਨ ਪੀੜ੍ਹੀ ਨੂੰ ਜ਼ਿੰਮੇਵਾਰ ਸਮਝਣ ਲੱਗੀ। ਉਸਦੀ ਵਿਲੱਖਣ ਸੋਚ ਕਾਰਨ ਹੀ ਸੋਲ੍ਹਾਂ ਸਾਲ ਦੀ ਉਮਰ ਵਿਚ ਉਸਨੂੰ 23 ਸਤੰਬਰ 2016 ਨੂੰ ਨਿਊਯਾਰਕ ਸਥਿਤ ਸੰਯੁਕਤ ਰਾਸ਼ਟਰ ਸੰਘ ਦੀ ਕਲਾਈਮੇਟ ਸੁਮਿਟ ਐਕਸ਼ਨ ਕਮੇਟੀ ਨੂੰ ਸੰਬੋਧਨ ਕਰਨ ਦਾ ਸੁਨਹਿਰੀ ਮੌਕਾ ਮਿਲ ਗਿਆ। ਉਸਦੀ ਸੰਖੇਪ ਪਰ ਪ੍ਰਭਾਵਸ਼ਾਲੀ ਤਕਰੀਰ ਨੇ ਸਭ ਨੂੰ ਹਲੂਣਾ ਮਾਰਿਆ। ਉਸਦੇ ਬੋਲਾਂ ਵਿਚ ਅੰਤਾਂ ਦੀ ਪੀੜ ਸੀ। ਉਸਦੀਆਂ ਅੱਖਾਂ ਵਿਚ ਜੇਠ-ਹਾੜ ਦਾ ਸੇਕ ਸੀ। ਹਉਕਿਆਂ ਵਰਗੇ ਬੋਲਾਂ ਵਿਚ ਦੁਨੀਆਂ ਦੇ ਆਗੂਆਂ ਲਈ ਲਾਹਨਤਾਂ ਸਨ। ਉਸਨੇ ਆਪਣੇ ਗਰਜਵੇਂ ਬੋਲਾਂ ਵਿਚ ਕਿਹਾ ਕਿ ਆਲਮੀ ਤਪਸ਼ ਨਾਲ ਗਲੇਸ਼ੀਅਰ ਪਿਘਲ ਰਹੇ ਹਨ ਪਰ ਕਠੋਰ ਦਿਲ ਨਹੀਂ। ਉਸਨੇ ਤੌਖਲਾ ਪ੍ਰਗਟ ਕੀਤਾ ਕਿ ਚੱਕਰਵਾਤੀ ਤੂਫਾਨ ਧਰਤੀ ਦੇ ਕਈ ਭਾਗਾਂ ਨੂੰ ਮਲੀਆਮੇਟ ਕਰ ਦੇਣਗੇ। ਉਸਨੇ ਅੱਗੇ ਕਿਹਾ ਕਿ ਸਿਆਸਤਦਾਨਾਂ ਨੇ ਉਸਦੀ ਪੀੜ੍ਹੀ ਨਾਲ ਧੋਖਾ ਕੀਤਾ ਹੈ। ਮੇਰਾ ਤੁਹਾਨੂੰ ਪੈਗਾਮ ਹੈ ਕਿ ਅਸੀਂ ਤੁਹਾਡੀਆਂ ਕਰਤੂਤਾਂ ’ਤੇ ਬਾਜ ਅੱਖ ਰੱਖ ਰਹੇ ਹਾਂ। ਮੈਨੂੰ ਇਸ ਕਾਰਜ ਲਈ ਇਥੇ ਆਉਣ ਦੀ ਲੋੜ ਨਹੀਂ ਸੀ। ਤੁਸੀਂ ਤਾਂ ਖੋਖਲੇ ਸ਼ਬਦਾਂ ਨਾਲ ਸਾਡੇ ਸੁਪਨੇ ਚੋਰੀ ਕਰ ਲਏ। ਲੋਕ ਸੰਤਾਪ ਭੋਗ ਰਹੇ ਹਨ, ਲੋਕ ਮਰ ਮੁੱਕ ਰਹੇ ਹਨ। ਵਾਤਾਵਰਨ ਦਾ ਸਮਤੋਲ ਤਹਿਸ-ਨਹਿਸ ਹੋ ਰਿਹਾ ਹੈ। ਸਮੂਹਿਕ ਤੌਰ ’ਤੇ ਜ਼ਿੰਦਗੀ ਦੇ ਖਾਤਮੇ ਦੇ ਆਗਾਜ਼ ’ਚੋਂ ਵਿਚਰ ਰਹੇ ਹਾਂ ਅਸੀਂ। ਤੇ ਤੁਸੀਂ ਸਾਰੇ ਕੇਵਲ ਮਾਇਆ ਅਤੇ ਸਦੀਵੀ ਅਰਥਚਾਰੇ ਦੇ ਵਿਕਾਸ ਦੀਆਂ ਖੋਖਲੀਆਂ ਪਰੀ ਕਹਾਣੀਆਂ ਦੀਆਂ ਬਾਤਾਂ ਪਾ ਸਕਦੇ ਹਾਂ। ਜੇ ਤੁਸੀਂ ਇੰਜ ਹੀ ਕਰਦੇ ਰਹੇ, ਤਾਂ ਅਸੀਂ ਤੁਹਾਨੂੰ ਕਦਾਚਿਤ ਮਾਫ਼ ਨਹੀਂ ਕਰਾਂਗੇ। ਪਲੀਤ ਹੋ ਰਿਹਾ ਵਾਤਾਵਰਨ ਪਲੀਤੇ ਵਾਂਗ ਵਿਸ਼ਵ ਨੂੰ ਤਬਾਹ ਕਰ ਦੇਵੇਗਾ।

ਜੇਕਰ ਗਰੇਟਾ ਥਨਬਰਗ ਦੇ ਇਨ੍ਹਾਂ ਵਿਚਾਰਾਂ ਨੂੰ ਦੁਨੀਆਂ ਦੇ ਆਗੂ ਵਿਚਾਰਨ ਅਤੇ ਅਮਲੀ ਰੂਪ ’ਚ ਲਿਆਉਣ ਤਾਂ ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਇਸ ਧਰਤੀ ’ਤੇ ਜਿਉਣ ਜੋਗੀਆਂ ਰਹਿ ਸਕਣਗੀਆਂ। ਸਦੀਆਂ ਪੁਰਾਣੇ ਗਲੇਸ਼ੀਅਰ ਗਲੋਬਲ ਵਾਰਮਿੰਗ ਕਾਰਨ ਪੰਘਰ ਰਹੇ ਹਨ। ਮਨੁੱਖ ਨੇ ਕੁਦਰਤੀ ਵਹਿਣਾ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰਕੇ ਉਸਨੂੰ ਤੰਗ ਕਰ ਦਿੱਤਾ ਹੈ। ਜਿਸ ਕਾਰਨ ਹੜ੍ਹ ਰੂਪ ਵਰਤਾਰਾ ਵਾਪਰ ਰਿਹਾ ਹੈ, ਜਿਸ ਵਿਚ ਜਿਹੜੇ ਸਿੱਟੇ ਨਿਕਲ ਕੇ ਸਾਹਮਣੇ ਆ ਰਹੇ ਹਨ, ਉਨ੍ਹਾਂ ਵਿਚ ਮੁੱਖ ਕੁਦਰਤੀ ਵਰਤਾਰਿਆਂ ਦੇ ਰਾਹਾਂ ’ਚ ਰੁਕਾਵਟਾਂ ਖੜ੍ਹੀਆਂ ਕਰਨਾ ਹੈ। ਕਿਤੇ ਡੈਮ, ਕਿਤੇ ਸੁਰੰਗ, ਕਿਤੇ ਪੱਕੀ ਸੜਕ ਤੇ ਕਿਤੇ ਪਹਾੜਾਂ ਨੂੰ ਪੱਧਰਾ ਕਰਕੇ ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ। ਜੰਗਲਾਂ ਦੀ ਘਾਟ ਕਾਰਨ ਭੌਂ ਖੁਰ ਵਧ ਗਈ ਹੈ ਅਤੇ ਜੰਗਲੀ ਜੀਵਾਂ ਦੀਆਂ ਨਸਲਾਂ ਖਤਮ ਹੋਈ ਜਾ ਰਹੀਆਂ ਹਨ। ਬਚਪਨ ਚੁਰਾਉਣ ਵਾਲੇ ਲੋਕਾਂ ਨੂੰ ਖਾਸ ਕਰ ਸਰਕਾਰਾਂ ਨੂੰ ਇਸ ਦਿਸ਼ਾਂ ਵੱਲ ਠੋਸ ਅਤੇ ਸਦੀਵੀ ਕਾਰਜ ਕਰਨ ਦੀ ਲੋੜ ਹੈ। ਇਹ ਵਰਤਾਰੇ ਵਾਰ-ਵਾਰ ਨਾ ਵਾਪਰਨ, ਇਸ ਵਾਸਤੇ ਇਕੋ ਇਕ ਰਾਹ ਕੁਦਰਤ ਨਾਲ ਮਿਲਕੇ ਵਿਕਾਸ ਦਾ ਰਾਹ ਤਿਆਰ ਕਰਨ ਦੀ ਲੋੜ ਹੈ। ਚੋਅ ਲੋਕਾਂ ਨੇ ਛੱਡੇ ਨਹੀਂ ਨਦੀਆਂ ਨਾਲੇ ਪਲੀਤ ਹੋਏ ਪਏ ਨੇ। ਪ੍ਰਦੂਸ਼ਣ ਕਾਰਨ ਕਿਸੇ ਪਾਸੇ ਵੀ ਪਾਣੀ ਦਾ ਸਹੀ ਨਿਕਾਸ ਨਹੀਂ ਹੈ।

ਉਤਰੀ ਭਾਰਤ ਦੇ ਉਪਜਾਊ ਮੈਦਾਨਾਂ ਦਾ ਨਿਰਮਾਣ ਹਜ਼ਾਰਾਂ ਸਾਲਾਂ ’ਚ ਇਨ੍ਹਾਂ ਦਰਿਆਵਾਂ ਦੇ ਵਹਿਣਾ ਨੇ ਹੀ ਕੀਤਾ ਸੀ। ਪਰ ਅਜੋਕੇ ਮਨੁੱਖ ਨੇ ਧਰਤੀ ਮਾਂ ਦੀ ਪਵਿੱਤਰਤਾ ਨੂੰ ਵੀ ਅੱਗ ਲਾ ਦਿੱਤੀ ਹੈ। ਜ਼ਹਿਰਾਂ ਦੇ ਘੋਲ ਨੇ ਮਨੁੱਖ ਨੂੰ ਵੀ ਜ਼ਹਿਰੀ ਬਣਾ ਦਿੱਤਾ ਹੈ। ਕਾਰਬਨ ਡਾਈਆਕਸਾਈਡ ’ਚ ਹੋਏ ਅਣਕਿਆਸੇ ਵਾਧੇ ਨੇ ਮੌਸਮਾਂ ਦੇ ਮਿਜਾਜ਼ ਬਦਲ ਦਿੱਤੇ ਹਨ। ਅੱਜਕੱਲ੍ਹ ਸਹੀ ਸਮੇਂ ’ਤੇ ਬਰਸਾਤ, ਗਰਮੀ, ਸਰਦੀ ਅਤੇ ਬਸੰਤ ਰੁੱਤ ਵੀ ਨਹੀਂ ਆ ਰਹੀ। ਕਈ ਵਾਰ ਸਿਆਲ ਮਹੀਨੇ ਅਸਹਿ ਗਰਮੀ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ ਤੇ ਕਈ ਵਾਰ ਗਰਮੀ ’ਚ ਸਰਦੀ ਲੱਗਣ ਲੱਗ ਪੈਂਦੀ ਹੈ। ਇਸ ਤਬਦੀਲੀ ਲਈ ਮਨੁੱਖ ਦੀ ਕਾਲੀਆਂ ਕਰਤੂਤਾਂ ਜ਼ਿੰਮੇਵਾਰ ਹਨ। ਪੰਜਾਬ ਵਿਚ 1988 ਅਤੇ 1993 ’ਚ ਆਏ ਹੜ੍ਹਾਂ ਤੋਂ ਬਾਅਦ ਅਸੀਂ ਇਹ ਕਿਆਸ ਕਰ ਲਿਆ ਕਿ ਹੁਣ ਚੋਆਂ ਵਿਚ ਪਾਣੀ ਨਹੀਂ ਆਉਂਣਾ। ਹੁਣ ਬਾਰਸ਼ਾਂ ਘੱਟ ਹਨ, ਝੜੀਆਂ ਵੀ ਨਹੀਂ ਲੱਗਦੀਆਂ। ਸਿਆਣੇ ਆਖਦੇ ਨੇ ਪਾਣੀ ਤਾਂ ਸੌ ਸਾਲ ਬਾਅਦ ਵੀ ਆਪਣਾ ਰਾਹ ਲੱਭ ਲੈਂਦਾ ਹੈ। ਇਹ ਤੱਥ ਵਿਚਾਰਨ ਵਾਲੇ ਹਨ। ਸਰਕਾਰਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਇਸ ਧਰਤੀ ’ਤੇ ਕੁਦਰਤੀ ਵਾਤਾਵਰਨ ਨੂੰ ਕਾਇਮ ਰੱਖਣਾ ਹੋਵੇਗਾ। ਇਸ ਸਭ ਕਾਸੇ ਵਾਸਤੇ ਵਿਸ਼ਵ ਪੱਧਰ ’ਤੇ ਵੀ ਸਖਤ ਨੀਤੀਆਂ ਘੜਨ ਦੀ ਲੋੜ ਹੈ। ਭਾਰਤ ਦਾ ਵਿਕਾਸ ਮਾਡਲ ਦੁਨੀਆਂ ਨੂੰ ਮੰਡੀ ਦੇ ਰੂਪ ਵਿਚ ਆਕਰਸ਼ਿਤ ਕਰ ਰਿਹਾ ਪਰ ਰਹਿਣ ਵਾਸਤੇ ਵੱਡੇ-ਵੱਡੇ ਸ਼ਹਿਰ ਵੀ ਯੋਗ ਨਹੀਂ ਹਨ। ਇਸ ਧਰਤੀ ਦੇ ਹਰ ਪਿੰਡ ਅਤੇ ਸ਼ਹਿਰ ਨੂੰ ਰਹਿਣ ਯੋਗ ਬਨਾਉਣ ਲਈ ਕੁਦਰਤੀ ਸਮਤੋਲ ਨੂੰ ਕਾਇਮ ਕਰਨਾ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ। ਪੰਜਾਬ ਦੇ ਰਾਜੇ-ਮਹਾਰਾਜਿਆਂ ਦੇ ਮਸ਼ਹੂਰ ਸ਼ਹਿਰ ਵੀ ਖਤਰੇ ਹੇਠ ਜੀਵਨ ਬਸਰ ਕਰ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਜੰਮਿਆ ਲਈ ਨਿੱਤ ਮੁਹਿੰਮਾਂ ਹਨ।

ਭਾਰਤ ਦੇ ਉਤਰਖੰਡ ਵਿਚ ਭਾਗੀਰਥੀ ਬੇਸਨ ਦਾ ਦੋਕਰੀਅਮ ਗਲੇਸ਼ੀਅਰ 1995 ਤੋਂ ਬਾਅਦ ਪੰਦਰਾਂ-ਵੀਹ ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। 2003 ਤੋਂ 2017 ਤੱਕ ਕੀਤੇ ਇਕ ਅਧਿਐਨ ਅਨੁਸਾਰ ਮੰਦਾਕਨੀ ਬੇਸਨ ਦਾ ਗਲੇਸ਼ੀਅਰ ਨੌਂ ਤੋਂ ਗਿਆਰਾ ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। ਲੱਦਾਖ ਦਾ ਸੁਰੂ ਬੇਸਨ ਪੰਜ-ਛੇ ਮੀਟਰ ਸਾਲਾਨਾ ਦਰ ਨਾਲ ਖਤਮ ਹੋ ਰਿਹਾ ਹੈ। ਸੰਸਾਰ ਪੱਧਰ ’ਤੇ ਗਲੇਸ਼ੀਅਰਾਂ ਨੂੰ ਲੱਗੇ ਖੋਰੇ ਕਾਰਨ ਦਰਿਆਵਾਂ ਅਤੇ ਸਮੁੰਦਰਾਂ ’ਚ ਪਾਣੀ ਦੀ ਮਾਤਰਾ ਵਧੀ ਜਾ ਰਹੀ ਹੈ। ਇਹ ਵੀ ਡਰ ਸਤਾ ਰਿਹਾ ਹੈ ਕਿ ਸਮੁੰਦਰ ਕਿਨਾਰੇ ਵਸਦੇ ਲੋਕਾਂ ਨੂੰ ਇਹ ਸਮੁੰਦਰ ਹੀ ਨਾ ਨਿਗਲ ਜਾਵੇ। ਜੇਕਰ ਅਸੀਂ ਵਾਤਾਵਰਨ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਨਾ ਘਟਾਈ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹ ਭਿਆਨਕ ਦ੍ਰਿਸ਼ ਸਾਡੇ ਸਾਹਮਣੇ ਖੜ੍ਹਾ ਹੋਵੇਗਾ।

ਕੁਦਰਤੀ ਵਾਤਾਵਰਨ ਨੂੰ ਬਚਾਏ ਬਗੈਰ ਮਨੁੱਖ ਨੂੰ ਕੁਦਰਤੀ ਆਫਤਾਂ ਤੋਂ ਨਹੀਂ ਬਚਾਇਆ ਜਾ ਸਕਦਾ। ਗੈਰ ਕੁਦਰਤੀ ਢੰਗ ਨਾਲ ਕੀਤੀਆਂ ਸਭ ਉਸਾਰੀਆਂ ਕੁਦਰਤ ਦੇ ਕਾਰੋਬਾਰ ਵਿਚ ਵਿਘਨ ਹਨ। ਚਾਹੇ ਉਹ ਮਕਾਨ, ਸੜਕਾਂ, ਫਲਾਈਓਵਰ, ਡੈਮ, ਸੁਰੰਗਾਂ ਜਾਂ ਉਦਯੋਗਿਕ ਇਕਾਈਆਂ ਹਨ। ਹੁਣ ਸਮਾਂ ਹੈ ਸਭ ਨੂੰ ਸਿਰ ਜੋੜ ਇਸ ਮਸਲੇ ਦਾ ਸਦੀਵੀ ਹੱਲ ਕੱਢਣ ਦਾ। ਉਹ ਇਹੀ ਹੈ ਕਿ ਸਾਨੂੰ ਸਭ ਨੂੰ ਆਪੋ ਆਪਣੀਆਂ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣਾ ਪਵੇਗਾ। ਜਦੋਂ ਤੱਕ ਸਰਬੱਤ ਦੇ ਭਲੇ ਦੀ ਨੀਤੀ ਨਹੀਂ ਘੜੀ ਜਾਂਦੀ, ਤਦ ਤੱਕ ਚੰਗੇ ਨਤੀਜਿਆਂ ਦੀ ਆਸ ਨਹੀਂ ਲਗਾਈ ਜਾ ਸਕਦੀ। ਗਰੇਟਾ ਥਨਬਰਗ ਦੇ ਵਿਚਾਰਾਂ ਨੂੰ ਅਮਲ ਵਿਚ ਲਿਆ ਕੇ ਹੀ ਅਸੀਂ ਮਨੁੱਖ ਤੇ ਮਨੁੱਖਤਾ ਨੂੰ ਇਸ ਧਰਤੀ ’ਤੇ ਕਾਇਮ ਰੱਖ ਸਕਦੇ ਹੈ।



# ਸਾਡੀ ਸ਼ਖਸੀਅਤ ਦਾ ਅਨਮੋਲ ਗਹਿਣਾ ਹੈ ਮੁਸਕਾਨ

-ਸੰਜੀਵ ਸਿੰਘ ਸੈਣੀ,
ਮੋਹਾਲੀ
78889-66168
(Punjab Mail USA)



ਜ਼ਿੰਦਗੀ ਬਹੁਤ ਖੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣਨਾ ਚਾਹੀਦਾ ਹੈ। ਕਦੇ ਵੀ ਦੁਖੀ ਨਹੀਂ ਹੋਣਾ ਚਾਹੀਦਾ। ਸਾਨੂੰ ਜ਼ਿੰਦਗੀ ਹਮੇਸ਼ਾਂ ਹਰ ਪਲ ਹੱਸ ਕੇ, ਖੁਸ਼ ਰਹਿ ਕੇ ਗੁਜ਼ਾਰਨੀ ਚਾਹੀਦੀ ਹੈ। ਜ਼ਿੰਦਗੀ ਸਾਨੂੰ ਜਿਉਣ ਲਈ ਮਿਲੀ ਹੈ। ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ। ਹਰ ਪਲ ਖੁਸ਼ ਰਹਿ ਕੇ ਕੱਟੋ। ਭਾਵ ਜੇ ਮਾੜਾ ਸਮਾਂ ਆ ਵੀ ਗਿਆ ਹੈ, ਤਾਂ ਜ਼ਿਆਦਾ ਦੁੱਖ ਵਿਚ ਦੁਖੀ ਨਾ ਹੋਵੋ। ਸੁੱਖ-ਦੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਜੇ ਮਾੜਾ ਸਮਾਂ ਹੈ, ਤਾਂ ਚੰਗਾ ਵੀ ਆਵੇਗਾ। ਚੰਗੇ ਸਮੇਂ ਵਿਚ ਜ਼ਿਆਦਾ ਖੁਸ਼ੀ ਵੀ ਨਾ ਮਨਾਓ। ਕਦੇ ਵੀ ਆਪਣੀ ਕਿਸਮਤ ਨੂੰ ਨਾ ਦੋਸ਼ੀ ਠਹਿਰਾਈਏ। ਕਈ ਵਾਰ ਅਸੀਂ ਕਿਸੇ ਹੋਰ ਦੀ ਗੱਲ ਕਰਕੇ ਆਪਣੇ ਘਰ ਵਿਚ ਬਹੁਤ ਜ਼ਿਆਦਾ ਨਕਰਾਤਮਕ ਭਾਵ ਪੈਦਾ ਕਰ ਲੈਂਦੇ ਹਾਂ। ਅਕਸਰ ਪਰਿਵਾਰਾਂ ਵਿਚ ਕਈ ਵਾਰ ਤਕਰਾਰ ਹੋ ਜਾਂਦੇ ਹਨ। ਪਰਿਵਾਰ ਵਿਚ ਕਈ ਅਜਿਹੇ ਮੈਂਬਰ ਵੀ ਹੁੰਦੇ ਹਨ, ਜੋ ਅਜਿਹੇ ਤਕਰਾਰਾਂ ਨੂੰ ਕੁਝ ਸਮਝਦੇ ਹੀ ਨਹੀਂ, ਭਾਵ ਜ਼ਿੰਦਗੀ ਨੂੰ ਹੱਸ-ਖੇਡ ਕੇ ਗੁਜ਼ਾਰ ਲੈਂਦੇ ਹਨ। ਕਈ ਵਾਰ ਕਈ ਇਨਸਾਨ ਛੋਟੇ-ਛੋਟੇ ਤਕਰਾਰ, ਛੋਟੀਆਂ-ਛੋਟੀਆਂ ਗੱਲਾਂ ਨੂੰ ਹੀ ਦਿਲ ’ਤੇ ਲਾ ਕੇ ਬੈਠ ਜਾਂਦੇ ਹਨ। ਆਪ ਵੀ ਪ੍ਰੇਸ਼ਾਨ ਹੁੰਦੇ ਹਨ ਤੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੰਦੇ ਹਨ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਕਿ ਅਜਿਹੇ ਇਨਸਾਨ ਡਿਪਰੈਸ਼ਨ ਦੀ ਬਿਮਾਰੀ ਵਿਚ ਚਲੇ ਜਾਂਦੇ ਹਨ। ਗੱਲ ਕੁਝ ਵੀ ਨਹੀਂ ਹੁੰਦੀ, ਪਰ ਗੱਲ ਨੂੰ ਦਿਲ ’ਤੇ ਲਗਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ।

ਅਸੀਂ ਕਹਿ ਦਿੰਦੇ ਹਾਂ ਕਿ ਉਸਦੀ ਕਿਸਮਤ ਬਹੁਤ ਚੰਗੀ ਹੈ ਜਾਂ ਫਲਾਣਾ ਬੰਦਾ ਬਹੁਤ ਘੱਟ ਮਿਹਨਤ ਕਰਕੇ ਬਹੁਤ ਕੁਝ ਕਮਾ ਲੈਂਦਾ ਹੈ। ਉਸਨੂੰ ਬਹੁਤ ਘੱਟ ਮਿਹਨਤ ਕਰਨੀ ਪਈ। ਉਸ ਨੂੰ ਆਪਣੀ ਕਿਸਮਤ ਤੋਂ ਜ਼ਿਆਦਾ ਮਿਲ ਗਿਆ। ਉਸਨੂੰ ਉਸਦੇ ਮਾਤਾ-ਪਿਤਾ ਨੇ ਬਹੁਤ ਕੁਝ ਦਿੱਤਾ ਹੈ। ਜਿੰਨਾ ਕੁ ਉਹ ਇਨਸਾਨ ਉਸ ਦੇ ਲਾਇਕ ਵੀ ਨਹੀਂ ਸੀ, ਫਿਰ ਵੀ ਪਤਾ ਨਹੀਂ ਉਸ ਨੂੰ ਕਿਹੜਾ ਖਜ਼ਾਨਾ ਮਿਲ ਚੁੱਕਿਆ ਹੈ। ਕਹਿਣ ਦਾ ਮਤਲਬ ਇਹ ਹੈ ਕਿ ਸਾਡੇ ਅੰਦਰ ਉਸ ਇਨਸਾਨ ਪ੍ਰਤੀ ਜਲਣ ਦੇ ਵਿਚਾਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਅਜਿਹਾ ਕੋਈ ਇਨਸਾਨ ਨਹੀਂ ਹੈ ਕਿ ਜਿਸ ਦੀ ਜ਼ਿੰਦਗੀ ਵਿਚ ਕਦੇ ਵੀ ਉਤਾਰ-ਚੜ੍ਹਾਅ ਨਾ ਆਏ ਹੋਣ। ਜ਼ਿੰਦਗੀ ਵਿਚ ਉਤਾਰ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਅਸੀਂ ਸਾਰੇ ਹੀ ਦੇਖਦੇ ਹਾਂ ਕਿ ਜੇ ਗਰਮੀ ਹੈ, ਤਾਂ ਸਰਦੀ ਦਾ ਮੌਸਮ ਵੀ ਆਉਂਦਾ ਹੈ। ਜੇ ਬਰਸਾਤ ਹੁੰਦੀ ਹੈ, ਤਾਂ ਉਸ ਤੋਂ ਬਾਅਦ ਮੌਸਮ ਸਾਫ਼ ਵੀ ਹੋ ਜਾਂਦਾ ਹੈ। ਜੇ ਦਿਨ ਚੜ੍ਹਦਾ ਹੈ, ਤਾਂ ਰਾਤ ਵੀ ਆਉਂਦੀ ਹੈ। ਕਹਿਣ ਦਾ ਭਾਵ ਹੈ ਕਿ ਹਮੇਸ਼ਾ ਇਕ ਹੀ ਤਰ੍ਹਾਂ ਦੀ ਜ਼ਿੰਦਗੀ ਨਹੀਂ ਰਹਿੰਦੀ। ਹਮੇਸ਼ਾ ਇੱਕ ਹੀ ਤਰ੍ਹਾਂ ਦਾ ਸਮਾਂ ਨਹੀਂ ਰਹਿੰਦਾ। ਸਮਾਂ ਸਾਰਿਆਂ ਦਾ ਹੀ ਬਦਲਦਾ ਹੈ। ਚਾਹੇ ਅੱਜ ਬਦਲੇ ਜਾਂ ਕੁਝ ਦਿਨਾਂ ਬਾਅਦ ਬਦਲੇ। ਹਮੇਸ਼ਾ ਪੰਜੇ ਉਂਗਲਾਂ ਇੱਕ ਸਮਾਨ ਨਹੀਂ ਹੁੰਦੀਆਂ। ਕੁਦਰਤ ਹਰ ਇਕ ਇਨਸਾਨ ਨੂੰ ਮੌਕਾ ਦਿੰਦੀ ਹੈ। ਭਾਵ ਜੇ ਕਦੇ ਮਾੜਾ ਸਮਾਂ ਆ ਵੀ ਗਿਆ, ਤਾਂ ਕਦੇ ਵੀ ਇੰਝ ਨਾ ਸੋਚੋ ਕਿ ਮੇਰੀ ਕਿਸਮਤ ਜਾਂ ਜ਼ਿੰਦਗੀ ਵਿਚ ਹਨੇਰਾ ਹੀ ਆ ਗਿਆ ਹੈ।

ਦਾਤੇ ਨੇ ਸਾਰੇ ਇਨਸਾਨਾਂ ਲਈ ਬਹੁਤ ਕੁੱਝ ਬਣਾਇਆ ਹੋਇਆ ਹੈ। ਜਿਸ ਨੇ ਸਾਨੂੰ ਧਰਤੀ ’ਤੇ ਭੇਜਿਆ ਹੈ, ਉਸ ਨੇ ਸਾਡਾ ਕੋਈ ਹੀਲਾ-ਵਸੀਲਾ ਵੀ ਕਰ ਦੇਣਾ ਹੈ। ਪਰ ਸਾਨੂੰ ਕਰਮ ਕਰਨਾ ਪਵੇਗਾ। ਦਿਲ ਲਗਾ ਕੇ ਮਿਹਨਤ ਕਰਨੀ ਪਵੇਗੀ। ਤਾਂ ਹੀ ਅਸੀਂ ਮੰਜ਼ਿਲ ਵੱਲ ਆਪਣੇ ਕਦਮ ਵਧਾਵਾਂਗੇ। ਇਹ ਨਹੀਂ ਹੈ ਕਿ ਸਾਨੂੰ ਪੱਕੀ-ਪਕਾਈ ਖਿਚੜੀ ਜਾਂ ਕੋਈ ਥਾਲੀ ਪਰੋਸ ਕੇ ਸਾਡੇ ਸਾਹਮਣੇ ਰੱਖ ਦੇਵੇਗਾ। ਦੇਖੋ ਮਿਹਨਤ ਤਾਂ ਕਰਨੀ ਹੀ ਪਵੇਗੀ। ਬਿਨਾਂ ਕਰਮ ਕੀਤੇ ਕੁੱਝ ਵੀ ਨਹੀਂ ਮਿਲਦਾ। ਕਦੇ ਵੀ ਨਿਰਾਸ਼ ਨਾ ਹੋਵੋ। ਆਪਣਾ ਦਿਲ ਕਦੇ ਵੀ ਛੋਟਾ ਨਾ ਕਰੋ। ਤੁਸੀਂ ਇਹ ਸੋਚੋ ਕਿ ਪ੍ਰਮਾਤਮਾ ਨੇ ਸਾਡੇ ਲਈ ਬਹੁਤ ਵਧੀਆ ਰੱਖਿਆ ਹੋਇਆ ਹੈ। ਹਰ ਇਕ ਦਿਨ ਸਾਡੇ ਲਈ ਕੁਝ ਨਾ ਕੁੱਝ ਲੈ ਕੇ ਆਉਂਦਾ ਹੈ। ਹਮੇਸ਼ਾ ਜ਼ਿੰਦਗੀ ਵਿਚ ਖੁਸ਼ ਰਹਿਣਾ ਸਿੱਖੀਏ। ਸਾਡੇ ਚਿਹਰੇ ਦੀ ਮੁਸਕਾਨ ਦੂਜਿਆਂ ਨੂੰ ਸਾਡੀ ਤਰਫ਼ ਆਕਰਸ਼ਿਤ ਕਰਦੀ ਹੈ। ਜਿਹੜਾ ਹਾਸੇ ਖੇੜੇ ਵਾਲਾ ਹੁੰਦਾ ਹੈ, ਸਾਰਿਆਂ ਦਾ ਧਿਆਨ ਉਸ ਵੱਲ ਜਾਂਦਾ ਹੈ। ਜਿੰਨਾ ਵੀ ਸਾਡੇ ਕੋਲ ਹੈ, ਉਸ ਵਿਚ ਸਬਰ-ਸੰਤੋਖ ਰੱਖੀਏ। ਨਿਮਰਤਾ, ਪਿਆਰ, ਸਤਿਕਾਰ, ਸਹਿਣਸ਼ੀਲ ਹੋਣਾ ਜ਼ਿੰਦਗੀ ਵਿਚ ਬਹੁਤ ਜ਼ਰੂਰੀ ਹੈ। ਕਦੇ ਵੀ ਗੁੱਸਾ ਨਾ ਹੋਵੋ। ਚਲੋ ਜੇ ਕਈ ਵਾਰ ਗੁੱਸਾ ਆ ਵੀ ਜਾਂਦਾ ਹੈ, ਤਾਂ ਘਰ ਵਿਚ ਕਲੇਸ਼ ਖੜ੍ਹਾ ਨਾ ਕਰੋ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ। ਜੇ ਕਦੇ ਘਰਦਿਆਂ ਨਾਲ ਮਨਮੁਟਾਵ ਹੋ ਵੀ ਜਾਂਦਾ ਹੈ, ਕਿਥੇ ਪਾਰਕ ਵਿਚ ਚਲੇ ਜਾਓ, ਕਿਸੇ ਮਾਲ ਵਿਚ ਜਾਓ, ਸੈਰ ’ਤੇ ਨਿਕਲ ਜਾਓ । ਕਹਿਣ ਦਾ ਮਤਲਬ ਕਿ ਇਹ ਜ਼ਿੰਦਗੀ ਸਾਨੂੰ ਦੁਬਾਰਾ ਨਹੀਂ ਮਿਲਣੀ। ਸਾਨੂੰ ਹੱਸ ਖੇਡ ਕੇ ਹੀ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ। ਕਈ ਅਜਿਹੇ ਇਨਸਾਨ ਹੁੰਦੇ ਹਨ, ਜਿਨ੍ਹਾਂ ਦੀ ਜ਼ਿੰਦਗੀ ਵਿਚ ਵੱਡੇ-ਵੱਡੇ ਤੂਫਾਨ ਆਏ ਹੁੰਦੇ ਹਨ, ਪਰ ਉਨ੍ਹਾਂ ਦੇ ਚਿਹਰੇ ’ਤੇ ਹਮੇਸ਼ਾ ਹਲਕੀ ਮੁਸਕਾਨ ਰਹਿੰਦੀ ਹੈ। ਕਦੇ ਵੀ ਆਪਣੇ ਆਤਮ ਵਿਸ਼ਵਾਸ ਨੂੰ ਢਹਿ-ਢੇਰੀ ਨਾ ਹੋਣ ਦਿਓ। ਸਾਡੀ ਸ਼ਖਸੀਅਤ ਵਿਚ ਨਿਖਾਰ ਆਉਂਦਾ ਹੈ। ਹਸਮੁੱਖ ਚਿਹਰੇ ਨਾਲ ਹਰ ਕੋਈ ਸਾਡੇ ਨੇੜੇ ਖੜ੍ਹਦਾ ਹੈ।



# ਮੇਰੀ ਮਾਟੀ-ਮੇਰਾ ਦੇਸ਼, ਮਨ ਕੀ ਬਾਤ ਜਾਂ ਉਪਦੇਸ਼



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570



(Punjab Mail USA)

ਜਿਵੇਂ-ਜਿਵੇਂ ਸੁਤੰਤਰਤਾ ਦਿਵਸ ਨੇੜੇ ਆ ਰਿਹਾ ਹੈ, ਭਾਰਤ ਸ਼ਾਨਦਾਰ ਜਸ਼ਨਾਂ ਦੀ ਤਿਆਰੀ ਕਰ ਰਿਹਾ ਹੈ। ਦੇਸ਼ 'ਮੇਰੀ ਮਿੱਟੀ ਮੇਰਾ ਦੇਸ਼' ਨਾਮ ਦੀ ਮੁਹਿੰਮ ਸ਼ੁਰੂ ਕਰਨ ਲਈ ਤਿਆਰ ਹੈ। ਭਾਰਤ ਦੇ ਸ਼ਹੀਦਾਂ ਦੇ ਸਨਮਾਨ ਵਿਚ 'ਮੇਰੀ ਮਾਤਾ ਮੇਰਾ ਦੇਸ਼' ਤਹਿਤ ਦਿੱਲੀ ਵਿਚ ਨੈਸ਼ਨਲ ਵਾਰ ਮੈਮੋਰੀਅਲ ਨੇੜੇ ਅੰਮ੍ਰਿਤ ਵਾਟਿਕਾ (ਬਾਗ਼) ਵੀ ਬਣਾਇਆ ਜਾਵੇਗਾ। ਅੰਮ੍ਰਿਤ ਵਾਟਿਕਾ ਲਈ 'ਅੰਮ੍ਰਿਤ ਕਲਸ਼ ਯਾਤਰਾ' ਤਹਿਤ ਦੇਸ਼ ਦੇ ਕੋਨੇ-ਕੋਨੇ ਤੋਂ 7500 ਕਲਸ਼ਾਂ 'ਚ ਮਿੱਟੀ ਅਤੇ ਪੌਦੇ ਦਿੱਲੀ ਪਹੁੰਚਣਗੇ। ਇਸ ਤੋਂ ਇਲਾਵਾ ਦੇਸ਼ ਦੀਆਂ ਲੱਖਾਂ ਗ੍ਰਾਮ ਪੰਚਾਇਤਾਂ ਵਿਚ ਵਿਸ਼ੇਸ਼ ਸ਼ਿਲਾਲੇਖ ਵੀ ਲਗਾਏ ਜਾਣਗੇ। ਦੇਸ਼ ਵਿਚ ਪਿਛਲੇ ਇੱਕ ਸਾਲ ਤੋਂ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਚੱਲ ਰਿਹਾ ਹੈ। ਇਸ ਬਹਾਨੇ ਦੇਸ਼ ਭਰ 'ਚ 'ਮੇਰੀ ਮਿੱਟੀ, ਮੇਰਾ ਦੇਸ਼' ਪ੍ਰੋਗਰਾਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਾਲ ਇਹ ਸਮਾਗਮ 9 ਅਗਸਤ ਤੋਂ 15 ਅਗਸਤ ਤੱਕ ਮਨਾਇਆ ਜਾਣਾ ਹੈ। ਇਹ ਦੇਸ਼ ਲਈ ਮਾਣ ਵਾਲੀ ਗੱਲ ਹੈ। ਪਰ ਕੀ ਅਸੀਂ ਇਸ ਪ੍ਰੋਗਰਾਮ ਦੌਰਾਨ ਅਸਲ ਸਥਿਤੀ ਦਾ ਜਾਇਜ਼ਾ ਲੈ ਕੇ ਦੇਸ਼ ਦੇ ਸੈਨਿਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਈ ਯੋਜਨਾ ਬਣਾਈ ਹੈ?

ਫ਼ੌਜੀ ਭਾਵੇਂ ਕਿਸੇ ਦੇਸ਼ ਦੇ ਹੋਣ, ਉਨ੍ਹਾਂ ਦੀ ਜ਼ਿੰਦਗੀ ਹਮੇਸ਼ਾ ਮੁਸ਼ਕਲਾਂ ਨਾਲ ਭਰੀ ਰਹਿੰਦੀ ਹੈ। ਸੈਨਿਕ ਸਾਡੇ ਦੇਸ਼ ਦੇ ਰਾਖੇ ਹਨ, ਜਿੰਨਾ ਚਿਰ ਉਹ ਸਰਹੱਦ 'ਤੇ ਤਾਇਨਾਤ ਹਨ, ਉਦੋਂ ਤੱਕ ਅਸੀਂ ਵੀ ਸੁੱਖ ਦਾ ਸਾਹ ਲੈ ਸਕਦੇ ਹਾਂ, ਨਹੀਂ ਤਾਂ ਸਾਡੀ ਜ਼ਿੰਦਗੀ ਬਹੁਤ ਪਹਿਲਾਂ ਹੀ ਖਤਮ ਹੋ ਚੁੱਕੀ ਹੁੰਦੀ। ਦੇਸ਼ ਦੀ ਸੁਰੱਖਿਆ, ਅਖੰਡਤਾ ਅਤੇ ਏਕਤਾ ਨੂੰ ਕਾਇਮ ਰੱਖਣ ਵਿਚ ਭਾਰਤੀ ਹਥਿਆਰਬੰਦ ਬਲਾਂ ਦਾ ਯੋਗਦਾਨ ਕਿਸੇ ਤੋਂ ਲੁਕਿਆ ਨਹੀਂ ਹੈ। ਦੇਸ਼ ਦੀ ਰੱਖਿਆ ਲਈ ਹਮੇਸ਼ਾ ਤਿਆਰ ਰਹਿਣ ਵਾਲੇ ਸੈਨਿਕ ਆਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਦੀ ਸਭ ਤੋਂ ਵੱਡੀ ਆਡਿਟ ਏਜੰਸੀ ਕੈਗ ਨੇ ਆਪਣੀ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਸਾਡੇ ਦੇਸ਼ ਦੇ ਸੈਨਿਕਾਂ ਨੂੰ ਘਟੀਆ ਭੋਜਨ ਪਰੋਸਿਆ ਜਾਂਦਾ ਹੈ। ਕੈਗ ਮੁਤਾਬਕ ਫੌਜ ਵੱਲੋਂ ਖੁਦ ਕਰਵਾਏ ਗਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ 68 ਫੀਸਦੀ ਜਵਾਨ ਉਨ੍ਹਾਂ ਨੂੰ ਪਰੋਸੇ ਜਾਣ ਵਾਲੇ ਭੋਜਨ ਨੂੰ ਤਸੱਲੀਬਖਸ਼ ਜਾਂ ਘੱਟ ਮਿਆਰੀ ਮੰਨਦੇ ਹਨ ਅਤੇ ਖਾਣ ਲਈ ਮੀਟ ਅਤੇ ਸਬਜ਼ੀਆਂ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਰਾਸ਼ਨ ਦੀ ਮਾਤਰਾ ਵੀ ਘੱਟ ਦਿੱਤੀ ਜਾਂਦੀ ਹੈ ਅਤੇ ਦਿੱਤਾ ਜਾਣ ਵਾਲਾ ਰਾਸ਼ਨ ਵੀ ਸਵਾਦ ਅਨੁਸਾਰ ਨਹੀਂ ਹੁੰਦਾ।

ਅਸੀਂ ਆਪਣੇ ਸੈਨਿਕਾਂ ਦੇ ਰਹਿਣ-ਸਹਿਣ ਵਿਚ ਸੁਧਾਰ ਕਿਉਂ ਨਹੀਂ ਕਰਦੇ? ਅੱਜ ਦੇਸ਼ ਇਹ ਸਵਾਲ ਕਿਸੇ ਇੱਕ ਵਿਅਕਤੀ ਨੂੰ ਨਹੀਂ, ਸਗੋਂ ਹਰ ਭਾਰਤੀ ਨੂੰ ਪੁੱਛ ਰਿਹਾ ਹੈ। ਕੀ ਇਹ ਅੰਦੋਲਨ ਸਾਡੇ ਸੈਨਿਕਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਵਰਤ ਕੇ ਇੱਕ ਹੋਰ ਸਿਆਸੀ ਡਰਾਮਾ ਹੈ? ਕੀ ਦੇਸ਼ ਨੇ ਪੁਲਵਾਮਾ ਕਾਂਡ 'ਤੇ ਪਰਦਾ ਪਾਇਆ ਹੈ? ਅਸੀਂ ਮਨੀਪੁਰ ਬਾਰੇ ਕੁਝ ਕਿਉਂ ਨਾ ਕਹੀਏ, ਬਹੁਤ ਦੁੱਖ ਹੁੰਦਾ ਹੈ, ਮੇਰੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ। ਜੇਕਰ ਅਸੀਂ ਸੱਚਮੁੱਚ 'ਮੇਰੀ ਮਿੱਟੀ ਮੇਰਾ ਦੇਸ਼ ਕੋ ਮਨ ਸੇ' ਚਾਹੁੰਦੇ ਹਾਂ, ਤਾਂ ਸਭ ਤੋਂ ਪਹਿਲਾਂ ਆਪਣੇ ਸਿਪਾਹੀਆਂ ਨੂੰ ਸਮਲਿੰਗੀ ਕਲਾਕਾਰਾਂ ਅਤੇ ਅਭਿਨੇਤਰੀਆਂ ਦੀ ਬਕਵਾਸ 'ਤੇ ਪਹਿਲ ਦਿਓ, ਉਨ੍ਹਾਂ ਨਾਲ ਬੁਰਾ ਵਿਵਹਾਰ ਅਤੇ ਘੱਟ ਤਨਖਾਹ ਕਿਉਂ ਦਿੱਤੀ ਜਾਂਦੀ ਹੈ? ਜਿਹੜਾ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋਵੇ, ਉਸ ਨੂੰ ਅਜਿਹਾ ਕਰਨਾ ਚਾਹੀਦਾ ਹੈ।

ਕਲਪਨਾ ਕਰੋ ਕਿ ਕੀ ਸਾਡੇ ਦੇਸ਼ ਦੇ ਨਾਇਕਾਂ ਨੂੰ ਬੇਸ਼ਰਮ ਇੰਸਟਾਗ੍ਰਾਮ ਪ੍ਰਭਾਵਕਾਂ, ਸਿਆਸਤਦਾਨਾਂ, ਅਭਿਨੇਤਾਵਾਂ ਅਤੇ ਅਭਿਨੇਤਰੀਆਂ ਦੇ ਮੁਕਾਬਲੇ ਕਾਫ਼ੀ ਪੈਸਾ ਦਿੱਤਾ ਜਾਂਦਾ ਹੈ? ਇਹ ਨਾ ਭੁੱਲੋ ਕਿ ਸਾਡੇ ਦੇਸ਼ ਦੀ ਰੱਖਿਆ ਲਈ ਕਾਰਗਿਲ ਯੁੱਧ ਵਿਚ ਹਿੱਸਾ ਲੈਣ ਵਾਲਾ ਜਵਾਨ ਉਸੇ ਦੇਸ਼ ਵਿਚ ਆਪਣੀ ਪਤਨੀ ਦੀ ਰੱਖਿਆ ਕਰਨ ਦੇ ਯੋਗ ਨਹੀਂ ਹੋ ਸਕਦਾ। ਇਸ ਲਈ ਦੇਸ਼ ਨੂੰ ਕੌਣ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ? ਸਭ ਤੋਂ ਪਹਿਲਾਂ ਅਸੀਂ ਅਗਨੀਵੀਰ ਲਿਆ ਕੇ ਹਥਿਆਰਬੰਦ ਸੈਨਾਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਾਂ, ਜਿਸ ਵਿਚ ਕਿਸੇ ਚੀਜ਼ ਦੀ ਕੋਈ ਗਾਰੰਟੀ ਨਹੀਂ ਹੈ, ਤੁਸੀਂ ਦੇਸ਼ ਲਈ ਮਰਨ ਦੀ ਉਮੀਦ ਕਿਵੇਂ ਕਰ ਸਕਦੇ ਹੋ? ਜਦੋਂ ਤੁਸੀਂ ਹਥਿਆਰਬੰਦ ਬਲਾਂ ਵਿਚ ਇੱਕ ਸਾਧਾਰਨ ਨੌਕਰੀ ਦੀ ਸੁਰੱਖਿਆ ਬਰਦਾਸ਼ਤ ਨਹੀਂ ਕਰ ਸਕਦੇ ਹੋ। ਅੱਜ ਪੁਰਾਣੀ ਆਜ਼ਾਦੀ ਦੀ ਲਹਿਰ ਚਲਾਉਣ ਦੀ ਬਜਾਏ ਦੇਸ਼ ਨੂੰ ਮੌਜੂਦਾ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ ਅਤੇ ਇਸ ਦੇ ਉਲਟ ਅਸੀਂ ਵੱਖਰਾ ਮਾਹੌਲ ਬਣਾ ਕੇ ਉਨ੍ਹਾਂ ਗੱਲਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਤੁਸੀਂ ਅੰਦੋਲਨ ਚਲਾਓ, ਜੋ ਮਰਜ਼ੀ ਕਰੋ। ਪਰ ਇਨ੍ਹਾਂ ਸਭ ਦੇ ਨਾਲ-ਨਾਲ ਮੁੱਢਲੀਆਂ ਦੁਬਿਧਾਵਾਂ ਨੂੰ ਵੀ ਦੂਰ ਕਰੋ, ਤਾਂ ਹੀ ਤੁਹਾਡੀ ਕੋਸ਼ਿਸ਼ ਵਧੀਆ ਅਤੇ ਸਾਰਥਕ ਹੋਵੇਗੀ।

ਜਵਾਨਾਂ ਦੀ ਪੈਨਸ਼ਨ ਕੱਟੋ, ਸਾਡੇ ਵੀਰਾਂ ਦੀ ਤਨਖਾਹ, ਲਾਭ ਅਤੇ ਬਜਟ ਕੱਟੋ ਅਤੇ ਫਿਰ ਤੁਸੀਂ ਅਜਿਹਾ ਪ੍ਰਚਾਰ ਸ਼ੁਰੂ ਕਰੋ। ਸਾਡੇ ਕਿਸਾਨਾਂ ਦੇ ਬੱਚੇ ਫੌਜ ਵਿਚ ਜਾਂਦੇ ਹਨ, ਦੇਸ਼ ਦੇ ਸਿਆਸਤਦਾਨਾਂ ਵਿਚ ਨਹੀਂ। ਉਨ੍ਹਾਂ ਨੇ ਉਹ ਵੀ ਅਗਨੀਪਥ ਸਕੀਮ ਲਿਆ ਕੇ ਖਤਮ ਕਰ ਦਿੱਤਾ। ਅਸਲ ਵਿਚ ਜੇਕਰ ਤੁਸੀਂ ਇਨ੍ਹਾਂ ਸ਼ਹੀਦ ਪਰਿਵਾਰਾਂ ਨੂੰ ਸ਼ਰਧਾਂਜਲੀ ਦੇਣਾ ਚਾਹੁੰਦੇ ਹੋ, ਤਾਂ ਇਸ ਮੁਹਿੰਮ ਦੌਰਾਨ ਸੈਨਿਕਾਂ ਦੇ ਪਰਿਵਾਰਾਂ ਅਤੇ ਭਵਿੱਖ ਦੇ ਸੈਨਿਕਾਂ ਦੇ ਮਨ ਦੀ ਗੱਲ ਸੁਣ ਕੇ ਇੱਕ ਯੋਜਨਾ ਬਣਾਓ ਅਤੇ ਦੇਸ਼ ਦੀਆਂ ਸਾਰੀਆਂ ਮਹੱਤਵਪੂਰਨ ਅਤੇ ਵੱਡੀਆਂ ਸੜਕਾਂ ਨੂੰ ਆਪਣੇ ਬਹਾਦਰਾਂ ਦੇ ਨਾਮ 'ਤੇ ਰੱਖੋ। ਹਵਾਈ ਅੱਡਿਆਂ, ਸਕੂਲਾਂ, ਰੇਲਾਂ ਦੇ ਨਾਂ ਵੀ ਰੱਖੇ ਜਾਣ। ਜੇਕਰ ਤੁਸੀਂ ਦੇਸ਼ ਦੇ ਸੱਚੇ ਨਾਗਰਿਕ ਹੋ ਤਾਂ ਕਦੇ ਨਾ ਭੁੱਲੋ-

'ਜਦੋਂ ਫੌਜੀ ਸਰਹੱਦ 'ਤੇ ਹੁੰਦੇ ਹਨ, ਤਾਂ ਉਹ ਸਾਰੀ ਰਾਤ ਜਾਗਦੇ ਰਹਿੰਦੇ ਹਨ।

ਅਸੀਂ ਸ਼ਾਂਤੀ ਨਾਲ ਸੌਂ ਸਕਦੇ ਸੀ, ਆਪਣੇ ਪਿਆਰਿਆਂ ਨਾਲ ਰਹਿ ਸਕਦੇ ਸੀ।'

# ਅਨੰਦ ਮੈਰਿਜ ਐਕਟ ਦੇ ਨਾਮ ਤੇ ਸਿੱਖਾਂ ਨਾਲ ਖਿਲਵਾੜ ਕਿਉਂ?



ਡਾ. ਦਲਜੀਤ ਸਿੰਘ
ਐੱਲ.ਐੱਲ.ਬੀ., ਐੱਲ.ਐੱਲ.ਐੱਮ., ਪੀ.ਐੱਚ.ਡੀ., ਸਾਬਕਾ ਪ੍ਰੋਫੈਸਰ ਆਫ ਲਾਅ ਅਤੇ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ
email: vcdaljitsingh@gmail.com:
Mobile +919814518877 (WhatsApp)
(Punjab Mail USA)

ਪਿਛਲੇ ਕੁਝ ਸਮੇਂ ਤੋਂ, ਹੁਣ ਫਿਰ ਆਨੰਦ ਮੈਰਿਜ ਐਕਟ, ਬੇਵਜ੍ਹਾ ਪੰਜਾਬ ਵਿਚ ਖਬਰਾਂ ਦਾ ਸਿਰਲੇਖ ਬਣਿਆ ਹੋਇਆ ਹੈ। ਅਸਲ ਵਿਚ ਸਾਲ 2012 ਤੋਂ ਹੀ 'ਅਨੰਦ ਮੈਰਿਜ ਐਕਟ' ਦੇ ਨਾਮ 'ਤੇ ਸਿਆਸੀ ਤੇ ਧਾਰਮਿਕ ਪ੍ਰੇਰਿਤ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਸ਼ੁਰੂ ਵਿਚ ਹੀ ਇੱਕ ਮਹੱਤਵਪੂਰਨ ਗੱਲ ਮੈਂ ਪੁਰਜ਼ੋਰ ਸ਼ਬਦਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ "ਆਨੰਦ ਮੈਰਿਜ ਐਕਟ", "ਸਿੱਖ ਮੈਰਿਜ ਐਕਟ" ਨਹੀਂ ਹੈ। ਦੋਨਾਂ ਵਿਚ ਬਹੁਤ ਵੱਡਾ ਫਰਕ ਹੈ। ਸਿੱਖ ਮੈਰਿਜ ਐਕਟ ਵਿਚ ਕਰੀਬ 30 ਧਾਰਾਵਾਂ ਹੋਣਗੀਆਂ, ਜਿਸ ਵਿਚ ਵੱਖ-ਵੱਖ ਸ਼ਬਦਾਂ ਦੀ ਪਰਿਭਾਸ਼ਾ, ਵਿਆਹ ਦੀਆਂ ਸ਼ਰਤਾਂ, ਵਿਆਹ ਦੇ ਝਗੜਿਆਂ ਬਾਰੇ ਵੱਖ-ਵੱਖ ਪਟੀਸ਼ਨਾਂ, ਜਿਵੇਂ ਕਿ ਵਿਆਹ ਦਾ ਮੁੜ ਵਸੇਬਾ, ਵਿਆਹ ਬਾਰੇ ਨਿਆਇਕ ਅਲ੍ਹਦਗੀ, ਤਲਾਕ, ਗੁਜਾਰਾ ਭੱਤਾ, ਬੱਚਿਆਂ ਦੀ ਕਸਟਡੀ, ਜਾਇਦਾਦ ਦਾ ਨਿਪਟਾਰਾ, ਅਦਾਲਤ ਦਾ ਅਧਿਕਾਰ ਖੇਤਰ, ਅਪੀਲ ਦਾ ਨਿਰਧਾਰਤ ਸਮਾਂ ਆਦਿ। ਮੇਰੇ ਵੱਲੋਂ 15 ਮਈ 2012 ਨੂੰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਹਾਲ ਵਿਚ ਬਹੁਤ ਵੱਡੀ ਗਿਣਤੀ ਵਿਚ ਸ਼ਾਮਲ ਸਿੱਖ ਪੰਥ ਦੀਆਂ ਸ਼ਖ਼ਸੀਅਤਾਂ ਦੇ ਸਾਹਮਣੇ ਸੰਪੂਰਨ "ਸਿੱਖ ਮੈਰਿਜ ਐਕਟ" ਦਾ ਖਰੜਾ, ਉਸ ਵਕਤ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੂੰ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਸਾਰੀ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨ ਕੀਤਾ ਸੀ। ਜੱਥੇਦਾਰ ਸ੍ਰੀ ਅਕਾਲ ਸਾਹਿਬ ਇਹ ਵੀ ਕਿਹਾ ਸੀ ਕਿ ਅਸੀਂ ਇਹ ਸਿੱਖ ਮੈਰਿਜ ਐਕਟ ਦਾ ਡਰਾਫ ਇੰਟਰਨੈੱਟ 'ਤੇ ਪਾਵਾਂਗੇ ਅਤੇ ਸਿੱਖ ਜਗਤ ਤੋਂ ਇਸ ਬਾਰੇ ਰਾਇ ਮੰਗਾਂਗੇ! ਕਾਨੂੰਨੀ ਪੱਖੋਂ, ਜਦੋਂ 1909 ਵਿਚ ਅਨੰਦ ਮੈਰਿਜ ਐਕਟ ਬਣਾਇਆ ਗਿਆ ਸੀ, ਤਾਂ ਇਸ ਦਾ ਸਿਰਫ ਇਕੋ ਇੱਕ ਉਦੇਸ਼ ਸੀ ਕਿ "ਸਿੱਖਾਂ ਵਿਚ ਪ੍ਰਚੱਲਤ 'ਅਨੰਦ ਕਾਰਜ' ਰੀਤੀ ਦੁਆਰਾ ਕੀਤੇ ਵਿਆਹ ਦੀ ਵੈਦਤਾ (Validity) ਬਾਰੇ ਖਦਸ਼ਿਆਂ ਨੂੰ ਦੂਰ ਕਰਨਾ"। ਇਸ ਕਰਕੇ ਇਸ ਐਕਟ ਵਿਚ ਉਪਰੋਕਤ ਦੱਸੀਆਂ ਗੱਲਾਂ ਬਾਰੇ ਕੋਈ ਹੋਰ ਧਾਰਾ ਨਹੀਂ ਜੋੜੀ ਗਈ ਸੀ। ਇਸ ਅਨੰਦ ਮੈਰਿਜ ਐਕਟ ਨੂੰ ਪਾਸ ਕਰਨ ਦਾ ਪਿਛੋਕੜ ਇਹ ਹੈ ਕਿ 1900 ਦੇ ਕਰੀਬ ਹਿੰਦੂ ਪ੍ਰੋਹਿਤਾਂ ਵੱਲੋਂ ਇਹ ਦਾਅਵਾ ਕੀਤਾ ਜਾਣ ਲੱਗ ਪਿਆ ਸੀ ਕਿ ਸਿੱਖਾਂ ਵਿਚ ਵੀ ਵਿਆਹ ਹਿੰਦੂ ਰਿਵਾਜ਼ਾਂ, ਜਾਣੀ ਕਿ ਬੇਦੀ ਦੇ ਦੁਆਲੇ ਜਾਂ ਅਗਨੀ ਦੇ ਦੁਆਲੇ ਫੇਰੇ ਲੈ ਕੇ ਹੀ ਕੀਤੇ ਜਾ ਸਕਦੇ ਹਨ ਅਤੇ ਆਨੰਦ ਕਾਰਜ ਜਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਲੇ ਲਾਵਾਂ ਰਾਹੀਂ ਕੀਤੇ ਵਿਆਹ ਜਾਇਜ਼ ਨਹੀਂ ਹਨ। ਇਸ ਲਈ ਇਸ ਐਕਟ ਰਾਹੀਂ ਸਿੱਖਾਂ ਵਿਚ ਅਨੰਦ ਕਾਰਜ ਰੀਤੀ ਦੁਆਰਾ ਵਿਆਹਾਂ ਨੂੰ ਕਾਨੂੰਨੀ ਵੈਦਤਾਂ ਪ੍ਰਦਾਨ ਕੀਤੀ ਗਈ ਸੀ।

ਹੁਣ ਸਵਾਲ ਇਹ ਹੈ ਕਿ 2012 ਤੋਂ ਹੀ ਭਾਰਤ ਵਿਚ ਆਨੰਦ ਮੈਰਿਜ ਐਕਟ ਦੇ ਨਾਮ 'ਤੇ ਸਿੱਖਾਂ ਨਾਲ ਖਿਲਵਾੜ ਕਿਵੇਂ ਸ਼ੁਰੂ ਹੋਇਆ। ਸ਼ਾਇਦ ਇਹ ਇਕ ਡੂੰਘੀ ਸਾਜ਼ਿਸ਼ ਅਧੀਨ ਵਾਪਰਦਾ ਆ ਰਿਹਾ ਹੈ। ਸੰਖੇਪ ਵਿਚ ਦੱਸਿਆ ਜਾਵੇ ਤਾਂ 2006 ਵਿਚ ਭਾਰਤੀ ਸੁਪਰੀਮ ਕੋਰਟ ਨੇ ਸੀਮਾਂ ਬਨਾਮ ਅਸ਼ਵਨੀ ਮੁਕੱਦਮੇ ਵਿਚ ਫ਼ੈਸਲਾ ਦਿੰਦੇ ਹੋਏ ਆਦੇਸ਼ ਦਿੱਤੇ ਕਿ ਭਾਰਤ ਵਿਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇ। 12 ਮਈ, 2012 ਨੂੰ ਉਸ ਵਕਤ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਅਗਵਾਹੀ ਵਿਚ ਇਹ ਫੈਸਲਾ ਕੀਤਾ ਗਿਆ ਕਿ ਭਾਰਤ ਵਿਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇਗਾ। ਪਰ ਪਤਾ ਨਹੀਂ, ਕਿਸ ਸਾਜਿਸ਼ ਅਧੀਨ ਜਾਂ ਅਗਿਆਨਤਾ ਕਰਕੇ ਆਨੰਦ ਮੈਰਿਜ ਐਕਟ ਵਿਚ ਵੀ, ਜੋ ਕਿ Validating Act ਹੈ, ਨਾ ਕਿ Codifying, ਵਿਚ ਵੀ ਆਨੰਦ ਮੈਰਿਜ (ਅਮੈਂਡਮਟ) ਐਕਟ, 2012, ਪਾਸ ਕਰਕੇ ਸਿੱਖਾਂ ਵਿਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਦੀ ਨਵੀਂ ਧਾਰਾ 6 ਜੋੜ ਦਿੱਤੀ ਗਈ।

ਪਰ ਮਹੱਤਵਪੂਰਨ ਤੱਥ ਇਹ ਹੈ ਕਿ ਇਸ ਧਾਰਾ ਵਿਚ ਇਹ ਦਰਜ ਕਰ ਦਿੱਤਾ ਗਿਆ ਕਿ ਇਹ ਸਭ ਕੁਝ ਹਿੰਦੂ ਵਿਆਹ ਐਕਟ, 1955 ਦੇ ਕਿਸੇ ਵੀ ਪ੍ਰਾਵਧਾਨ ਦੇ ਉਲਟ ਅਸਰ ਪਾਏ ਬਿਨਾਂ (without prejudice to anything contained in the Hindu Marriage Act,1955) ਜਾਂ ਸਰਲ ਸ਼ਬਦਾਂ ਵਿਚ ਕਹਿ ਲਈਏ ਕਿ ਹਿੰਦੂ ਮੈਰਿਜ ਐਕਟ, 1955 ਦੇ ਸਾਰੇ ਪ੍ਰਵਦਾਨ ਮੰਨਦੇ ਹੋਏ ਜਾਂ ਉਸ ਅਧੀਨ ਰਹਿੰਦੇ ਹੋਏ, ਵਿਆਹ ਰਜਿਸਟਰਡ ਕਰਨ ਦੇ ਰੂਲਜ਼ ਬਣਾਏ ਜਾਣਗੇ। ਖਾਸ ਗੱਲ ਇਹ ਹੈ ਕਿ 2016 ਵਿਚ ਹੀ ਪੰਜਾਬ ਸਰਕਾਰ ਵੱਲੋਂ 'ਪੰਜਾਬ ਆਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼, 2016' ਬਣਾ ਕੇ ਨੋਟੀਫਾਈ ਕਰ ਦਿੱਤੇ ਗਏ ਸਨ। ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਰੂਲਸ ਮੁਤਾਬਿਕ, ਨਾ ਤਾਂ 'ਸਿੱਖ ਮੈਰਿਜ ਰਜਿਸਟਰ' ਰੱਖਿਆ ਜਾਂਦਾ ਹੈ ਅਤੇ ਨਾ ਹੀ 'ਸਿੱਖ ਵਿਆਹ ਸਰਟੀਫਿਕੇਟ' ਦਿੱਤਾ ਜਾਂਦਾ ਹੈ। ਖ਼ਾਸ ਗੱਲ ਇਹ ਹੈ ਕਿ 2012 ਵਿਚ ਜਦੋਂ ਅਮੇਂਡਮੈਂਟ ਕੀਤੀ ਗਈ, ਉਸ ਵਕਤ ਵੀ ਧਾਰਾ 6 ਵਿਚ ਸਿੱਖ ਵਿਆਹ ਜਾਂ ਸਿੱਖ ਮੈਰਿਜ ਰਜਿਸਟਰ ਬਾਰੇ ਨਹੀਂ ਲਿਖਿਆ ਗਿਆ। ਜਦਕਿ ਹਿੰਦੂ ਮੈਰਿਜ ਰਜਿਸਟ੍ਰੇਸ਼ਨ ਰੂਲਸ ਵਿਚ 'ਹਿੰਦੂ ਮੈਰਿਜ ਰਜਿਸਟਰ' ਅਤੇ ਹਿੰਦੂ ਵਿਆਹ ਦਾ ਜ਼ਿਕਰ ਕੀਤਾ ਹੋਇਆ ਹੈ।

ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ 2012 ਵਿਚ ਜਦੋਂ ਅਨੰਦ ਮੈਰਿਜ ਐਕਟ-1909 ਵਿਚ ਤਰਮੀਮ ਕਰਕੇ ਸਿਰਫ਼ ਮੈਰਿਜ ਰਜਿਸਟ੍ਰੇਸ਼ਨ ਲਈ ਧਾਰਾ 6 ਜੋੜੀ ਗਈ, ਤਾਂ ਕੁਝ ਸਿੱਖੀ ਭੇਖ਼ ਵਿਚ, ਸਿੱਖ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਬਣ ਕੇ ਕੂੜ ਪ੍ਰਚਾਰ ਕੀਤਾ ਗਿਆ ਕਿ ਸਿੱਖਾਂ ਦਾ ਵੱਖਰਾ ਵਿਆਹ ਐਕਟ ਬਣਾ ਦਿੱਤਾ ਗਿਆ ਹੈ, ਸਿੱਖਾਂ ਦੀ ਬਹੁਤ ਵੱਡੀ ਮੰਗ ਮੰਨੀ ਗਈ ਹੈ ਜਾਂ ਸਿੱਖਾਂ ਦੀ ਵੱਖਰੀ ਪਛਾਣ ਹੁਣ ਬਣੇਗੀ। ਅਜਿਹਾ ਕੁਝ ਵੀ ਨਹੀਂ ਹੋਇਆ ਅਤੇ ਇਹ ਸਭ ਕੁਝ ਝੂਠ ਤੇ ਬੇਬੁਨਿਆਦ ਪ੍ਰਚਾਰ ਸੀ। ਅੱਜ ਵੀ ਜੇ ਕਿਸੇ ਸਿੱਖ ਨੇ ਪਰਿਵਾਰਕ ਮਸਲਿਆਂ ਬਾਰੇ ਕੋਈ ਰਾਹਤ ਲੈਣੀ ਹੈ, ਤਾਂ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ-1955 ਅਧੀਨ ਹੀ ਪਟੀਸ਼ਨ ਕਰਨੀ ਪੈਂਦੀ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਵੀ ਨਵੰਬਰ 2022 ਵਿਚ ਇਹ ਬਿਆਨ ਦਿੱਤੇ ਗਏ ਕਿ ਅਸੀਂ ਅਨੰਦ ਮੈਰਿਜ ਐਕਟ 2016 ਨੂੰ ਅਸਲੀ ਰੂਪ ਵਿਚ ਲਾਗੂ ਕਰਾਂਗੇ। ਜਦਕਿ ਅਸਲੀਅਤ ਇਹ ਹੈ ਕਿ ਅਨੰਦ ਮੈਰਿਜ ਐਕਟ ਤਾਂ 1909 ਵਾਲਾ ਹੀ ਹੈ ਅਤੇ ਉਦੋਂ ਤੋਂ ਹੀ ਲਾਗੂ ਚੱਲਿਆ ਆ ਰਿਹਾ ਹੈ। 2016 ਵਿਚ ਤਾਂ 'ਪੰਜਾਬ ਅਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਸ' ਬਣਾਏ ਗਏ ਸਨ ਅਤੇ ਨੋਟੀਫਾਈ ਵੀ ਹੋ ਚੁੱਕੇ ਹਨ। ਹੁਣ ਜੇ ਪੰਜਾਬ ਸਰਕਾਰ ਇਨ੍ਹਾਂ ਰੂਲਜ਼ ਵਿਚ ਕੁੱਝ ਤਬਦੀਲੀ ਕਰਕੇ ਵਿਆਹ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਨੂੰ ਕੁਝ ਸੁਖਾਲਾ ਬਣਾਉਣਾ ਚਾਹੁੰਦੀ ਹੈ, ਤਾਂ ਇੰਨਾ ਰੌਲਾ ਰੱਪਾ ਕਿਸ ਗੱਲ ਦਾ? ਧਾਰਮਿਕ ਜਾਂ ਰਾਜਨੀਤਕ ਲੀਡਰਾਂ ਆਧਾਰਿਤ ਵਿਵਾਦਤ ਕਮੇਟੀ ਬਣਾਉਣ ਦਾ ਕੀ ਫਾਇਦਾ। ਇਹ ਤਾਂ ਇਕ ਕਾਨੂੰਨੀ ਪ੍ਰਸ਼ਾਸਨਿਕ ਮੁੱਦਾ ਹੈ, ਤੇ ਸਰਕਾਰੀ ਪੱਧਰ 'ਤੇ ਆਮ ਕੰਮ ਦੀ ਤਰ੍ਹਾਂ ਫੈਸਲਾ ਲੈ ਕੇ ਲਾਗੂ ਹੋ ਸਕਦਾ ਹੈ।

ਸਰਕਾਰ ਨੂੰ ਤਾਂ ਸੱਚੇ ਦਿਲੋਂ ਸਿੱਖਾਂ ਦੀ ਪੁਰਜ਼ੋਰ ਮੰਗ ਕਿ ਉਨ੍ਹਾਂ ਦਾ ਆਪਣਾ ਸੰਪੂਰਨ "ਸਿੱਖ ਮੈਰਿਜ ਐਕਟ" ਹੋਵੇ ਤਾਂ ਕਿ ਉਨ੍ਹਾਂ ਨੂੰ "ਹਿੰਦੂ ਮੈਰਿਜ ਐਕਟ" ਵਿਚੋਂ ਬਾਹਰ ਕੱਢਿਆ ਜਾ ਸਕੇ, ਉਸ ਲਈ ਹੰਭਲਾ ਮਾਰਨਾ ਚਾਹੀਦਾ ਹੈ। ਜੇ ਭਾਰਤ ਵਿਚ ਘੱਟ ਗਿਣਤੀ ਪਾਰਸੀਆਂ ਦਾ ਆਪਣਾ ਪਾਰਸੀ ਮੈਰਿਜ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਕ੍ਰਿਸਚਨ ਦਾ ਆਪਣਾ ਕ੍ਰਿਸ਼ਚਨ ਮੈਰਿਜ ਐਕਟ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਮੁਸਲਮਾਨਾਂ ਦਾ ਆਪਣਾ ਵਿਆਹ ਅਤੇ ਤਲਾਕ ਦਾ ਕਾਨੂੰਨ ਹੋ ਸਕਦਾ ਹੈ, ਤਾਂ ਸਿੱਖਾਂ ਦਾ ਆਪਣਾ 'ਸਿੱਖ ਮੈਰਿਜ ਐਕਟ' ਕਿਉਂ ਨਹੀਂ? ਜੇ ਪੰਜਾਬ ਸਰਕਾਰ ਸਿੱਖਾਂ ਲਈ ਸੱਚੇ ਦਿਲੋਂ ਇਮਾਨਦਾਰੀ ਨਾਲ ਕੁਝ ਕਰਨਾ ਚਾਹੁੰਦੀ ਹੈ, ਤਾਂ ਇਸ ਦਿਸ਼ਾ ਵੱਲ ਉਨ੍ਹਾਂ ਵਲੋਂ ਚੁੱਕੇ ਕਦਮ ਸ਼ਲਾਘਾਯੋਗ ਹੋਣਗੇ!

# ਸਾਨੂੰ ਆਪਣੀ ਕਾਰ, ਸਰੀਰ ਦੇ ਨੁਕਸ ਬਾਰੇ ਜ਼ਿਆਦਾ ਆਪ ਹੀ ਪਤਾ ਹੁੰਦੇ ਹਨ : ਅਮਰਜੀਤ ਟਾਂਡਾ

ਅਮਰਜੀਤ ਸਿੰਘ ਟਾਂਡਾ
ਸਿਡਨੀ, ਆਸਟ੍ਰੇਲੀਆ
(Punjab Mail USA)



ਸਾਨੂੰ ਆਪਣੀ ਕਾਰ ਦੇ ਬਾਰੇ ਜ਼ਿਆਦਾ ਨੁਕਸ ਆਪ ਹੀ ਪਤਾ ਹੁੰਦੇ ਨੇ। ਮਕੈਨਿਕ ਸਦਾ ਤੁੱਕੇ ਹੀ ਲਾਉਂਦਾ ਹੈ। ਡਾਕਟਰਾਂ ਦਾ ਵੀ ਇਹੀ ਹਾਲ ਹੈ। ਕਾਰ ਦਾ ਸਰੀਰ ਦਾ ਸਿਸਟਮ ਏਨਾ ਕੰਪਲੈਕਸ ਹੈ। ਕਿਹੜਾ ਇਹਨੂੰ ਸਮਝ ਲਵੇਗਾ ਮਿੰਟਾਂ ਵਿਚ।

ਮਕੈਨਿਕ ਜਾਂ ਡਾਕਟਰ ਤੁਹਾਡਾ ਬਿੱਲ ਹੀ ਵੱਡਾ ਕਰਨ ਨੂੰ ਬੈਠੇ ਹਨ।

ਮੈਂ ਕਈ ਵਾਰ ਸੈਨੀਟਰੀ ਦਾ ਸਮਾਨ ਜ਼ਰਾ ਜਿੰਨਾ ਲੈਣਾ ਹੁੰਦਾ ਹੈ। ਵੇਚਣ ਵਾਲਾ ਛੱਤੀ ਚੀਜ਼ਾਂ ਹੋਰ ਗਲ ਪਾਣ ਦੀ ਕੋਸ਼ਿਸ਼ ਕਰੇਗਾ। ਮੈਂ ਸਾਰੀ ਉਹਦੀ ਸਲਾਹ ਨਕਾਰ ਕੇ ਆਪ ਜੁਗਾੜ ਸੋਚ ਇਕ ਅੱਧੀ ਚੀਜ਼ ਨਾਲ ਕਈ ਵਾਰ ਸਾਰਿਆ ਹੈ।

ਪਰ ਸਾਰੇ ਦੰਦਾਂ ਦੇ ਮਾਹਿਰ ਡਾਕਟਰ ਵੀ ਦੰਦ ਕਢਾਉਣ ਲਈ ਹੀ ਸਦਾ ਕਹਿਣਗੇ। ਦੋ ਵਾਰ ਉਨ੍ਹਾਂ ਫ਼ਸਾ ਵੀ ਲਿਆ।

ਦਰਦ ਵੇਲੇ ਤੁਸੀਂ ਮੰਨ ਵੀ ਜਾਂਦੇ ਹੋ। ਦੰਦ, ਕੰਨ ਦੀ ਪੀੜ ਤੋਂ ਵੱਡਾ ਕੋਈ ਦਰਦ ਹੁੰਦਾ ਹੈ। ਮੈਂ ਕਿਹੜਾ ਦੰਦਾਂ ਦਾ ਡਾਕਟਰ ਹਾਂ।

ਐਤਕੀਂ ਮੇਰੇ ਇਕ ਦੰਦ ਕੋਲ ਛਾਲਾ ਹੋ ਗਿਆ। ਇਟਲੀ ਜਰਮਨੀ ਦੇ ਦੰਦਾਂ ਦੇ ਮਾਹਿਰਾਂ ਨੇ ਕੱਢਣ ਦੀ ਹੀ ਸਿਫ਼ਾਰਸ਼ ਕੀਤੀ। ਬਾਹਰ ਵੀ ਸਾਰੇ ਏਦਾਂ ਦੇ ਹੀ ਹਨ।

ਮੈਂ ਨਾਂਹ ਕਰਕੇ ਘਰ ਨੂੰ ਆ ਗਿਆ। ਤੇ ਉਹਨੂੰ ਚੈਲਿੰਜ ਕਰ ਕਿਹਾ। ਮੈਂ ਤੈਨੂੰ ਦੋ ਹਫ਼ਤੇ ਬਾਅਦ ਮਿਲਾਂਗਾ। ਬਿਨਾਂ ਤੇਰੇ ਇਲਾਜ ਤੋਂ।

ਘਰ ਆ ਕੇ ਸਵੇਰੇ ਸ਼ਾਮ ਹਲਦੀ ਨਾਰੀਅਲ ਤੇਲ ਦੀ ਉਂਗਲੀ ਨਾਲ ਹੌਲ਼ੀ-ਹੌਲ਼ੀ ਮਸਾਜ ਆਰੰਭ ਦਿੱਤੀ।

ਚਾਹ ਪੀਣ ਵੇਲੇ ਕੱਪ ਨਾਲ ਟਿਸ਼ੂ ਨਾਲ ਸੇਕ।

ਨਮਕ ਪਾਣੀ ਦੀਆਂ ਕੁਰਲੀਆਂ। ਤਿੰਨ ਵੇਲੇ।

ਛਾਲਾ ਕਹੇ ਯਾਰ ਬਸ ਵੀ ਕਰ ਹੁਣ। ਮੈਂ ਤਾਂ ਰਿਹਾ ਵੀ ਨਹੀਂ।

ਆਪਣੀ ਜਿੱਤ ਨਾਲ ਖ਼ੁਸ਼ੀ ਬਹੁਤ ਹੁੰਦੀ ਹੈ। ਮੈਂ ਖ਼ੁਸ਼ੀ ਵਿਚ ਭੰਗੜਾ ਪਾਉਣ ਲੱਗ ਜਾਂਦਾ ਹਾਂ। ਹਰ ਜਿੱਤ ਦੀ ਖ਼ੁਸ਼ੀ ਤੁਸੀਂ ਵੀ ਮਨਾਇਆ ਕਰੋ। ਜਿੱਤ, ਖ਼ੁਸ਼ੀ, ਹੌਂਸਲਾ, ਚਾਅ, ਰੀਝਾਂ ਵੀ ਬਖਸ਼ਦੀ ਹੈ।

ਦੂਸਰੇ ਤੀਸਰੇ ਦਿਨ। ਦੰਦ ਜੀ ਦਾ ਦਰਦ ਵੀ ਘੱਟ ਹੋ ਗਿਆ। ਤੇ ਛਾਲਾ ਜੀ ਦਿੱਸਣੋ ਹਟਣ ਲੱਗ ਪਏ। ਗੱਲ ਕੀ ਅੱਖੋਂ ਹੀ ਓਹਲੇ ਹੋ ਗਏ ਸ਼ਰਮ ਦੇ ਮਾਰੇ। ਕਹਿੰਦਾ ਹੋਣਾ, ਕਿਹੜਾ ਬੰਦਾ ਟੱਕਰ ਗਿਆ ਹੈ।

ਓਹੀ ਦੰਦਾਂ ਦਾ ਡਾਕਟਰ ਮਿਲਣ ਤੇ ਮੈਂ ਉਹਨੂੰ ਦੱਸਿਆ। ਉਸ ਨੇ ਮੇਰੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਟਾਲ ਦਿਤਾ ਮੈਨੂੰ। ਫਿਰ ਇਹ ਸ਼ਰਮ ਦੇ ਮਾਰੇ ਅੱਖ ਵੀ ਨਹੀਂ ਮਿਲਾਉਂਦੇ।




ਝਗੜੇ-ਲੜਾਈ ਵੇਲੇ ਵੀ ਟੁੱਟ ਕੇ ਜਿਹੜਾ ਪੈ ਗਿਆ, ਉਹੀ ਸਮਝੋ ਜਿੱਤ ਗਿਆ। ਸਿੰਘ ਥੋੜੇ ਵੀ ਜੈਕਾਰਿਆਂ ਨਾਲ ਹਮਲਾ ਕਰਕੇ ਚੜ੍ਹ ਜਾਂਦੇ ਸਨ। ਅਗਲੇ ਦੌੜ ਕੇ ਮੈਦਾਨ ਛੱਡ ਜਾਂਦੇ ਸਨ।

ਸਿੰਘਾਂ ਦਾ ਹੌਂਸਲਾ ਹੀ ਉਨ੍ਹਾਂ ਦੀ ਜਿੱਤ ਹੁੰਦੀ ਸੀ। ਬਸ ਹਾਰ ਨਹੀਂ ਮੰਨਣੀ। ਹੌਂਸਲਾ ਮਿਹਨਤ ਹੀ ਸਦਾ ਜਿੱਤਦੀ ਆਈ ਹੈ।

ਇਕ ਵਾਰ ਫਿਰ ਸਿੰਘ ਫਸ ਗਏ। ਨੇੜੇ ਦੇ ਦੰਦ ਜੀ ਨਾਰਾਜ਼ ਹੋ। ਦਰਦ ਕਰਨ ਲੱਗ ਪਏ।

ਇਹ ਤਾਂ ਹੋ ਰਿਹਾ ਸੀ। ਕਿਉਂਕਿ ਮੈਂ ਦੰਦਾਂ ਬਾਰੇ ਅਵੇਸਲਾ ਹੋ ਗਿਆ ਸੀ। ਅਵੇਸਲਾਪਣ ਹੀ ਹਰਾਉਂਦਾ ਹੈ ਨਿੱਤ ਬੰਦੇ ਨੂੰ। ਵੇਖ ਲੈਣਾ।

ਮੈਂ ਕਿਹਾ ਐਤਕੀਂ ਮੁਫ਼ਤ ਇਲਾਜ ਕਰਾਉਣ ਜਾਣਾ ਹੀ ਨਹੀਂ। ਸਭ ਮਾੜਾ ਹੈ। ਮਾਹਿਰ ਕੋਲ ਜਾਣਾ ਹੀ ਨਹੀਂ। ਆਪਾਂ ਕਿਧਰੋਂ ਘੱਟ ਹਾਂ।

ਹਰ ਸਮੱਸਿਆ ਨੂੰ ਚੈਲਿੰਜ ਕਰੋ। ਜ਼ਿੰਦਗੀ ਹੋਰ ਕੁੱਝ ਵੀ ਨਹੀਂ ਹੈ।

ਸਪੈਸ਼ਲ ਪੇਸਟ ਬੁਰਸ਼ ਵੀ ਛੱਡ।

ਉਂਗਲ ਨਾਲ ਹਲਦੀ ਨਾਰੀਅਲ ਤੇਲ ਦੀ ਹੌਲ਼ੀ-ਹੌਲ਼ੀ ਮਸਾਜ਼ ਕਰਕੇ, ਮਸੂੜਿਆਂ ਨੂੰ ਤਾਕਤਵਰ ਬਣਾਇਆ। ਦੋ ਵਾਰ ਨਮਕ ਪਾਣੀ ਦੀਆਂ ਕੁਰਲੀਆਂ। ਦੋ ਵਾਰ ਸੌਫਟ ਬੁਰਸ਼।

ਦੰਦ ਜੀ ਚੁੱਪਚਾਪ ਆਰਾਮ ਨਾਲ ਦਰਦ ਲੈ ਕੇ ਪਤਾ ਨਹੀਂ ਕਿੱਥੇ ਨੇ ਹੁਣ। ਨਹੀਂ ਤਾਂ ਇਹ ਮਾਹਿਰ ਡਾਕਟਰਾਂ ਨੇ ਦੋ ਦੰਦ ਹੋਰ ਖਿੱਚ ਦੇਣੇ ਸੀ।

ਮੈਂ ਰੋਟੀ ਖਾਣ ਤੋਂ ਵੀ ਜਾਣਾ ਸੀ। ਖਿੱਚੜੀ ਕੜਾਹ 'ਤੇ ਆ ਜਾਣਾ ਸੀ।

ਭਾਈ ਇਨ੍ਹਾਂ ਤੋਂ ਵੀ ਬਚ ਕੇ ਰਹੋ। ਇਹ ਤਕਨੀਕੀ ਸਾਇੰਟੇਫਿਕ ਭ੍ਰਿਸ਼ਟਾਚਾਰੀ ਹੈ ਸਭ।

ਆਪ ਵੀ ਖਾਓ ਤੇ ਬਲੱਡ ਟੈਸਟਾਂ ਤੇ ਹੋਰ ਸਪੈਸ਼ਲਿਸਟਾਂ ਤੋਂ ਵੀ ਕਮਿਸ਼ਨ ਖਿੱਚੋ।

ਮੈਂ ਹੋਰ ਵੀ ਕਈ ਆਪਣੇ ਜ਼ਿੰਦਗੀ ਦੇ ਤਜ਼ਰਬੇ ਸਾਂਝੇ ਕਰਦਾ ਰਹਾਂਗਾ। ਤੁਸੀਂ ਵੀ ਲਿਖਿਓ ਪਲੀਜ਼। ਭਾਈ ਅਸੀਂ ਵੀ ਆਪਣੇ ਸਬਜੈਕਟ ਬਾਰੇ ਡਿਗਰੀਆਂ ਹਾਸਲ ਕਰਕੇ ਵੀ ਨਹੀਂ ਸਾਰਾ ਕੁਝ ਜਾਣਦੇ ਹੁੰਦੇ ਹਾਂ।

45-50 ਦੀ ਉਮਰ 'ਚ ਆਪਣੀ ਸਿਹਤ ਦਾ ਖ਼ਿਆਲ ਆਪ ਰੱਖੋ। ਕਦੇ ਵੀ ਨਹੀਂ ਹੋਵੇਗੀ ਕੋਈ ਬੀਮਾਰੀ। ਜਾਂ ਤਕਲੀਫ। ਬਸ ਘਬਰਾਉਣਾ ਨਹੀਂ ਕਦੇ। ਇਹ ਗੱਲ ਪੱਲੇ ਬੰਨ੍ਹ ਲਓ ਘੁੱਟ ਕੇ ਸੋਹਣਿਓ।

ਮੇਰੇ ਗਵਾਂਢੀ ਜਿੰਨੇ ਵੀ ਡਾਕਟਰਾਂ ਕੋਲ ਗਏ ਨੇ, ਘੱਟ ਹੀ ਵਾਪਸ ਆਏ ਹਨ।

ਇਹੀ ਸਮੱਸਿਆ ਵਧਾਉਂਦੇ ਹਨ। ਜਿੰਦਾਂ ਇਹ ਲੰਮਾ ਪਾ ਕੇ ਟਿਊਬਾਂ ਨਾੜੀਆਂ 'ਚ ਚਾੜ੍ਹਦੇ ਹਨ। ਬੰਦਾ ਘਰ ਕਿਵੇਂ ਤੰਦਰੁਸਤ ਹੋ ਕੇ ਪਰਤ ਆਵੇਗਾ।

ਸ. ਖ਼ੁਸ਼ਵੰਤ ਸਿੰਘ ਤੇ ਉਹਦੀ ਘਰ ਵਾਲੀ। ਵਿਸਕੀ ਪੀਂਦੇ ਗਏ ਹਨ ਜਹਾਨੋਂ। 90-100 ਵਰ੍ਹਿਆਂ ਦੇ ਹੋ ਕੇ। ਮੈਨੂੰ ਦੱਸੋ ਭਲਾ। ਬਾਂਦਰ ਜਾਂ ਹੋਰ ਜੰਗਲੀ ਜਾਨਵਰ ਕਿੰਨੇ ਕੁ ਡਾਕਟਰਾਂ ਦੀਆਂ ਅਪੁਆਇੰਟਮੈਂਟਾਂ ਲੈਂਦੇ ਹਨ। ਕਿੰਨੇ ਖੜ੍ਹੇ ਹੁੰਦੇ ਹਨ ਡਾਕਟਰਾਂ ਦੀਆਂ ਲਾਈਨਾਂ ਵਿਚ।

ਸਾਨੂੰ ਮੁਫ਼ਤ ਦੀਆਂ ਦਵਾਈਆਂ ਮਿਲਦੀਆਂ ਹਨ ਤੇ ਅਸੀਂ ਸਰੀਰ ਦੇ ਸਿਸਟਮ ਖ਼ਰਾਬ ਕਰੀ ਜਾਂਦੇ ਹਾਂ।

ਕੁਦਰਤ ਨੇ ਸਰੀਰ ਦੇ ਜ਼ਖ਼ਮਾਂ ਬੀਮਾਰੀਆਂ ਨੂੰ ਆਪ ਠੀਕ ਕਰਨ ਦੀ ਤਕਨੀਕ ਵਿਧੀ ਪਹਿਲਾਂ ਹੀ ਬਖ਼ਸ਼ੀ ਹੋਈ ਹੈ। ਅਰਜ਼ਾਂ ਅਰਦਾਸਾਂ ਬੇਨਤੀਆਂ ਦੇ ਪਿੱਛੇ ਲੱਗ ਕੇ ਵੀ ਸਮੱਸਿਆ ਨੂੰ ਨਾ ਵਧਾ ਲਿਆ ਕਰੋ। ਬਾਕੀ ਮਰਜ਼ੀ ਤੁਹਾਡੀ ਹੈ।

ਸਰੀਰ ਤਾਂ ਸਰਵਾਈਵਲ ਲਈ ਥੋੜਾ ਜੇਹਾ ਭੋਜਨ ਹੀ ਮੰਗਦਾ ਹੈ ਤੇ ਵੱਧ ਤੋਂ ਵੱਧ ਕਸਰਤ।

ਬਸ ਚੈਨ ਨਾਲ ਕਦੇ ਨਾ ਬੈਠੋ। ਨਾਨੀ, ਦਾਦੀ, ਬਾਪੂ ਵਾਂਗ ਲੱਗੇ ਹੀ ਰਹੋ। ਸਿਰਫ਼ ਸੌਣ, ਆਰਾਮ ਵੇਲੇ ਹੀ ਰੁਕੋ। ਬੈਠੋ।

ਹਾਸੇ-ਠੱਠਿਆਂ ਨਾਲ ਹੀ ਕਈ ਬੀਮਾਰੀਆਂ ਦੇ ਹਲ ਹੋ ਸਕਦੇ ਹਨ। ਕਿਉਂਕਿ ਹਾਸੇ ਖ਼ੁਸ਼ੀ ਵਿਚ ਰਿਲੀਜ਼ ਹੋਏ ਹਾਰਮੋਨਜ਼ ਕਈ ਬੀਮਾਰੀਆਂ ਦਾ ਹੱਲ ਕਰ ਦਿੰਦੇ ਹਨ।

ਮੈਂ ਹਾਂਸ ਵਿਅੰਗ 'ਤੇ ਵੀ ਲਿਖਾਂਗਾ। ਜੇ ਬੋਰ ਹੁੰਦੇ ਹੋ, ਤਾਂ ਮੈਨੂੰ ਅਨਫਰਿੰਡ ਕਰ ਦੇਣਾ ਪਲੀਜ਼।

ਖ਼ੁਸ਼ੀਆਂ ਦੀ ਵੀ ਖ਼ੁਸ਼ਬੂ ਖਿਲਾਰਿਆ, ਵੰਡਿਆ ਕਰੋ। ਗਮ ਉਦਾਸੀਆਂ ਕਦੇ ਵੀ ਨੇੜੇ ਨਹੀਂ ਢੁੱਕਣਗੀਆਂ। ਅਸਲ ਵਿਚ ਸਾਡੇ ਸਰੀਰਾਂ ਨੂੰ ਸਿੰਥੈਟਿਕ ਦਵਾਈਆਂ ਨੇ ਖਰਾਬ, ਗੰਧਲਾ ਕੀਤਾ ਹੋਇਆ ਹੈ। ਚੀਨੀ, ਨਮਕ ਵੀ ਤਾਂ ਅਸੀਂ ਸਵਾਦ ਲਈ ਖਾਂਦੇ ਹਾਂ। ਇਨ੍ਹਾਂ ਦੀ ਕੋਈ ਵੀ ਜ਼ਰੂਰਤ ਨਹੀਂ ਹੈ ਸਰੀਰ ਨੂੰ। ਫਿਰ ਵੀ ਅਸੀਂ ਨਹੀਂ ਹਟਦੇ।

ਹੁਣ ਤੁਹਾਡਾ ਸਵਾਲ ਹੋਵੇਗਾ ਕਿ ਕੀ ਕਰੀਏ। ਨਾ ਡਾਕਟਰ ਕੋਲ ਜਾਈਏ।

ਪਹਿਲਾਂ ਚੈੱਕ ਕਰੋ ਕਿ ਸਮੱਸਿਆ ਆਈ ਕਿਉਂ। ਕੀ ਖਾਧਾ ਸੀ।

ਸਾਰਾ ਕੁਝ ਜੋ ਅਸੀਂ ਖਾਂਦੇ ਹਾਂ। ਉਸ 'ਤੇ ਹੀ ਸਿਹਤ ਮੁਨੱਸਰ ਕਰਦੀ ਹੈ। ਇਹ ਗੱਲ ਸਾਨੂੰ ਸਾਰਿਆਂ ਨੂੰ ਹੀ ਪਤਾ ਹੈ।

ਕਸਰਤ ਦੀ ਘਾਟ ਕਾਰਨ ਵੀ ਸਿਹਤ ਵਿਗੜਦੀ ਹੈ।

ਗੱਡੀ ਚਲਾਉਣ ਨਾਲ ਹੀ ਚਲਦੀ ਰਹਿੰਦੀ ਹੈ। ਬਹੁਤਾ ਵੀ ਨਹੀਂ ਵਰਤਣ ਚਲਾਉਣ ਦੀ ਲੋੜ। ਸਰੀਰ ਵੀ ਇਕ ਬਾਇਓਲਾਜੀਕਲ ਕਾਰ ਹੀ ਹੈ। ਰੀਪੇਅਰ ਮੇਂਟੀਨੈਂਸ ਮੰਗਦੀ ਹੀ ਰਹਿੰਦੀ ਹੈ। ਮਰਜ਼ੀ ਹੈ ਮੇਰੀ ਕੋਈ ਗੱਲ ਮੰਨਣਾ।

ਤੁਸੀਂ ਮੈਨੂੰ ਇਹ ਵੀ ਦੱਸੋ। ਆਪਣੇ ਬਜ਼ੁਰਗ ਕਿੰਨੇ ਕੁ ਸਟੰਟ ਪੁਵਾਉਂਦੇ ਹੁੰਦੇ ਸਨ। ਰੱਜ ਕੇ ਖਾਂਦੇ ਹੁੰਦੇ ਸਨ ਘਿਓ ਸ਼ੱਕਰ।

ਅੱਜਕੱਲ੍ਹ ਇਹ ਵੀ ਡਾਕਟਰਾਂ ਨੇ ਬਿਜ਼ਨਸ ਹੀ ਬਣਾ ਲਿਆ ਹੈ। ਤੇ ਵੱਧ ਤੋਂ ਵੱਧ ਕਮਾਈ ਕਰ ਰਹੇ ਹਨ। ਫਿਰ ਆਪ ਵੀ ਕੈਂਸਰ ਨਾਲ ਹੀ ਜਾਂਦੇ ਹਨ।

ਇਹੀ ਕਹਿਣਗੇ ਕਿ ਤੁਸੀਂ ਸਮੇਂ ਸਿਰ ਪਹੁੰਚ ਗਏ ਹੋ, ਨਹੀਂ ਤਾਂ ਬਹੁਤ ਨੁਕਸਾਨ ਹੋ ਜਾਣਾ ਸੀ।

ਇਹ ਵੀ ਦੱਸੋ। ਜਿਹੜਾ ਤੇਲ ਬਾਹਰ ਨਹੀਂ ਜੰਮਦਾ। ਅੰਦਰ ਕਿੱਥੇ ਜਾ ਕੇ ਜੰਮੇਗਾ।

ਮੈਂ ਤਾਂ ਕੜਾਹ ਵੀ ਖਾਂਦਾ ਹਾਂ। ਇਹਦਾ ਵੀ ਫਾਇਦਾ ਹੈ। ਜੈਤੂਨ ਦਾ ਤੇਲ ਵੀ ਉਪਰ ਦੀ ਸਬਜ਼ੀ 'ਚ ਪਾ ਕੇ ਖਾਂਦਾ ਹਾਂ।

ਹਾਂ, ਤੁਸੀਂ ਵੱਧ ਸਲਾਦ, ਸਬਜ਼ੀਆਂ, ਫਲ ਵੀ ਖਾਓ। ਇਨ੍ਹਾਂ ਵਿਚ ਕਿਹੜੀ ਚੀਜ਼ ਹੈ, ਜੋ ਰਾਹ ਵਿਚ, ਨਾੜੀਆਂ ਵਿਚ ਫਸ ਕੇ ਬਹਿ ਜਾਵੇਗੀ। ਦੱਸਣਾ ਜ਼ਰਾ।

ਆਪ ਵੀ ਲਾਜਿਕ ਲੱਭਿਆ ਕਰੋ। ਹਾਂ ਤੁਹਾਨੂੰ ਤਸੱਲੀ ਹੋ ਜਾਂਦੀ ਹੈ ਡਾਕਟਰ ਕੋਲ ਪਹੁੰਚ ਕੇ ਕਿ ਹੁਣ ਬਚ ਜਾਵਾਂਗੇ।

ਲੋਕਾਂ ਨੇ ਖ਼ੀਰ-ਕੜਾਹ ਖਾਣੇ ਵੀ ਛੱਡ ਦਿੱਤੇ ਹਨ। ਕਦੇ-ਕਦੇ ਕੁੱਝ ਨਹੀਂ ਕਹਿਣ ਲੱਗੇ। ਹਜ਼ੂਰ।

ਫ਼ਿਕਰ। ਚਿੰਤਾਵਾਂ ਘਟਾਓ। ਪਿਆਰ ਪ੍ਰੇਮ ਘਰੀਂ ਸੱਦੋ।

ਇਕ ਦਿਨ ਡਾਕਟਰ ਜੋ ਇਹ ਚੀਜ਼ਾਂ ਮਨ੍ਹਾ ਕਰਦਾ ਹੈ। ਮੈਂ ਦੁਕਾਨ 'ਤੇ ਵੜੇ-ਪਕੌੜੇ ਖਾਂਦਾ ਫੜ ਲਿਆ।

ਸੋ ਸਾਰੇ ਮਜ਼ੇ ਲਓ। ਸਾਰੇ ਸਵਾਦ ਚਖੋ।

ਬਜ਼ੁਰਗਾਂ ਨੇ ਐਵੇਂ ਨਹੀਂ ਕਿਹਾ ਕਿ ਖਾਓ ਮਨਭਾਉਂਦਾ ਪਹਿਨੋ ਜੱਗ ਭਾਉਂਦਾ। ਜੋ ਸਾਰਿਆਂ ਨੂੰ ਚੰਗਾ ਸੋਹਣਾ ਲੱਗੇ।

# ਨਿੰਦਰ ਘੁਗਿਆਣਵੀ ਦੀਆਂ ਲਿਖਤਾਂ ਦਾ ਅਲੋਚਨਾਤਮਕ ਅਧਿਐਨ ਕਰਦੀ ਪੁਸਤਕ

ਸਾਹਿਤ ਸੰਸਾਰ: ਪੁਸਤਕ ਰਿਵਿਊ


ਬਿੰਦਰ ਸਿੰਘ ਖੁੱਡੀ ਕਲਾਂ
ਮੋਬ : 98786-05965
(Punjab Mail USA)



**ਪੁਸਤਕ: ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ**
**ਪੰਨੇ: 260**
**ਸੰਪਾਦਕ: ਪ੍ਰਿੰ.ਸਰਵਣ ਸਿੰਘ**
**ਮੁੱਲ: 395/-ਰੁਪਏ**
**ਪ੍ਰਕਾਸ਼ਕ: ਯੂਨੀਸਟਾਰ ਪ੍ਰਕਾਸ਼ਨ,ਮੁਹਾਲੀ**

ਪੁਸਤਕ 'ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ' ਜਿੱਥੇ ਇਸ ਪੱਖੋਂ ਮਹੱਤਵਪੂਰਨ ਹੈ ਕਿ ਇਸ ਵਿਚ ਘਗਿਆਣਵੀ ਦੇ ਹੁਣ ਤੱਕ ਦੇ ਸਾਹਿਤਕ ਸਫਰ ਬਾਰੇ ਪੜਚੋਲ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ, ਉੱਥੇ ਨਾਲ ਹੀ ਹਰ ਇੱਕ ਨਾਲ ਅਪਣੱਤ ਪੈਦਾ ਕਰ ਲੈਣ ਵਾਲੀ ਉਸ ਦੀ ਸ਼ਖਸੀਅਤ ਬਾਰੇ ਵੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ ਗਈ ਹੈ। ਪੁਸਤਕ ਦੀ ਮਹੱਤਤਾ ਇਸ ਵਿਚ ਹੈ ਕਿ ਇਹ ਸਾਰੀ ਜਾਣਕਾਰੀ ਵਿਦਵਾਨ ਲੇਖਕਾਂ ਵੱਲੋਂ ਆਲੋਚਨਾਤਮਕ ਲੇਖਾਂ ਦੇ ਰੂਪ ਵਿਚ ਸਾਂਝੀ ਕੀਤੀ ਗਈ ਹੈ। ਪੁਸਤਕ ਦੀ ਸਭ ਤੋਂ ਵੱਧ ਮਹੱਤਤਾ ਇਹ ਹੈ ਕਿ ਪੁਸਤਕ ਦੀ ਸੰਪਾਦਨਾ ਜਾਣੇ-ਪਹਿਚਾਣੇ ਅਤੇ ਮਾਣਮੱਤੇ ਲੇਖਕ ਪ੍ਰਿੰ. ਸਰਵਣ ਸਿੰਘ ਵੱਲੋਂ ਕੀਤੀ ਗਈ ਹੈ।

ਪੁਸਤਕ ਦਾ ਪਲੇਠਾ ਲੇਖ 'ਨਿੰਦਰ ਘੁਗਿਆਣਵੀ ਤੇ ਉਹਦੀ ਵਾਰਤਕ' ਪ੍ਰਿੰ. ਸਰਵਣ ਸਿੰਘ ਵੱਲੋਂ ਬਤੌਰ ਸੰਪਾਦਕ ਖੁਦ ਲਿਖਿਆ ਗਿਆ ਹੈ। ਉਸ ਤੋਂ ਬਾਅਦ ਘੁਗਿਆਣਵੀ ਦਾ ਖੁਦ ਦਾ ਲੇਖ 'ਜਦੋਂ ਮੈਂ ਵਾਰਤਕ ਲਿਖਦਾ ਹਾਂ' ਸ਼ਾਮਲ ਕੀਤਾ ਗਿਆ ਹੈ। ਉਪਰੰਤ ਪੰਜਾਬੀ ਸਾਹਿਤ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਜਗਜੀਤ ਸਿੰਘ ਅਨੰਦ, ਪਿਆਰਾ ਸਿੰਘ ਭੋਗਲ, ਅਜਮੇਰ ਸਿੰਘ ਔਲਖ, ਗੁਲਾਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ ਸੜਕਨਾਮਾ, ਕੇ.ਐੱਲ. ਗਰਗ, ਪ੍ਰੋ. ਬ੍ਰਹਮਜਗਦੀਸ਼ ਸਿੰਘ, ਪ੍ਰੋ. ਜਲੌਰ ਸਿੰਘ ਖੀਵਾ, ਬਿਕਰਮਜੀਤ ਨੂਰ, ਸ਼ੰਗਾਰਾ ਸਿੰਘ ਭੁੱਲਰ, ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ, ਪ੍ਰੋ. ਦਵਿੰਦਰ ਮੰਡ, ਡਾ. ਪ੍ਰਿਥਵੀ ਰਾਜ ਥਾਪਰ, ਪ੍ਰੋ. ਸੰਦੀਪ ਕੌਰ, ਪ੍ਰੋ. ਸੰਦੀਪ ਸਿੰਘ, ਡਾ. ਸਰਬਜੀਤ ਕੌਰ, ਜਸਪਾਲ ਸਿੰਘ, ਜਸਵਿੰਦਰ ਕੌਰ, ਨਰਿੰਦਰ ਸਿੰਘ, ਅਮਨਦੀਪ ਕੌਰ, ਡਾ. ਨਿਵੇਦਿਤਾ ਸਿੰਘ, ਡਾ. ਕੁਲਦੀਪ ਸਿੰਘ ਕੁਰੂਕਸ਼ੇਤਰ, ਵਿਸ਼ਾਲ, ਡਾ. ਕਮਲਦੀਪ ਸਿੰਘ ਜੰਮੂ ਦੇ ਲੇਖ ਪੁਸਤਕ ਵਿਚ ਸ਼ੁਮਾਰ ਕੀਤੇ ਗਏ ਹਨ। ਲੇਖਾਂ ਤੋਂ ਬਾਅਦ ਨਿੰਦਰ ਘੁਗਿਆਣਵੀ ਦੇ ਨਾਂਅ ਸੁਖਬੀਰ ਦਾ ਖਤ ਅਤੇ ਟੋਰਾਂਟੋ ਤੋਂ ਇਕਬਾਲ ਰਾਮੂਵਾਲੀਆਂ ਦੀ ਚਿੱਠੀ ਅਤੇ ਰਾਜਿੰਦਰ ਸਿੰਘ ਦਾ ਇੱਕ ਹੋਰ ਲੇਖ 'ਪੰਜਾਬੀ ਵਾਰਤਕ 'ਚ ਅਨੁਭਵੀ ਮੁਹਾਵਰਾ' ਪਾਠਕਾਂ ਦੇ ਰੂਬਰੂ ਕੀਤਾ ਗਿਆ ਹੈ। ਅਖੀਰ ਵਿਚ ਨਿੰਦਰ ਘੁਗਿਆਣਵੀ ਦੀਆਂ ਹੁਣ ਤੱਕ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਦਰਜ਼ ਕੀਤੀ ਗਈ ਹੈ।




ਘੁਗਿਆਣਵੀ ਦੇ ਸਾਹਿਤਕ ਸਫਰ ਦੀ ਆਲੋਚਨਾਤਮਕ ਵਿਆਖਿਆ ਕਰਦੇ ਲੇਖਾਂ ਵਿਚ ਸਾਰੇ ਹੀ ਲੇਖਕ ਘੁਗਿਆਣਵੀ ਦੀ ਸਿੱਧੀ, ਸਪੱਸ਼ਟ ਅਤੇ ਪੇਂਡੂ ਲਹਿਜ਼ੇ ਦੀ ਸਰਲ ਸ਼ੈਲੀ ਨੂੰ ਉਸ ਦੀਆਂ ਲਿਖਤਾਂ ਦੇ ਪ੍ਰਵਾਨ ਚੜ੍ਹਨ ਦੇ ਮੀਰੀ ਗੁਣ ਬਾਰੇ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ। ਘੁਗਿਆਣਵੀ ਵਿੰਗ ਵਲੇਵੇਂ ਪਾ ਕੇ ਲਿਖਣ ਦਾ ਆਦੀ ਨਹੀਂ ਹੈ। ਉਸਦੀ ਸਪੱਸ਼ਟ ਲੇਖਣੀ ਪਾਠਕ ਦੇ ਸਿੱਧਾ ਸੀਨੇ ਵਿਚ ਉਤਰ ਜਾਂਦੀ ਹੈ। ਘਰੇਲੂ ਹਾਲਤਾਂ ਕਾਰਨ ਉਚੇਰੀ ਰਸਮੀ ਸਿੱਖਿਆ ਗ੍ਰਹਿਣ ਕਰਨ ਤੋਂ ਖੁੰਝਿਆ ਘੁਗਿਆਣਵੀ ਜ਼ਿੰਦਗੀ ਦੀ ਸਿੱਖਿਆ ਬਹੁਤ ਚੰਗੀ ਤਰ੍ਹਾਂ ਗ੍ਰਹਿਣ ਕਰ ਗਿਆ ਹੈ। ਘੱਟ ਪੜ੍ਹਾਈ ਨੂੰ ਉਸਨੇ ਆਪਣੇ ਸਾਹਿਤਕ ਸਫਰ ਅਤੇ ਸ਼ਖਸੀਅਤ ਉਸਾਰੀ ਦੇ ਰਸਤੇ ਦੀ ਰੁਕਾਵਟ ਨਹੀਂ ਬਣਨ ਦਿੱਤਾ। ਇਹ ਉਸ ਦੀਆਂ ਲਿਖਤਾਂ ਦਾ ਕਮਾਲ ਹੈ ਕਿ ਉਸ ਦੀਆਂ ਪੁਸਤਕਾਂ ਉਚੇਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਪਾਠਕ੍ਰਮ ਦਾ ਹਿੱਸਾ ਹਨ। ਲੱਗਦਾ ਹੈ, ਜਿਵੇਂ ਉਚੇਰੀਆਂ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਪੜ੍ਹੀਆਂ ਜਾ ਰਹੀਆਂ ਉਸ ਦੀਆਂ ਪੁਸਤਕਾਂ ਘੁਗਿਆਣਵੀ ਦੇ ਸਿੱਖਿਆ ਗ੍ਰਹਿਣ ਕਰਨ ਦਾ ਸੁਪਨਾ ਪੂਰਾ ਕਰ ਰਹੀਆਂ ਹੋਣ। ਇਹ ਘੁਗਿਆਣਵੀ ਦੀ ਸ਼ਖਸੀਅਤ ਦਾ ਕਮਾਲ ਹੈ ਕਿ ਉਹ ਘੱਟ ਪੜ੍ਹਿਆ ਹੋਣ ਦੇ ਬਾਵਜੂਦ ਵੀ ਅੱਜਕੱਲ੍ਹ ਮਾਣਮੱਤੇ ਅਹੁਦੇ 'ਤੇ ਬਿਰਾਜਮਾਨ ਹੈ। ਪੁਸਤਕ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਘੁਗਿਆਣਵੀ ਪ੍ਰਸ਼ਾਸਨ ਦੇ ਉੱਚ ਕੋਟੀ ਦੇ ਅਧਿਕਾਰੀਆਂ ਨੂੰ ਵੀ ਭਾਸ਼ਣ ਦਿੰਦਾ ਹੈ।

ਪੁਸਤਕ ਦੀ ਸੰਪਾਦਨਾ ਕਮਾਲ ਦੀ ਹੈ। ਪੁਤਸਕ ਵਿਚ ਲੇਖਾਂ ਨੂੰ ਬੜੀ ਹੀ ਤਰਤੀਬ ਨਾਲ ਸਥਾਨ ਦਿੱਤਾ ਗਿਆ ਹੈ। ਪੁਸਤਕ ਘੁਗਿਆਣਵੀ ਦੇ ਅੱਜ ਤੱਕ ਦੇ ਸਮੁੱਚੇ ਸਾਹਿਤਕ ਬਾਰੇ ਪਾਠਕ ਨੂੰ ਬੜੇ ਹੀ ਦਿਲਚਸਪ ਤਰੀਕੇ ਨਾਲ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਪੁਸਤਕ ਸਾਹਿਤਕਾਰਾਂ ਅਤੇ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ ਪੜ੍ਹਨੀ ਚਾਹੀਦੀ ਹੈ। ਇੱਕ ਸਾਹਿਤਕਾਰ ਨੂੰ ਪੁਸਤਕ ਪੜ੍ਹ ਕੇ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਲੋਕ ਸ਼ੈਲੀ ਵਿਚ ਲਿਖੀਆਂ ਮੁਹਾਵਰੇਦਾਰ ਅਤੇ ਵਿਅੰਗਾਤਮਕ ਰੰਗ ਵਿਚ ਰੰਗੀਆਂ ਲਿਖਤਾਂ ਪਾਠਕਾਂ ਦੀ ਕਚਹਿਰੀ ਵਿਚ ਪ੍ਰਵਾਨ ਚੜ੍ਹਦੀਆਂ ਹਨ। ਵਿਦਿਆਰਥੀਆਂ ਦੇ ਸਿੱਖਣ ਲਈ ਪੁਸਤਕ ਵਿਚ ਬੇਸ਼ੁਮਾਰ ਸਮੱਗਰੀ ਹੈ। ਘੁਗਿਆਣਵੀ ਵੱਲੋਂ ਜਿਸ ਤਰ੍ਹਾਂ ਦੇ ਹਾਲਤਾਂ ਨੂੰ ਮਾਤ ਦੇ ਕੇ ਜ਼ਿੰਦਗੀ ਦੇ ਹਰ ਖੇਤਰ ਵਿਚ ਮਾਣ ਹਾਸਲ ਕੀਤਾ ਗਿਆ ਹੈ, ਉਹ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਤੋਂ ਘੱਟ ਨਹੀਂ। ਸਾਹਿਤ ਜਗਤ ਵਿਚ ਪੁਸਤਕ ਦਾ ਬਹੁਤ-ਬਹੁਤ ਸਵਾਗਤ ਹੈ।

# ਹੜ੍ਹਾਂ ਕਾਰਨ ਪੰਜਾਬ ਦੇ ਅੰਨਦਾਤੇ 'ਤੇ ਪਈ ਵੱਡੀ ਮਾਰ

## ਅਜੇ ਤੱਕ ਕਿਸੇ ਨੂੰ ਵੀ ਮੁਆਵਜ਼ਾ ਨਹੀਂ ਮਿਲਿਆ


ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)




ਇਸ ਨੂੰ ਪੰਜਾਬ ਦੇ ਕਿਸਾਨ ਦੀ ਤ੍ਰਾਸਦੀ ਆਖੀਏ ਕੁਦਰਤੀ ਮਾਰ ਜਾਂ ਸਰਕਾਰ ਦੀਆਂ ਗਲਤ ਨੀਤੀਆਂ ਕਿ ਪੰਜਾਬ ਦੇ ਕਿਸਾਨ ਦਾ ਹਰ ਵਾਰ ਵੱਡਾ ਨੁਕਸਾਨ ਹੋ ਰਿਹਾ ਹੈ। ਪੰਜਾਬ ਅੰਦਰ ਪਿਛਲੇ ਲੰਬੇ ਸਮੇਂ ਤੋਂ ਹੜ੍ਹਾਂ ਦੀ ਮਾਰ ਸਦਕਾ ਕਿਸਾਨਾਂ ਦੀ ਲੱਖਾਂ ਏਕੜ ਫਸਲ ਤਬਾਹ ਹੋ ਜਾਂਦੀ ਹੈ। 1988 ਫਿਰ 1994 ਵਿਚ ਪੰਜਾਬ ਦੇ ਕਿਸਾਨ 'ਤੇ ਭਾਰੀ ਮਾਰ ਪਈ ਸੀ। ਕਿਸਾਨਾਂ ਦੀ ਹਰ ਵਰ੍ਹੇ ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਕਰਜ਼ਾ ਚੁੱਕ ਕੇ ਲਗਾਈ ਝੋਨੇ ਦੀ ਫਸਲ ਬਰਸਾਤਾਂ ਦੇ ਦਿਨਾਂ ਦੌਰਾਨ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ 'ਕੁਦਰਤੀ ਮਾਰ ਦੇ ਨਾਂ ਹੇਠ ਬਣੇ ਅਲਜਬਰੇ' ਦੀ ਭੇਟ ਚੜ੍ਹ ਜਾਂਦੀ ਹੈ ਤੇ ਸਬੰਧਤ ਵਿਭਾਗਾਂ ਵੱਲੋਂ ਕੁਦਰਤੀ ਮਾਰਾਂ ਦੇ ਨਾਲ ਨਜਿੱਠਣ ਲਈ ਕੀਤੇ ਵਾਅਦੇ ਅਤੇ ਦਾਅਵੇ ਵੀ ਪਾਣੀ ਦੀ ਮਾਰ ਵਿਚ ਰੁੜਨ ਤੋਂ ਬਾਅਦ ਬੇਵੱਸ ਹੋਇਆ ਅੰਨਦਾਤਾ ਨਮੋਸ਼ੀ ਦੀ ਹਾਲਤ ਵਿਚ ਭਾਣਾ ਮੰਨ ਕੇ ਘਰ ਬੈਠ ਜਾਂਦਾ ਹੈ। ਕਦੇ ਕਿਸੇ ਨੇ ਇਹ ਵੀ ਸੋਚਣ ਦਾ ਯਤਨ ਨਹੀਂ ਕੀਤਾ ਕਿ ਕਿਸਾਨ ਦਾ ਪਰਿਵਾਰ ਦਾ ਚੁੱਲ੍ਹਾ ਕਿਵੇਂ ਜਲਦਾ ਹੋਵੇਗਾ ਅਤੇ ਕਿਸਾਨ ਦੇ ਕਰਜ਼ੇ ਦਾ ਕੀ ਹੋਵੇਗਾ? ਇਹ ਸਵਾਲ ਵੱਡੇ ਹਨ, ਜੋ ਅੱਜ ਵੀ ਸਰਕਾਰਾਂ ਦੇ ਮੂੰਹ ਅੱਡੀ ਖੜ੍ਹੇ ਹਨ।

ਇਹ ਵਰਤਾਰਾ ਵਰ੍ਹੇ ਦਰ ਵਰ੍ਹੇ ਚੱਲਦਾ ਹੀ ਆ ਰਿਹਾ ਹੈ ਤੇ ਰੁੱਕਣ ਦਾ ਨਾਮ ਨਹੀਂ ਲੈ ਰਿਹਾ। ਮੌਜੂਦਾ ਸਮੇਂ ਭਾਰੀ ਮੀਂਹ ਦੇ ਨਾਲ ਪੰਜਾਬ ਅੰਦਰ ਜੋ ਹਲਾਤ ਬਣ ਚੁੱਕੇ ਹਨ, ਉਨ੍ਹਾਂ ਵਿਚੋਂ ਵੱਡਾ ਹਿੱਸਾ ਕਿਸਾਨਾਂ ਦੀ ਝੋਨੇ ਦੀ ਫ਼ਸਲ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਤਬਾਹ ਹੋ ਰਹੀ ਹੈ ਅਤੇ ਸੰਪਰਕ ਸੜਕਾਂ ਇਸ ਵਿਚ ਵੱਡਾ ਅੜਿੱਕਾ ਬਣ ਰਹੀਆਂ ਹਨ, ਜਿਨ੍ਹਾਂ ਨੂੰ ਹੁਣ ਪ੍ਰਸ਼ਾਸਨ ਵੱਲੋਂ ਜੇ.ਸੀ.ਬੀ. ਮਸ਼ੀਨਾਂ ਨਾਲ ਪੁੱਟ ਕੇ ਪਾਣੀ ਕੱਢਣ ਲਈ ਜੱਦੋ-ਜਹਿਦ ਕੀਤੀ ਜਾ ਰਹੀ ਹੈ, ਕਿੰਨਾ ਚੰਗਾ ਹੁੰਦਾ ਜੇਕਰ ਇਨ੍ਹਾਂ ਦਾ ਪੁਖਤਾ ਹੱਲ ਪਹਿਲਾਂ ਕੀਤਾ ਹੁੰਦਾ। ਇਹ ਵੀ ਇੱਕ ਹੈਰਾਨੀਜਨਕ ਤੱਥ ਹੈ ਕਿ ਸਬੰਧਤ ਵਿਭਾਗਾਂ ਵੱਲੋਂ ਸੜਕਾਂ ਬਣਾਉਣ ਸਮੇਂ ਪਾਣੀ ਦੀ ਨਿਕਾਸੀ ਦਾ ਖਿਆਲ ਬਿਲਕੁਲ ਨਹੀਂ ਰੱਖਿਆ ਜਾਂਦਾ, ਜਿਸਦਾ ਸੰਤਾਪ ਕਿਸਾਨਾਂ ਨੂੰ ਭੁਗਤਨਾ ਪੈ ਰਿਹਾ ਹੈ ਅਤੇ ਕਿਸਾਨ ਵਰਗ ਖੇਤਾਂ ਦਾ ਪਾਣੀ ਕੱਢਣ ਲਈ ਆਪਸ ਵਿਚ ਉਲਝ ਕੇ ਆਪਣਾ ਹੀ ਨੁਕਸਾਨ ਕਰਵਾ ਰਿਹਾ ਹੈ ਤੇ ਗੱਲ ਲੜਾਈ ਝਗੜਿਆਂ ਤੱਕ ਪਹੁੰਚ ਚੁੱਕੀ ਹੈ। ਬਹੁਤ ਸਾਰੇ ਪਿੰਡਾਂ ਅੰਦਰ ਪਾਣੀ ਦੀ ਨਿਕਾਸੀ ਨੂੰ ਲੈ ਕੇ ਕਾਤਲਾਂ ਤੱਕ ਗੱਲ ਪਹੁੰਚ ਜਾਂਦੀ ਹੈ ਪਰ ਸਰਕਾਰਾਂ ਦੇ ਮੱਥੇ 'ਤੇ ਜੂਨ ਨਹੀਂ ਸਰਕਦੀ। ਕਦੇ ਵੀ ਕਿਸੇ ਸਰਕਾਰ ਨੇ ਨੇੜੇ ਹੋ ਕੇ ਕਿਸਾਨਾਂ ਦੇ ਦਰਦ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਜਾਂ ਸ਼ਾਇਦ ਸਰਕਾਰ ਸਮਝਣਾ ਹੀ ਨਹੀਂ ਚਾਹੁੰਦੀ।





ਜਦਕਿ ਇਹ ਸਭ ਕੁਝ ਸਬੰਧਤ ਵਿਭਾਗ ਨੂੰ ਆਪਣੇ ਪੱਧਰ 'ਤੇ ਕਰਨਾ ਚਾਹੀਦਾ ਹੈ। ਪੰਜਾਬ ਅੰਦਰ ਪਿਛਲੇ ਸਮੇਂ ਵੀ ਖੇਤਾਂ ਅੰਦਰੋਂ ਪਾਣੀ ਦੀ ਨਿਕਾਸੀ ਨੂੰ ਲੈ ਕੇ ਗੰਭੀਰ ਸੰਕਟ ਪੈਦਾ ਹੁੰਦਾ ਰਿਹਾ ਹੈ ਅਤੇ ਬਹੁਤ ਸਾਰੇ ਕਿਸਾਨਾਂ ਦੀ ਫ਼ਸਲ ਵੀ ਪਾਣੀ ਦੀ ਲਪੇਟ ਵਿਚ ਆ ਕੇ ਤਬਾਹ ਹੋ ਜਾਂਦੀ ਰਹੀ ਹੈ ਅਤੇ ਬਹੁਤ ਸਾਰੇ ਕਿਸਾਨ ਪਰਿਵਾਰ ਆਪਣੀ 6 ਮਹੀਨੇ ਦੀ ਕਮਾਈ ਤੋਂ ਹੱਥ ਧੋ ਬੈਠਦੇ ਹਨ, ਆਖਰ ਪਾਣੀ ਦੀ ਨਿਕਾਸੀ ਵਾਲੀ ਜਗ੍ਹਾ ਤੋਂ ਸਬੰਧਤ ਵਿਭਾਗ ਨੂੰ ਸੜਕ ਨੀਵੀ ਰੱਖਣ 'ਚ ਨੁਕਸਾਨ ਕੀ ਹੈ, ਇਹ ਗੱਲ ਕਿਸੇ ਦੀ ਵੀ ਸਮਝ ਵਿਚ ਨਹੀਂ ਆਈ। ਇਸ ਤੋਂ ਇਲਾਵਾ ਦਿੱਲੀ-ਕਟੜਾ ਮੁੱਖ ਸੜਕ ਲਈ ਲਿਆਂਦੀ ਜਾ ਰਹੀ ਮਿੱਟੀ ਦੇ ਚੁੱਕਣ ਨਾਲ ਪੰਜਾਬ ਦੇ ਖੇਤਾਂ ਦਾ ਵੱਡਾ ਹਿੱਸਾ ਕਿਸੇ ਝੀਲ ਦਾ ਰੂਪ ਧਾਰਨ ਕਰ ਗਿਆ ਹੈ, ਤਾਂ ਉਸ ਤੋਂ ਬਾਅਦ ਦੂਜੇ ਪਾਸੇ ਕਾਫੀ ਉਚਾਈ ਵਾਲੀ ਮੁੱਖ ਸੜਕ ਦਾ ਨਿਰਮਾਣ ਵੀ ਪਾਣੀ ਦੀ ਨਿਕਾਸੀ 'ਚ ਵੱਡਾ ਅੜਿੱਕਾ ਬਣਿਆ ਨਜ਼ਰੀਂ ਪੈਂਦਾ ਹੈ। ਪਾਣੀ ਦੀ ਨਿਕਾਸੀ ਦਾ ਕੰਮ ਵਰ੍ਹਿਆਂ ਤੋਂ ਚੱਲਦਾ ਆਇਆ ਹੈ, ਇਸ ਲਈ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਸਭ ਕੁਝ ਨੂੰ ਲੰਘਾਉਣ ਦੇ ਲਈ ਸਰਕਾਰ ਅਤੇ ਪ੍ਰਬੰਧ ਆਪ ਕੀਤੇ ਜਾਣ।

ਪੰਜਾਬ ਦੇ ਇੱਕ ਵੱਡੇ ਹਿੱਸੇ ਵਿਚ ਦੀ ਦਿੱਲੀ ਕੱਟੜਾ ਐਕਸਪ੍ਰੈੱਸ ਵੇਅ ਵਰਗੀ ਵੱਡੀ ਸੜਕ ਜਾ ਰਹੀ ਹੈ। ਜੋ ਪੰਜਾਬ ਦੇ ਕਿਸਾਨਾਂ ਦੇ ਲਈ ਇੱਕ ਹਿੱਸੇ ਵਿਚ ਅਲਾਮਤ ਮੰਨੀ ਜਾ ਰਹੀ ਹੈ, ਜਿਸ ਵਲੋਂ ਪਾਣੀ ਨੂੰ ਰੋਕਣ ਦਾ ਵੱਡਾ ਨੁਕਸਾਨ ਪੰਜਾਬ ਦੀ ਖੇਤੀ ਨੂੰ ਹੋਵੇਗਾ, ਭਾਵੇਂ ਕਿ ਇਸ ਮੁੱਖ ਸੜਕ ਹੇਠ ਦੀ ਪਾਣੀ ਦੀ ਨਿਕਾਸੀ ਲਈ ਪੁਲੀਆਂ ਅਤੇ ਨਾਲ ਹੀ ਛੋਟੀਆਂ ਪਾਈਪਾਂ ਪਾਈਆਂ ਜਾ ਰਹੀਆਂ ਹਨ, ਉੱਥੇ ਤਾਂ ਠੀਕ ਹੈ ਪਰ ਜਿੱਥੋਂ ਇਸ ਸੜਕ ਦੇ ਹੇਠ ਦੀ ਪਾਣੀ ਦੀ ਨਿਕਾਸੀ ਨਹੀਂ, ਉਥੇ ਕੀ ਮੰਜ਼ਰ ਹੋਵੇਗਾ ਕਹਿਣ ਦੀ ਲੋੜ ਨਹੀਂ। ਭਾਵੇਂ ਕਿ ਕਾਫੀ ਸਾਰੇ ਕਿਸਾਨਾਂ ਵੱਲੋਂ ਆਪਣੀ ਮਜਬੂਰੀ ਨੂੰ ਵੇਖਦਿਆਂ ਹੋਇਆਂ ਇਸ ਮੁੱਖ ਸੜਕ ਲਈ ਮਿੱਟੀ ਚੁਕਾਈ ਜਾ ਰਹੀ ਹੈ। ਕੁੱਲ ਮਿਲਾ ਕੇ ਪੰਜਾਬ ਦਾ ਕਿਸਾਨ ਇਸ ਸਮੇਂ ਪਾਣੀ ਦੀ ਨਿਕਾਸੀ ਨਾ ਹੋਣ ਦਾ ਖਮਿਆਜ਼ਾ ਭੁਗਤਦਾ ਪ੍ਰਤੀਤ ਹੁੰਦਾ, ਜਿਸ ਲਈ ਸਰਕਾਰ ਤੇ ਸਬੰਧਤ ਵਿਭਾਗ ਨੂੰ ਪਹਿਲਾਂ ਤੋਂ ਹੀ ਵਿਉਂਤਬੰਦੀ ਉਲੀਕਣ ਦੀ ਲੋੜ ਹੈ। ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਦਰਿਆ ਦਾ ਰੂਪ ਧਾਰਨ ਕਰ ਚੁੱਕੇ ਖੇਤ ਤੇ ਪਾਣੀ ਲਈ ਅੜਿੱਕਾ ਬਣ ਚੁੱਕੀ ਇੱਕ ਸੰਪਰਕ ਸੜਕ ਦੀ ਤਸਵੀਰ ਵੱਡੇ ਪੱਧਰ 'ਤੇ ਵਾਇਰਲ ਹੋ ਰਹੀਆਂ ਹਨ।

ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀਆਂ ਗਿਰਦਾਵਰੀਆਂ ਕਰਵਾ ਕੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਮੁਆਵਜ਼ਾ ਦਿੱਤਾ ਜਾਵੇ, ਤਾਂ ਕਿ ਉਹ ਆਪਣੇ ਨੁਕਸਾਨ ਦੀ ਪੂਰਤੀ ਕਰ ਸਕਣ। ਕਿਉਂਕਿ ਕਿਸਾਨਾਂ ਦੇ ਚੁੱਲ੍ਹੇ ਅੱਗ ਵੀ ਨਹੀਂ ਮੱਚ ਰਹੀ। ਪੰਜਾਬ ਦੇ ਤਿੰਨੇ ਖਿੱਤਿਆਂ ਅੰਦਰ ਕਿਸਾਨੀ ਦਾ ਵੱਡਾ ਨੁਕਸਾਨ ਹੋਇਆ ਹੈ, ਜਿਸ ਨੂੰ ਰੋਕਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦਾ ਹੈ। ਪੰਜਾਬ ਕਈ ਹਿੱਸਿਆਂ ਵਿਚ ਘੱਗਰ ਨੇ ਵੱਡੀ ਤਬਾਹੀ ਮਚਾਈ ਹੈ। ਜਿੱਥੇ ਕਿਸਾਨੀ ਦਾ ਨਾਮੋ-ਨਿਸ਼ਾਨ ਤੱਕ ਖ਼ਤਮ ਕਰ ਦਿੱਤਾ ਹੈ, ਉਸ ਤੋਂ ਬਾਅਦ ਬਹੁਤ ਸਾਰੇ ਹਿੱਸਿਆਂ ਅੰਦਰ ਰੇਤ ਭਰ ਚੁੱਕੀ ਹੈ। ਹੁਣ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ ਕਿ ਉਸ ਨੇ ਕੀ ਕਰਨਾ ਹੈ? ਕਿਉਂਕਿ ਸਰਕਾਰ ਦੇ ਲਾਰੇ ਤਾਂ ਬਹੁਤ ਲੰਬੇ ਹੋ ਚੁੱਕੇ ਹਨ, ਕਿਸਾਨਾਂ ਨੂੰ ਪਿਛਲੇ ਸਮੇਂ ਵੀ ਗੜੇਮਾਰੀ ਤੱਕ ਦੀ ਕਈ ਹਿੱਸਿਆਂ ਅੰਦਰ ਕਣੀ ਕੌਡੀ ਵੀ ਨਹੀਂ ਮਿਲੀ। ਹੁਣ ਸਰਕਾਰ ਇੱਕ ਵਾਰ ਫਿਰ ਲਾਰਿਆਂ ਨਾਲ ਡੰਗ ਟਪਾਉਣ ਦੀ ਕੋਸ਼ਿਸ਼ ਛੱਡ ਕੇ ਅਫਸਰੀ ਵਿਚ ਸਹੀ ਨੀਤੀਆਂ ਲਾਗੂ ਕਰੇ। ਚੰਗਾ ਹੋਵੇ ਜੇਕਰ ਕੇਂਦਰ ਸਰਕਾਰ ਵੱਲੋਂ ਵੀ ਪੰਜਾਬ ਦੇ ਕਿਸਾਨ ਦੀ ਸਾਰ ਲੈ ਕੇ ਉਨ੍ਹਾਂ ਨੂੰ ਬਣਦਾ ਹੱਕ ਦਿੱਤਾ ਜਾਵੇ।

# ਅਜੋਕੀ ਪੀੜ੍ਹੀ, ਭੋਜਨ ਤੇ ਸਿਹਤ


ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA)




ਖੁਸ਼ਹਾਲ ਅਤੇ ਹੱਸਮੁੱਖ ਜ਼ਿੰਦਗੀ ਜਿਊਣ ਲਈ ਸਰੀਰ ਦਾ ਸਰੀਰਕ, ਮਾਨਸਿਕ ਅਤੇ ਸਮਾਜਿਕ ਤੌਰ 'ਤੇ ਤੰਦਰੁਸਤ ਅਤੇ ਬਿਮਾਰੀ ਰਹਿਤ ਹੋਣਾ ਬਹੁਤ ਜ਼ਰੂਰੀ ਹੈ। ਨਰੋਈ ਸਿਹਤ ਅਤੇ ਤੰਦਰੁਸਤੀ ਲਈ ਸਰੀਰ ਨੂੰ ਤਰੋਤਾਜ਼ਾ ਅਤੇ ਊਰਜਾਵਾਨ ਰੱਖਣ ਲਈ ਸੰਤੁਲਿਤ ਭੋਜਨ ਦੀ ਬਹੁਤ ਮਹੱਤਤਾ ਹੈ।

ਸੰਤੁਲਨ ਭੋਜਨ ਅਜਿਹਾ ਭੋਜਨ ਹੁੰਦਾ ਹੈ, ਜਿਸ ਵਿਚ ਸ਼ਰੀਰ ਨੂੰ ਲੋੜ ਅਨੁਸਾਰ ਕਾਰਬੋਹਾਈਡ੍ਰੇਟ, ਪ੍ਰੋਟੀਨ, ਚਿਕਨਾਈ, ਖਣਿਜ ਪਦਾਰਥ, ਵਿਟਾਮਿਨ, ਫੋਕਟ ਪਦਾਰਥ ਅਤੇ ਪਾਣੀ ਮੌਜੂਦ ਹੁੰਦੇ ਹਨ। ਸੰਤੁਲਿਤ ਭੋਜਨ ਦਾ ਮੁੱਖ ਕੰਮ ਸਰੀਰ ਦੇ ਸੰਤੁਲਨ ਨੂੰ ਬਣਾਕੇ ਰੱਖਣ ਦੇ ਨਾਲ-ਨਾਲ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਅਤੇ ਨਵੇਂ ਸੈੱਲਾਂ ਦੇ ਨਿਰਮਾਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।

ਪੁਰਾਣੇ ਸਮੇਂ ਵਿਚ ਸਾਡੀ ਰੋਜ਼ਾਨਾ ਖੁਰਾਕ ਵਿਚ ਦੁੱਧ, ਦਹੀਂ, ਲੱਸੀ, ਮੋਟਾ ਅਨਾਜ, ਗੁੜ, ਛੋਲੇ ਆਦਿ ਸ਼ਾਮਲ ਹੁੰਦੇ ਸਨ, ਜੋ ਜੁੱਸੇ ਨੂੰ ਕਠੋਰ ਅਤੇ ਮਜ਼ਬੂਤ ਬਣਾਉਂਦੇ ਸਨ। ਪੰਜਾਬੀਆਂ ਲਈ ਇੱਕ ਕਹਾਵਤ ਮਸ਼ਹੂਰ ਸੀ ਕਿ 'ਦੱਬ ਕੇ ਵਾਹ ਤੇ ਰੱਜ ਕੇ ਖਾਹ', ਜਿਸ ਤੋਂ ਮਤਲਬ ਸੀ ਕਿ ਢਿੱਡ ਭਰਕੇ ਚੰਗਾ ਭੋਜਨ ਖਾਣਾ ਅਤੇ ਫਿਰ ਉਸ ਨੂੰ ਪਚਾਉਣ ਲਈ ਖੇਤਾਂ ਵਿਚ ਕੰਮ ਕਰਦੇ ਹੋਏ ਕਸਰਤ ਕਰਨਾ ਸ਼ਾਮਲ ਸਨ।

ਪੁਰਾਣੇ ਸਮੇਂ ਦੇ ਮੁਕਾਬਲੇ ਅਜੋਕਾ ਸਮਾਂ ਬਹੁਤ ਬਦਲ ਗਿਆ ਹੈ। ਇਸ ਬਦਲਾਅ ਨੇ ਸਾਡੀਆਂ ਰੋਜ਼ਾਨਾ ਖਾਣ-ਪੀਣ ਦੀਆਂ ਆਦਤਾਂ ਵਿਚ ਬਦਲਾਅ ਲਿਆ ਕੇ ਸਿਹਤ ਵਿਚ ਨਿਘਾਰ ਲਿਆਉਂਦੇ ਹੋਏ ਨਵੀਆਂ ਬਿਮਾਰੀਆਂ ਨੂੰ ਸੱਦਾ ਦੇ ਦਿੱਤਾ ਹੈ, ਜਿਸ ਦਾ ਸਭ ਤੋਂ ਵੱਧ ਪ੍ਰਭਾਵ ਨੌਜਵਾਨਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ।

ਅਜੋਕੇ ਨੌਜਵਾਨਾਂ ਦੀਆਂ ਭੋਜਨ ਸਬੰਧੀ ਆਦਤਾਂ ਵਿਗੜ ਚੁੱਕੀਆਂ ਹਨ। ਸਵੇਰੇ ਸਕੂਲ, ਕਾਲਜ ਜਾਂਦੇ ਸਮੇਂ ਘਰ ਦੇ ਬਣੇ ਖਾਣੇ ਨੂੰ ਤਵੱਜੋ ਦੇਣ ਦੀ ਬਜਾਏ ਬਾਹਰ ਬਣੇ ਬਰਗਰ, ਸਮੋਸੇ, ਕੁਲਚੇ, ਭਟੂਰੇ, ਸੈਂਡਵਿਚ, ਨੂਡਲਜ਼ ਨੂੰ ਜ਼ਿਆਦਾ ਤਰਜੀਹ ਦਿੰਦੇ ਹੋਏ ਸ਼ੌਕ ਨਾਲ ਖਾਂਦੇ ਹਨ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਉਹ ਸਰੀਰਕ ਤੌਰ 'ਤੇ ਕਮਜ਼ੋਰ ਹੁੰਦੇ ਹੋਏ ਆਸਾਨੀ ਨਾਲ ਬਿਮਾਰੀਆਂ ਦੇ ਜਾਲ਼ ਵਿਚ ਫ਼ਸ ਰਹੇ ਹਨ। ਛੋਟੇ-ਛੋਟੇ ਬੱਚਿਆਂ ਵਿਚ ਹਾਰਟ ਅਟੈਕ, ਕੋਲੈਸਟਰੋਲ ਅਤੇ ਬੀ.ਪੀ. ਦਾ ਵਧਣਾ ਅਤੇ ਮੋਟਾਪਾ ਵਰਗੀਆਂ ਸਿਹਤ ਸਮੱਸਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ। ਬੀ.ਪੀ. ਅਤੇ ਹਾਰਟ ਅਟੈਕ ਵਰਗੀਆਂ ਸਮੱਸਿਆਵਾਂ ਪਹਿਲਾਂ ਵਡੇਰੀ ਉਮਰ ਵਿਚ ਹੀ ਜ਼ਿਆਦਾ ਦੇਖਣ ਨੂੰ ਮਿਲਦੀਆਂ ਸਨ ਪਰ ਹੁਣ ਬਦਲ ਰਹੀ ਜੀਵਨਸ਼ੈਲੀ ਕਰਕੇ ਅਜੋਕੇ ਨੌਜਵਾਨ ਵੀ ਇਸਦਾ ਸ਼ਿਕਾਰ ਹੋ ਰਹੇ ਹਨ।

ਨੌਜਵਾਨਾਂ ਵਿਚ ਵਧ ਰਹੀ ਜੰਕਫੂਡ ਦੀ ਮਾਤਰਾ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜੰਕਫੂਡ ਬਣਾਉਣ ਵਾਲਿਆਂ ਲਈ ਇੱਕ ਠੋਸ ਕਾਨੂੰਨ ਬਣਾਕੇ ਉਸ ਨੂੰ ਸਖ਼ਤੀ ਅਤੇ ਪਾਰਦਰਸ਼ੀ ਨਾਲ ਲਾਗੂ ਕਰੇ, ਜਿਸ ਵਿਚ ਭੋਜਨ ਦੇ ਮਿਆਰ ਅਤੇ ਉਸ ਦੇ ਸਰੀਰ ਉੱਪਰ ਚੰਗੇ ਅਤੇ ਮਾੜੇ ਪ੍ਰਭਾਵਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਲਈ ਸਜ਼ਾ ਮੁਕੱਰਰ ਕੀਤੀ ਜਾਵੇ। ਜੰਕਫੂਡ ਬਣਾਉਣ ਲਈ ਵਰਤੋਂ ਵਿਚ ਲਿਆਉਣ ਵਾਲੇ ਮਸਾਲਿਆਂ ਅਤੇ ਸਬਜ਼ੀਆਂ ਦੀ ਕੁਆਲਿਟੀ ਚੈਕਿੰਗ ਸਮੇਂ-ਸਮੇਂ 'ਤੇ ਮੁਹੱਈਆ ਕਰਵਾਈ ਜਾਵੇ।

ਇਸ ਦੇ ਨਾਲ-ਨਾਲ ਬੱਚਿਆਂ ਅਤੇ ਨੌਜਵਾਨਾਂ ਨੂੰ ਜੰਕਫੂਡ ਦੇ ਸਰੀਰ 'ਤੇ ਪੈਣ ਵਾਲੇ ਹਾਨੀਕਾਰਕ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਜਾਵੇ। ਸਿਹਤ ਵਿਭਾਗ, ਸਿੱਖਿਆ ਵਿਭਾਗ ਦੇ ਨਾਲ-ਨਾਲ ਸਮਾਜਿਕ ਕਾਰਕੁੰਨਾਂ ਅਤੇ ਜਥੇਬੰਦੀਆਂ ਨੂੰ ਇਕਜੁੱਟ ਹੋ ਕੇ ਜੰਕਫੂਡ ਪ੍ਰਤੀ ਜਾਗਰੂਕਤਾ ਵਧਾਉਣੀ ਹੋਵੇਗੀ, ਤਾਂ ਜੋ ਸਾਡੀ ਆਉਣ ਵਾਲੀ ਨੌਜਵਾਨ ਪੀੜ੍ਹੀ ਤੰਦਰੁਸਤ ਰਹਿੰਦੀ ਹੋਈ ਦੇਸ਼ ਦੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੇ।



# ਜ਼ਿੰਦਗੀ

ਜ਼ਿੰਦਗੀ ਦੇ ਨੇ ਤਿੰਨ ਰੰਗ
ਬਚਪਨ, ਜੁਆਨੀ ਤੇ ਬੁਢਾਪਾ

ਜਿਊਂਦਾ ਰਹੇ ਤਾਂ ਇਹ ਹੰਢਾਵੇ
ਤਿੰਨ ਹਿੱਸਿਆਂ ਦਾ ਖਾਕਾ

ਬਚਪਨ 'ਚ ਸਿੱਖੇ, ਜੁਆਨੀ ਮਾਣੇ
ਬੁਢਾਪੇ 'ਚ ਦੇਖੇ ਆਪਣਾ ਖਾਤਾ

ਜੋ ਬੀਜੇ ਉਹ ਉੱਗਦਾ ਹੈ
ਲੰਘਦਾ ਸਮਾਂ ਰਹੇ ਉਹ ਦਾਤਾ

ਆਏ ਉਤਰਾਅ ਤੇ ਕਦੇ ਚੜ੍ਹਾਅ
ਚੰਗਾ ਮਾੜਾ ਉਸ ਸਭ ਹੰਢਾਤਾ

ਮੈਂ-ਮੈਂ ਨਾ ਕਰ ਉਹ ਬੰਦਿਆ
ਕਦ ਪਤਾ ਉਸ ਸੋਹਲਾ ਗਾਤਾ

ਉਹਨੇ ਦਿੱਤਾ, ਉਥੇ ਫਿਰ ਜਾਣਾ
ਮੁਸਾਫਰਾ ਕਿਤੇ ਰੱਬ ਤਾਂ ਨਹੀਂ ਭੁਲਾਤਾ

'ਗੁਰਜਤਿੰਦਰ' ਨੇ ਤਾਂ ਸਮਝ ਲਿਆ
ਹੁਣ ਤਾਂ ਹੀ ਤਾਂ ਇਹ ਮਿਸ਼ਨ ਚਲਾਤਾ।



-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444
(Punjab Mail USA)

# ਪਾਣੀ ਪਾਣੀ

ਦੇਖ ਕੇ ਪਾਣੀ ਸਾਰੇ ਪਾਸੇ, ਅੱਖਾਂ ਵਿਚ ਆਇਆ ਪਾਣੀ,
ਦੱਸਣੀ ਕਦੀ ਨਾ ਸੌਖੀ ਹੋਣੀ, ਤਬਾਹੀ ਵਾਲੀ ਕਹਾਣੀ।

ਮਹਿਲ ਮੁਨਾਰੇ ਦੇਖੇ ਪਲਾਂ ਵਿਚ, ਹੁੰਦੇ ਅਸੀਂ ਅਲੋਪ,
ਕੁਦਰਤ ਦੇ ਐਸੇ ਕਹਿਰ ਨੂੰ, ਕੋਈ ਨਾ ਸਕਿਆ ਰੋਕ।

ਦਰਿਆਵਾਂ ਐਸੇ ਰੁਖ਼ ਬਦਲੇ, ਕਿਆਸ ਨਾ ਸਕਿਆ ਕੋਈ,
ਐਸੀ ਉਥਲ ਪੁਥਲ ਇਸ ਧਰਤ 'ਤੇ, ਸਦੀਆਂ ਤੱਕ ਨਾ ਹੋਈ।

ਆਪੋ ਧਾਪੀ ਦੇ ਆਲਮ ਵਿਚ, ਰਿਸ਼ਤਿਆਂ ਦੀ ਟੁੱਟੀ ਤਾਣੀ,
ਦੇਖ, ਸੁਣ ਐਸੇ ਕਈ ਮੰਜ਼ਰ, ਫਿਰ ਅੱਖ ਆਇਆ ਪਾਣੀ।

ਮਾਨਵਤਾ ਦੇ ਦਰਦ ਨੇ ਟੁੰਬੀ, ਜ਼ਮੀਰ ਦਰਿਆ ਦਿਲਾਂ ਦੀ,
ਦਰਿਆਵਾਂ ਦਾ ਰੁਖ ਮੋੜ ਗਏ, ਲਾ ਬਾਜ਼ੀ ਵੁੱਲਾਂ ਤਿਲਾਂ ਦੀ।

ਜੋ ਸਰਿਆ ਸਭ ਪੇਸ਼ ਚਾ ਕੀਤਾ, ਦੁੱਖ ਵੰਡਾਇਆ ਸਭ ਦਾ,
ਐਸੀ ਕਰਨੀ ਵਾਲਾ ਮਨੁੱਖ ਵੀ, ਕਿਤੇ ਕਿਤੇ ਹੈ ਲੱਭਦਾ।

ਆਪ ਉੱਜੜ ਦੂਜੇ ਨੂੰ ਵਸਾਉਣਾ, ਕਈ ਐਸੇ ਵੀ ਨੇ ਪ੍ਰਾਣੀ,
ਤੱਕ ਕੁਰਬਾਨੀ ਐਸੀ ਅਨੋਖੀ, ਮੁੜ ਅੱਖ ਭਰਿਆ ਪਾਣੀ।

ਕੁਦਰਤ ਦਾ ਇਹ ਐਸਾ ਧੱਕਾ, ਸਹਿ ਕੇ ਫਿਰ ਉੱਠ ਤੁਰਨਾ,
ਨਹੀਂ ਹੈ ਸੌਖਾ ਕਿਸੇ ਲਈ ਵੀ, ਕਾਮਯਾਬੀ ਦਾ ਫੁਰਨਾ।

ਜੋ ਹਿੰਮਤ ਨਾ ਹਾਰਨ ਕਦੀ ਵੀ, ਉਹੀ ਮੰਜ਼ਿਲ ਪਾਉਂਦੇ,
ਸਫਲਤਾਵਾਂ ਦੇ ਇਤਿਹਾਸ ਕਈ ਉਹ, ਮੁੜ ਮੁੜ ਕੇ ਦੁਹਰਾਉਂਦੇ।

ਸੁਲਝ ਹੀ ਜਾਵੇਗੀ ਫੇਰ ਇੱਕ ਦਿਨ, ਉਲਝੀ ਹੋਈ ਇਹ ਤਾਣੀ,
ਤੰਦਾਂ ਪਾਉਣ ਵਾਲੇ ਵੱਲ ਤੱਕ ਕੇ, ਉਮਡਿਆ ਅੱਖ ਵਿਚ ਪਾਣੀ।

ਦੇਖ ਕੇ ਪਾਣੀ ਸਾਰੇ ਪਾਸੇ, ਅੱਖਾਂ ਵਿਚ ਆਇਆ ਪਾਣੀ,
ਦੱਸਣੀ ਕਦੀ ਨਾ ਸੌਖੀ ਹੋਣੀ, ਤਬਾਹੀ ਵਾਲੀ ਕਹਾਣੀ।



-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)

# "ਮੋਰਚਾ ਗੁਰੂ ਕਾ ਬਾਗ"

ਸ੍ਰੀ ਅੰਮ੍ਰਿਤਸਰ ਵਿਚ ਸੰਗਤਾਂ ਲਈ ਜੋ ਲੰਗਰ ਚਲਦੇ
ਗੁਰੂ ਕੇ ਬਾਗ 'ਚੋਂ ਲਿਆਕੇ ਲੱਕੜਾਂ ਸੀ ਚੁੱਲੇ ਬਲ਼ਦੇ
ਸੇਵਾ ਕਰਦੀਆਂ ਸੰਗਤਾਂ ਸੀ ਮਨ ਚਿੱਤ ਲਾਕੇ।
ਸਾਂਭ ਸੰਭਾਲ ਵੀ ਕਰਦੀਆਂ ਇਸ ਬਾਗ ਦੀ ਆ ਕੇ।

ਸ੍ਰੀ ਗੁਰੂ ਤੇਗ ਬਹਾਦਰ ਇਸ ਸਥਾਨ 'ਤੇ ਆਏ
ਗੁਰਮਤਿ ਦੇ ਸਤਿਗੁਰਾਂ ਨੇ ਉਪਦੇਸ ਸੁਣਾਏ
ਪੂਜਨੀਕ ਅਸਥਾਨ 'ਤੇ ਸਭ ਸੀਸ ਝੁਕਾਉਂਦੇ।
ਸਤਿਗੁਰ ਹੱਥ ਸਿਰ ਰੱਖ ਕੇ ਸਭ ਦੇ ਦੁੱਖ ਮਿਟਾਉਂਦੇ।

ਅੰਗਰੇਜ਼ੀ ਸਰਕਾਰ ਨੇ ਕਈ ਚਾਲਾਂ ਚੱਲੀਆਂ
ਮਹੰਤ ਅਪਣੇ ਥਾਪ ਕੇ ਕਈ ਥਾਵਾਂ ਮੱਲੀਆਂ
ਗੋਰਿਆਂ ਸੁੰਦਰ ਦਾਸ ਨੂੰ ਏਥੇ ਮਹੰਤ ਥਾਪਿਆ।
ਮਹੰਤ ਇਹ ਗੁਰੂ ਕੇ ਬਾਗ ਤੇ ਕਾਬਜ਼ ਹੁੰਦਾ ਜਾਪਿਆ।

ਰਹਿਤ ਮਰਿਆਦਾ ਤੋੜ ਕੇ ਕਰਦਾ ਮਨ ਆਈਆਂ
ਬਾਗ ਦੀਆਂ ਕਿੱਕਰਾਂ ਛਾਂਗਣੋ ਸੰਗਤਾਂ ਰੁਕਵਾਈਆਂ
ਕਹਿੰਦਾ ਇਹ ਬਾਗ ਹੈ ਬਣ ਗਿਆ ਸਰਕਾਰੀ।
ਲੱਕੜਾਂ ਭੇਜਣੋਂ ਲੰਗਰ ਲਈ ਕਰਦਾ ਇਨਕਾਰੀ।

ਇਲਾਕੇ ਦੀਆਂ ਸਿੱਖ ਸੰਗਤਾਂ ਨੇ ਮਤਾ ਪਕਾਇਆ
ਗੁਰਦੁਆਰਾ ਮਹੰਤ ਤੋਂ ਜਾਏ ਆਜ਼ਾਦ ਕਰਾਇਆ
ਸ੍ਰੀ ਅੰਮ੍ਰਿਤਸਰ ਤੋਂ ਅਕਾਲੀ ਸਿੰਘਾਂ ਦਾ ਜਥਾ ਸੀ ਆਇਆ।
ਦਾਨ ਸਿੰਘ ਵਿਛੋਆ ਦੀ ਅਗਵਾਈ ਵਿਚ ਸੀ ਮੋਰਚਾ ਲਾਇਆ।

ਸੱਦ ਕੇ ਪੁਲਿਸ ਮਹੰਤ ਨੇ ਸੀ ਕਰੀ ਤਿਆਰੀ
ਭੁੱਖੇ ਭਾਣੇ ਸਿੱਖ ਰੱਖ ਕੇ ਕੀਤਾ ਤਸ਼ੱਦਦ ਭਾਰੀ
ਫੜਕੇ ਵਾਲ ਘਸੀਟਿਆ ਕਈ ਪੁੱਠੇ ਟੰਗੇ।
ਪੁਲਿਸ ਨੇ ਡਾਂਗਾਂ ਮਾਰੀਆਂ ਕਰ ਪਿੰਡੇ ਨੰਗੇ।

ਕਦੇ ਨਾ ਸਿਦਕੋਂ ਡੋਲ ਦੇ ਸਿੰਘ ਗੁਰੂ ਦੇ ਪਿਆਰੇ
ਬੋਲੇ ਸੋ ਨਿਹਾਲ ਦੇ ਛੱਡ ਰਹੇ ਜੈਕਾਰੇ
ਸਾਲ 1921 ਦੀ ਘਟਨਾ ਹੈ ਸਾਰੀ।
ਸੰਗਤਾਂ ਚਰਨੀਂ ਢਹਿ ਪਏ ਜਾਬਰ ਸਰਕਾਰੀ।

ਫਤਹਿ ਕਰ ਲਿਆ ਮੋਰਚਾ ਸੁੰਦਰ ਦਾਸ ਨੂੰ ਕੱਢਿਆ
ਅੰਗਰੇਜ਼ਾਂ ਗੁਰੂ ਕੇ ਬਾਗ 'ਤੇ ਸੀ ਕਬਜ਼ਾ ਛੱਡਿਆ
ਮਲਕੀਤ ਸਿੰਘਾਂ ਇਹ ਰਹਿਮਤ ਹੈ ਸਤਿਗੁਰਾਂ ਦੀ ਸਾਰੀ।
ਸਾਰੇ ਮੋਰਚੇ ਫਤਹਿ ਹੋਏ ਫਿਰ ਵਾਰੋ ਵਾਰੀ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)

# ਗਜ਼ਲ

ਮੰਨਿਆ ਪੈਸਾ ਜਾਣਾ ਬੰਦੇ ਦੇ ਨਾਲ ਨਹੀਂ,
ਪਰ ਇਸ ਦੇ ਬਿਨ ਵੀ ਉਸ ਦੀ ਪੁੱਛ ਪੜਤਾਲ ਨਹੀਂ।
ਉਨ੍ਹਾਂ ਪੁੱਤਾਂ ਬਿਨ ਕੀ ਬੁੜ੍ਹਿਆ ਹੈ ਉਨ੍ਹਾਂ ਦਾ,
ਜਿਹੜੇ ਪੁੱਛਦੇ ਬੁੱਢੇ ਮਾਂ-ਪਿਉ ਦਾ ਹਾਲ ਨਹੀਂ।
ਤਾਂ ਹੀ ਮੁੰਡੇ ਬਦੇਸ਼ਾਂ ਨੂੰ ਜਾਈ ਜਾਂਦੇ ਨੇ,
ਜਦ ਇੱਥੇ ਉਨ੍ਹਾਂ ਨੂੰ ਮਿਲਦੀ ਰੋਟੀ ਦਾਲ ਨਹੀਂ।
ਨੇਤਾ ਤੇ ਬਾਬੇ ਇੱਥੇ ਐਸ਼ਾਂ ਕਰਦੇ ਨੇ,
ਪਰ ਮਜ਼ਦੂਰਾਂ ਦਾ ਬਹੁਤਾ ਚੰਗਾ ਹਾਲ ਨਹੀਂ।
ਇਸ ਸਾਲ ਹੜ੍ਹਾਂ ਨੇ ਖ਼ੂਬ ਤਬਾਹੀ ਕੀਤੀ ਹੈ,
ਲੋਕਾਂ ਨੂੰ ਯਾਰੋ ਕਦੇ ਭੁੱਲਣਾ ਇਹ ਸਾਲ ਨਹੀਂ।
ਉਹ ਸਾਹ ਲੈਣ ਲਈ ਸ਼ੁੱਧ ਹਵਾ ਨੂੰ ਤਰਸਣਗੇ,
ਜੋ ਹਾਲੇ ਕਰਦੇ ਰੁੱਖਾਂ ਦੀ ਸੰਭਾਲ ਨਹੀਂ।
ਆਸ ਬੜੀ ਰੱਖ ਕੇ ਉਹ ਮੇਰੇ ਘਰ ਆਇਆ ਹੈ,
ਲਾਰੇ ਲਾ ਕੇ ਮੈਂ ਉਸ ਨੂੰ ਸਕਦਾ ਟਾਲ ਨਹੀਂ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554
(Punjab Mail USA)

# ਸਫ਼ਰ ਜ਼ਿੰਦਗੀ ਦਾ

ਜਿਸ ਦਿਨ ਦੀ ਸੁਰਤ ਸੰਭਲੀ ਇਹ ਜੱਦੋ ਜਹਿਦ ਜਾਰੀ ਰਹੀ
ਸਾਰਾ ਦਿਨ ਕਿਰਤ ਕਰਕੇ ਮੂੰਹ ਨ੍ਹੇਰੇ ਘਰ ਮੁੜ ਆਵਣਾ
ਦਿਨ ਇੱਕ ਇੱਕ ਕਰਕੇ ਬੀਤਗੇ ਆਯੂ ਜੋ ਪੈਂਹਠ ਸਾਲ ਦੀ
ਦੋ ਘੱਟ ਕੀ ਦੋ ਵੱਧ ਕੀ ਹਰ ਰੋਜ਼ ਹਿਸਾਬ ਲਗਾਵਣਾਂ
ਲੱਗੀ ਨਾ ਸਮਝ 'ਦਿਆਲ' ਨੂੰ ਹੈ ਪਿਆ ਸ਼ਸ਼ੋਪੰਜ ਵਿੱਚ
ਤੁਹਾਨੂੰ ਵੀ ਮਹਿਫ਼ਲ ਵਾਲਿਓ ਬੁਝਾਰਤ ਓਹੀਓ ਪਾਵਣਾ
ਕਾਹਲਾ ਦੋਨਾਂ 'ਚੋਂ ਕੌਣ ਹੈ ਨਾ ਸਮਝ ਸਕਿਆ ਅੱਜ ਤੀਕ
ਕਿਹੜੀ ਚੀਜ਼ ਉਹ ਜਿਹੜੀ- ਅੱਜ ਤੀਕਰ ਸਮਝ ਨਹੀਂ ਆਈ
ਸਫ਼ਰ ਮੈਨੂੰ ਮੁਕਾਂਵਦਾ ਜਾਂ ਮੈਂ ਸਫ਼ਰ ਮੁਕਾਵਨਾਂ



-ਹਰਦਿਆਲ ਸਿੰਘ ਚੀਮਾ
(Punjab Mail USA)

# ਇਸ਼ਕਾ ਸਲਾਮ ਤੈਨੂੰ...

ਜੇ ਸਿਰ ਕਿਸੇ ਚੜ੍ਹ ਜਾਏ ਪਰਬਤ ਵੀ ਚੀਰ ਦੇਵੇ,
ਸਾੜ ਕੋਈ ਥਲਾਂ ਵਿਚ ਆਪਣਾ ਸਰੀਰ ਦੇਵੇ।
ਸ਼ਹਿਜ਼ਾਦਿਆਂ ਦੇ ਪਾਸੋਂ ਮੱਝਾਂ ਚਰਾ ਦਏ ਤੂੰ,
ਕੰਨਾਂ 'ਚ ਪਾ ਕੇ ਮੁੰਦਰਾਂ ਦਰ-ਦਰ ਮੰਗਾ ਦਏ ਤੂੰ।
ਦੇਂਦੀ ਹੈ ਦੁਨੀਆਂ ਰੱਬ ਤੋਂ ਦੂਜਾ ਮੁਕਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਦਿੱਤੀ ਕਿਸੇ ਆਹੂਤੀ ਕੱਚੇ ਘੜੇ 'ਤੇ ਤਰਕੇ,
ਯਾਰਾਂ ਤਾਈਂ ਖਲਾਇਆ ਪੱਟਾਂ ਦਾ ਮਾਸ ਧਰ ਕੇ।
ਦੇਖੇ ਨਾ ਕੋਈ ਦਿਨ ਨੂੰ ਦੇਖੇ ਨਾ ਰਾਤ ਕੋਈ,
ਦੇਖੇ ਨਾ ਤੂੰ ਉਮਰ ਨੂੰ ਪਰਖੇ ਨਾ ਜਾਤ ਕੋਈ।
ਚੜ੍ਹ ਕੇ ਕਿਸੇ ਨੇ ਸੂਲੀ ਦਿੱਤਾ ਅੰਜਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਘਰ-ਬਾਰ ਧਰਮ ਰਿਸ਼ਤੇ ਸਭ ਕੁਝ ਭੁਲਾ ਦਏ ਤੂੰ,
ਸ਼ੋਹਰਤ ਸਿਹਤ ਤੇ ਦੌਲਤ ਸਭ ਕੁਝ ਗਵਾ ਦਏ ਤੂੰ।
ਤੂੰ ਹੀ ਤੂੰ ਹੀ ਤੂੰ ਹੀ ਤੂੰ ਅਪਣੀ ਨਾ ਸਾਰ ਕੋਈ,
ਨਹੀਂ ਡਰ ਓਲ੍ਹਮਿਆਂ ਦਾ ਦੇਵੇ ਹਜ਼ਾਰ ਕੋਈ।
ਆਪਣੇ ਲਹੂ ਦਾ ਆਸ਼ਕ ਦੇਂਦੇ ਨੇ ਜਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਤੇਰੀ ਗਲੀ 'ਚ ਆਉਣਾ ਸਿਰ ਨੂੰ ਤਲੀ 'ਤੇ ਧਰਨਾ,
ਖ਼ੁਦ 'ਚੋਂ ਖ਼ੁਦੀ ਗਵਾ ਕੇ ਪੈਂਦਾ ਹੈ ਜੀਂਦੇ ਮਰਨਾ।
ਪਾਗਲ ਕਹੇ ਜ਼ਮਾਨਾ ਹੱਸ-ਹੱਸ ਕੇ ਟਾਲ ਦੇਣਾ,
ਖ਼ੁਦ ਹੌਕਿਆਂ ਦੀ ਅੱਗ ਵਿਚ ਸਧਰਾਂ ਨੂੰ ਬਾਲ਼ ਦੇਣਾ
ਦੁਨੀਆਂ ਦੀ ਹਰ ਨਿਆਮਤ ਸਭ ਕੁਝ ਹਰਾਸ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਇਕ ਧਾਰ ਆਪਣੇ ਤੋਂ ਦੁਨੀਆਂ ਨੂੰ ਹੇਚ ਜਾਣੇ,
ਛੱਡ ਕੇ ਤੇ ਬਾਦਸ਼ਾਹੀਆਂ ਦਰ-ਦਰ ਦੀ ਖਾਕ ਛਾਣੇ।
ਬੁੱਲ੍ਹੇ ਦੇ ਵਾਂਗ ਨੱਚ-ਨੱਚ ਤੈਨੂੰ ਕੋਈ ਮਨਾਏ,
ਦੁਨੀਆਂ ਤੋਂ ਹੋ ਬਰਕਤ ਤੇਰੇ ਹੀ ਗੀਤ ਗਾਏ।
ਆਖਣ ਸਿਆਣੇ 'ਦਰਦੀ' ਸਭ ਬੇਲਗਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।



-ਸਤਨਾਮ ਸਿੰਘ ਦਰਦੀ (ਚਾਨੀਆਂ-ਜਲੰਧਰ)
92569-73526
(Punjab Mail USA)

# ਇਹ ਜੱਗ ਚੱਲਣਹਾਰ

ਦਾਣਾ ਚੁਗਦਾ ਫਿਰਦੈ ਪੰਛੀ, ਇੱਕ ਦਿਨ ਹੈ ਤੁਰ ਜਾਣਾ,
ਇੱਕ ਡਾਲ੍ਹੀ ਤੋਂ ਦੂਜੀ ਡਾਲ੍ਹੀ, ਤੱਕ ਦਾ ਹੈ ਸਫ਼ਰ ਮੁਕਾਣਾ।
ਰਿਜ਼ਕ ਕਦੇ ਨ ਲੜ ਬੰਨ੍ਹਦੇ, ਹੈ ਚੱਲਦੇ ਦਰਵੇਸ਼-ਪਰਿੰਦੇ,
ਜਿੱਥੇ ਲਿਖਿਆ ਉੱਥੇ ਹੈ ਖਾਣਾ, ਫਿਰ ਕਿਉਂ ਤੜਫੇਂ ਜਿੰਦੇ ?

ਕਾਦਰ ਦੀ ਅਜਬ ਖੇਡ ਹੈ, ਖ਼ਾਲੀ ਹੱਥ ਘੱਲੇ-ਸਦਾਵੇ ,
ਮੂਰਖ ਫਸਕੇ ਝੂਠੀ 'ਮੈਂ' 'ਮੈਂ', ਅਜਾਈਂ ਉਮਰ ਗੁਆਵੇ।
ਮਾਪੇ ਭੁੱਲੇ ਰੱਬ ਵੀ ਭੁੱਲਿਆ, ਨ ਹੋਸ਼ ਟਿਕਾਣੇ ਰਹਿੰਦਾ,
ਸੁਫ਼ਨੇ ਲੈਂਦਾ ਹੈ ਮਾਇਆ ਦੇ, ਹਮੇਸ਼ਾਂ ਉੱਠਦਾ ਬਹਿੰਦਾ।

ਕਾਮ, ਕ੍ਰੋਧ, ਲੋਭ, ਮੋਹ ਨਿਕੰਮੇ, ਵੈਰੀ ਕਾਇਆ ਦੇ ਵੱਡੇ,
ਗਾਲ਼ ਲਈ ਕੰਚਨ ਕਾਇਆ, ਪਲ ਵੀ ਪਿੱਛਾ ਨ ਛੱਡੇ।
ਵਕਤੋਂ ਖੁੰਝੀ ਡੂੰਮਣੀ ਵਾਂਗਰਾਂ, ਕਿਤੇ ਪਏ ਨ ਪਛਤਾਣਾ,
ਸਿਰ ਪਈ ਦਾ ਕਰ ਉਪਾਅ, ਜੇ ਸੁਰਖ਼ਰੂ ਹੋ ਕੇ ਜਾਣਾ।

ਕੰਜੂਸਾਂ ਨੇ 'ਕੱਠੇ ਕਰ ਕਰ, ਭਰ ਤਿਜੌਰੀਆਂ ਰੱਖੀਆਂ,
ਨਾ ਖ਼ੁਦ ਖ਼ਰਚੇ ਨਾ ਖਾਧੇ, ਸਾਮੀ ਦੀ ਪਾੜਦੇ ਬੱਖੀਆਂ।
ਜੱਗ 'ਤੇ ਨਾਂ ਉਨ੍ਹਾਂ ਦਾ ਵੱਜੇ, ਜੋ ਨੇਕੀ-ਸੱਚ ਕਮਾਉਂਦੇ,
ਦਇਆ ਧਰਮ ਪੱਲੇ ਰੱਖਦੇ, ਤਰਸ ਗਰੀਬਾਂ 'ਤੇ ਖਾਂਦੇ।

ਰਾਜੇ ਰਾਣੇ ਜੱਗੋਂ ਤੁਰ ਗਏ, ਛੱਡ ਗਏ ਤੁੰਗ ਫ਼ਕੀਰ,
ਪਾਣੀ ਦੇ ਬੁਲਬੁਲੇ ਵਾਂਗਰਾਂ, ਮਿਟ ਜਾਣਾ ਹੈ ਅਖੀਰ।
ਦਰਿਆ ਕੰਢੇ ਕੰਧ ਰੇਤ ਦੀ, ਕਿੰਨਾ ਚਿਰ ਮੰਗੂ ਖੈਰ,
ਜੀਵਨ ਤਾਂ ਚੱਲਣੇ ਦਾ ਹੈ ਨਾਂ, ਰਹਿਣਾ ਖ਼ੁਦ ਨਾ ਗ਼ੈਰ।




-ਸੇਵਾ ਸਿੰਘ "ਨੂਰਪੁਰੀ"
(Punjab Mail USA)

# ਬੋਲ-ਕੁਬੋਲ

ਬੰਦਿਆ ਬੋਲ-ਕੁਬੋਲ ਨਾ ਬੋਲ।
ਬੋਲਣ ਤੋਂ ਤੂੰ ਪਹਿਲਾਂ ਤੋਲ।
ਉਹਦੇ ਵਿਚ ਸੰਤੁਸ਼ਟੀ ਰੱਖੀਂ,
ਜੋ ਕੁੱਝ ਵੀ ਹੈ ਤੇਰੇ ਕੋਲ।
ਦੁਜਿਆਂ ਦੇ ਤੱਕ ਮਹਿਲ-ਮੁਨਾਰੇ,
ਐਵੇਂ ਜਾਵੀਂ ਨਾ ਤੂੰ ਡੋਲ।
ਰੱਬ ਤਾਂ ਤੇਰੇ ਅੰਦਰ ਵੱਸਦਾ,
ਜੰਗਲਾਂ ਵਿਚ ਨਾ ਜਾ ਕੇ ਟੋਲ੍ਹ।
ਬਹੁਤੇ ਲੋਕ ਤਮਾਸ਼ਾ ਵੇਖਣ,
ਦਿਲ ਦਾ ਭੇਦ ਨਾ ਹਰ ਥਾਂ ਖੋਲ੍ਹ।
ਮਿੱਟੀ ਘੱਟੇ ਰੋਲ ਨਾ ਦੇਵੀਂ,
ਜ਼ਿੰਦਗੀ ਹੁੰਦੀ ਏ ਅਨਮੋਲ।
ਮਿੱਤਰ, ਮਿੱਤਰ ਨਹੀਂ ਉਹ ਹੁੰਦਾ,
ਮਿੱਤਰ ਦੀ ਜੋ ਖੋਲ੍ਹੇ ਪੋਲ।



ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ', ਯੂਬਾ ਸਿਟੀ
+1-360-448-1989
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567